Under Print
Not for Legal/Official use

**PUNJAB VIDHAN SABHA**

**DEBATES**

*Thursday, the 20th February, 2020*

Vol. XI No. 1

**OFFICIAL REPORT**


| | |
|---|---|
| Obituary References | (1) 1 |
| Short Adjournment of the House | (1) 8 |
| Starred Questions and Answers | (1) 9 |
| Welcome Announcement by the Speaker | (1) 16 |
| Starred Questions and Answers (*Resumption)* | (1) 17 |
| Written Answers to Starred Questions laid on the Table of the House under Rule 38 | (1) 60 |
| Unstarred Questions and Answers | (1) 65 |
| Announcement by the Chief Minister Reg. Behbal Kalan and Bargari Issue | (1) 98 |
| Announcement by the Speaker Reg. Panel of Chairmen | (1) 99 |
| Announcement by the Secretary | (1) 99 |
| Matters raised during Zero Hour and Statement made by the Chief Minister | (1) 99 |
| Call Attention Notices under Rule 66 | (1) 104 |
| Short Adjournment of the House **again** | (1) 117 |
| Presentation of the First Report of the Business Advisory Committee | (1) 118 |
| Presentation of Reports of the Committee | (1) 121 |
| Resolution Reg. Recommendation to the State Government to prepare a master plan to build sufficient and safe buildings for Government Primary and Elementary Schools in the State and sanction special funds for this purpose and also rope in the interested NRIs in this social project | (1) 121 |

Under Print
Not for Legal/Official use

Punjab Vidhan Sabha Secretariat, Chandigarh

Price. Rs...........

## ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | ਵਿਭਾਗ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ, ਸੂਚਨਾ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਸਾਇੰਸ ਤੇ ਤਕਨਾਲੋਜੀ, ਸੂਚਨਾ ਤਕਨਾਲੋਜੀ, ਸਰਕਾਰੀ ਸੁਧਾਰ, ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਥਾਨਕ ਸਰਕਾਰ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਣ ਮੰਤਰੀ |
| 3. | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ ਮੰਤਰੀ |
| 4. | ਸਰਦਾਰ ਸਾਧੂ ਸਿੰਘ | ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 5. | ਸ਼੍ਰੀ ਓਮ ਪ੍ਰਕਾਸ਼ ਸੋਨੀ | ਮੈਡੀਕਲ ਸਿੱਖਿਆ ਤੇ ਖੋਜ, ਅਜ਼ਾਦੀ ਘੁਲਾਟੀਏ, ਫੂਡ ਪ੍ਰਾਸੈਸਿੰਗ ਮੰਤਰੀ |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਪਸ਼ੂ ਪਾਲਣ, ਡੇਅਰੀ ਵਿਕਾਸ, ਮੱਛੀ ਪਾਲਣ ਅਤੇ ਉਚੇਰੀ ਸਿੱਖਿਆ ਮੰਤਰੀ |
| 7. | ਰਾਣਾ ਗੁਰਮੀਤ ਸਿੰਘ ਸੋਢੀ | ਖੇਡਾਂ ਤੇ ਯੁਵਕ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ |
| 8. | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ |
| 9. | ਸ਼੍ਰੀਮਤੀ ਅਰੁਨਾ ਚੌਧਰੀ | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ | ਜਲ ਸਪਲਾਈ ਤੇ ਸੈਨੀਟੇਸ਼ਨ (ਜਨ ਸਿਹਤ), ਟਰਾਂਸਪੋਰਟ ਮੰਤਰੀ |
| 11. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ | ਸਹਿਕਾਰਤਾ, ਜੇਲ੍ਹਾਂ ਮੰਤਰੀ |
| 12. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ | ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |

Under Print
Not for Legal/Official use

| | | |
|---|---|---|
| 13. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ |
| 14. | ਸਰਦਾਰ ਬਲਬੀਰ ਸਿੰਘ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ, ਕਿਰਤ ਮੰਤਰੀ |
| 15. | ਸ਼੍ਰੀ ਵਿਜੈ ਇੰਦਰ ਸਿੰਗਲਾ | ਸਿੱਖਿਆ, ਲੋਕ ਨਿਰਮਾਣ ਮੰਤਰੀ |
| 16. | ਸ਼੍ਰੀ ਸੁੰਦਰ ਸ਼ਾਮ ਅਰੋੜਾ | ਉਦਯੋਗ ਤੇ ਕਮਰਸ ਮੰਤਰੀ |
| 17. | ਸ਼੍ਰੀ ਭਾਰਤ ਭੂਸ਼ਣ ਆਸ਼ੂ | ਖੁਰਾਕ ਤੇ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਮੰਤਰੀ |

Under Print
Not for Legal/Official use

## PUNJAB VIDHAN SABHA

*Thursday, the 20th February, 2020*

*The Vidhan Sabha met in the Punjab Vidhan Sabha Hall, Vidhan Bhavan, Sector-1 Chandigarh at 11.00 A.M. Mr. Speaker (Rana Kanwar Pal Singh) in the Chair.*

## OBITUARY REFERENCES

**ਮਾਨਯੋਗ ਸਪੀਕਰ :** ਅਕਾਲ ਚਲਾਣਿਆਂ ਦਾ ਵਰਣਨ। ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ। ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ।

ਵਿਛੜੀਆਂ ਰੂਹਾਂ ਦੀ ਯਾਦ ਜਿਊਂਦੇ ਲੋਕਾਂ ਦੀ ਸੋਚ ਵਿੱਚ ਦਰਜ ਰਹਿੰਦੀ ਹੈ। ਜੇ ਅਸੀਂ ਜੀਵਨ ਚੰਗਿਆਈ ਨਾਲ ਬਿਤਾਇਆ ਹੋਵੇ ਤਾਂ ਮਰਨ ਤੋਂ ਬਾਅਦ ਵੀ ਅਸੀਂ ਲੋਕਾਂ ਦੀਆਂ ਯਾਦਾਂ ਵਿੱਚ ਜਿਊਂਦੇ ਰਹਿੰਦੇ ਹਾਂ।

ਕੁਝ ਅਜਿਹੀਆਂ ਹੀ ਸ਼ਖਸੀਅਤਾਂ, ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ, ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ, ਆਓ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਆਪਣੀ ਸ਼ਰਧਾਜਲੀ ਭੇਂਟ ਕਰੀਏ।

ਪੰਜਾਬ ਰਾਜ ਦੇ ਪੁਨਰਗਠਨ ਤੋਂ ਪਹਿਲਾਂ ਜੁਆਇੰਟ ਪੰਜਾਬ ਸਮੇਂ ਵਿਧਾਨ ਸਭਾ ਦੇ ਮੈਂਬਰ ਰਹੇ ਚੌਧਰੀ ਖੁਰਸ਼ੀਦ ਅਹਿਮਦ ਸਾਨੂੰ ਮਿਤੀ 17 ਫਰਵਰੀ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 20 ਜੂਨ, 1934 ਨੂੰ ਹੋਇਆ। ਉਹ ਅਣਵੰਡੇ ਪੰਜਾਬ ਸਮੇਂ 1962 ਵਿੱਚ ਕਾਂਗਰਸ ਪਾਰਟੀ ਵੱਲੋਂ ਹਲਕਾ ਨੂੰਹ (**ਹਰਿਆਣਾ**) ਤੋਂ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ ਅਤੇ ਉਹ ਉਸ ਸਮੇਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਸਾਥੀ ਰਹੇ। ਬਾਅਦ ਵਿੱਚ ਹਰਿਆਣਾ ਸਰਕਾਰ ਵਿੱਚ ਮੰਤਰੀ ਅਤੇ ਹਲਕਾ ਫਰੀਦਾਬਾਦ, ਹਰਿਆਣਾ ਤੋਂ ਲੋਕ ਸਭਾ ਦੇ ਮੈਂਬਰ ਵਜੋਂ ਵੀ ਉਨ੍ਹਾਂ ਨੇ ਸੇਵਾ ਨਿਭਾਈ। ਉਨ੍ਹਾਂ ਨੇ ਉਸ ਸਮੇਂ ਐਮ.ਏ., ਐਲ.ਐਲ.ਬੀ. ਤੱਕ ਵਿੱਦਿਆ ਹਾਸਲ ਕੀਤੀ ਸੀ ਅਤੇ ਉਨ੍ਹਾਂ ਨੇ ਕਾਫੀ ਦੇਰ ਇਕ ਵਕੀਲ ਦੇ ਤੌਰ ਤੇ ਸੁਪਰੀਮ ਕੋਰਟ ਵਿੱਚ ਪ੍ਰੈਕਟਿਸ ਵੀ ਕੀਤੀ। ਉਹ ਸਾਲ 1976 ਤੱਕ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਅਤੇ ਸਾਲ 1972 ਤੋਂ 1976 ਤੱਕ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੀ ਰਹੇ।

Under Print
Not for Legal/Official use

ਸ਼੍ਰੀ ਰਾਜ ਕੁਮਾਰ ਗੁਪਤਾ, ਸਾਬਕਾ ਵਿਧਾਇਕ ਸਾਨੂੰ ਮਿਤੀ 11 ਫਰਵਰੀ, 2020 ਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 10 ਜਨਵਰੀ, 1937 ਨੂੰ ਜਲੰਧਰ ਵਿਖੇ ਹੋਇਆ। ਉਨ੍ਹਾਂ ਨੇ ਐਫ.ਏ. ਤੱਕ ਵਿਦਿਆ ਹਾਸਲ ਕੀਤੀ। ਉਹ ਸਾਲ 2002 ਵਿੱਚ ਜਲੰਧਰ (ਕੇਂਦਰੀ) ਹਲਕੇ ਤੋਂ ਕਾਂਗਰਸ ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਹ ਪੰਜਾਬ ਵਿਧਾਨ ਸਭਾ ਦੀਆਂ ਵੱਖ-ਵੱਖ ਕਮੇਟੀਆਂ ਦੇ ਮੈਂਬਰ ਵੀ ਰਹੇ ਅਤੇ ਕਾਂਗਰਸ ਵਿਧਾਨ ਮੰਡਲ ਪਾਰਟੀ ਦੇ ਵ੍ਹਿਪ ਵਜੋਂ ਵੀ ਸੇਵਾ ਨਿਭਾਉਂਦੇ ਰਹੇ। ਇਸ ਤੋਂ ਇਲਾਵਾ ਉਨ੍ਹਾਂ ਨੇ ਨਗਰ ਪਾਲਿਕਾ, ਜਲੰਧਰ ਦੇ ਕੌਂਸਲਰ ਵਜੋਂ ਵੀ ਸੇਵਾ ਨਿਭਾਈ ਅਤੇ ਉਹ ਨਗਰ ਨਿਗਮ, ਜਲੰਧਰ ਵਿੱਚ ਵਿਰੋਧੀ ਧਿਰ ਦੇ ਨੇਤਾ ਵੀ ਰਹੇ। ਉਨ੍ਹਾਂ ਨੇ ਆਪਣੇ ਹਲਕੇ ਦੇ ਵਿਕਾਸ ਲਈ ਅਣਥੱਕ ਮਿਹਨਤ ਕੀਤੀ ਅਤੇ ਲੋਕ ਸੇਵਾ ਦੇ ਖੇਤਰ ਵਿੱਚ ਰਹਿੰਦਿਆਂ ਉਹ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਵੱਖ-ਵੱਖ ਮਹੱਤਵਪੂਰਨ ਅਹੁਦਿਆਂ ਤੇ ਰਹੇ।

ਸ਼੍ਰੀ ਅਸ਼ਵਨੀ ਕੁਮਾਰ ਚੋਪੜਾ, ਸੀਨੀਅਰ ਪੱਤਰਕਾਰ ਵੀ ਸਾਨੂੰ ਮਿਤੀ 18 ਜਨਵਰੀ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 11 ਜੂਨ, 1956 ਨੂੰ ਜਲੰਧਰ ਵਿਖੇ ਹੋਇਆ। ਉਹ ਸਾਲ 2014 ਤੋਂ 2019 ਤੱਕ ਸੰਸਦੀ ਹਲਕਾ ਕਰਨਾਲ ਤੋਂ ਲੋਕ ਸਭਾ ਦੇ ਮੈਂਬਰ ਰਹੇ। ਪੱਤਰਕਾਰੀ ਦੇ ਖੇਤਰ ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ ਹੈ ਅਤੇ ਉਹ ਪੰਜਾਬ ਕੇਸਰੀ ਪਬਲੀਕੇਸ਼ਨ, ਦਿੱਲੀ ਦੇ ਐਡੀਟਰ-ਇਨ-ਚੀਫ ਵੀ ਰਹੇ।

ਸਰਦਾਰ ਗੁਰਦੇਵ ਸਿੰਘ ਅਤੇ ਸਰਦਾਰ ਦਰਬਾਰਾ ਸਿੰਘ, ਦੋਨੋਂ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਸਭਨਾਂ ਨੂੰ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਅੱਜ ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।

ਡਾ. ਦਲੀਪ ਕੌਰ ਟਿਵਾਣਾ, ਮਹਾਨ ਪੰਜਾਬੀ ਲੇਖਿਕਾ ਵੀ ਸਾਨੂੰ ਮਿਤੀ 31 ਜਨਵਰੀ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 4 ਮਈ, 1935 ਨੂੰ ਪਿੰਡ ਰੱਬੋਂ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਹ ਐਮ.ਏ ਪੰਜਾਬੀ ਦੀ ਡਿਗਰੀ ਹਾਸਲ ਕਰਨ ਉਪਰੰਤ ਪੰਜਾਬੀ ਭਾਸ਼ਾ ਤੇ ਪੀ.ਐਚ.ਡੀ. ਕਰਨ ਵਾਲੀ ਪਹਿਲੀ ਮਹਿਲਾ ਸਨ। ਸਾਹਿਤਕ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਅਤੇ ਸੇਵਾਵਾਂ ਵਜੋਂ ਵੱਖ-ਵੱਖ ਪੁਰਸਕਾਰਾਂ ਤੋਂ ਇਲਾਵਾ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬੀ ਸਾਹਿਤ ਰਤਨ ਅਤੇ ਭਾਰਤ ਸਰਕਾਰ ਵੱਲੋਂ ਪਦਮਸ਼੍ਰੀ ਪੁਰਸਕਾਰ ਨਾਲ ਨਿਵਾਜਿਆ ਗਿਆ। ਪੰਜਾਬੀ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਆਜੀਵਨ ਫੈਲੋਸ਼ਿਪ ਸਮੇਤ

Under Print
Not for Legal/Official use

ਕੈਂਪਸ ਵਿਖੇ ਸਥਾਈ ਨਿਵਾਸ (ਰਾਈਟਰ ਇਨ ਰੈਜ਼ੀਡੈਂਸ) ਪ੍ਰਦਾਨ ਕੀਤਾ ਸੀ ਤਾਂ ਕਿ ਪੰਜਾਬੀ ਅਤੇ ਪੰਜਾਬ ਤੋਂ ਬਾਹਰੋਂ ਪਾਠਕ, ਲੇਖਕ ਤੇ ਵਿਦਿਆਰਥੀ ਉਨ੍ਹਾਂ ਨਾਲ ਸੰਪਰਕ ਰੱਖ ਸਕਣ ਅਤੇ ਸਮੇਂ-ਸਮੇਂ ਮਿਲ ਕੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰ ਸਕਣ।

ਡਾਕਟਰ ਜਸਵੰਤ ਸਿੰਘ ਕੰਵਲ, ਪ੍ਰਸਿੱਧ ਪੰਜਾਬੀ ਲੇਖਕ ਵੀ ਸਾਨੂੰ ਮਿਤੀ 01 ਫਰਵਰੀ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 27 ਜੂਨ, 1919 ਨੂੰ ਪਿੰਡ ਢੁੱਡੀਕੇ, ਜ਼ਿਲ੍ਹਾ ਮੋਗਾ ਵਿਖੇ ਹੋਇਆ। ਸਾਹਿਤਕ ਖੇਤਰ ਵਿੱਚ ਉਨ੍ਹਾਂ ਵਲੋਂ ਪਾਏ ਗਏ ਯੋਗਦਾਨ ਵਜੋਂ ਵੱਖ-ਵੱਖ ਪੁਰਸਕਾਰਾਂ ਤੋਂ ਇਲਾਵਾ 1990 ਵਿੱਚ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਨਾਲ ਨਿਵਾਜਿਆ ਗਿਆ। ਸਾਲ 1997 ਵਿੱਚ ਭਾਰਤ ਸਾਹਿਤ ਅਕਾਦਮੀ ਦੇ ਸਾਹਿਤਕ ਪੁਰਸਕਾਰ, ਸਰਵਸ਼੍ਰੇਸ਼ਟ ਸਾਹਿਤਕਾਰ ਪੁਰਸਕਾਰ ਅਤੇ ਸਾਲ 2000 ਵਿੱਚ ਗਿਆਨੀ ਲਾਲ ਸਿੰਘ ਯਾਦਗਾਰੀ ਪੁਰਸਕਾਰ ਅਤੇ ਸੰਤ ਸਿੰਘ ਸੇਖੋਂ ਯਾਦਗਾਰੀ ਪੁਰਸਕਾਰ ਨਾਲ ਨਿਵਾਜ਼ਿਆ ਗਿਆ। ਸਾਲ 2018 ਵਿੱਚ ਉਨ੍ਹਾਂ ਨੂੰ ਪੰਜਾਬ ਗੌਰਵ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਉਹ ਸਾਲ 1957 ਤੋਂ 1962 ਤੱਕ ਪਿੰਡ ਦੇ ਸਰਪੰਚ ਵੀ ਰਹੇ ਅਤੇ ਉਨ੍ਹਾਂ ਨੇ ਵੱਖ-ਵੱਖ ਸਾਹਿਤਕ ਸੰਸਥਾਵਾਂ ਦੇ ਅਹੁਦੇਦਾਰ ਵਜੋਂ ਵੀ ਸੇਵਾਵਾਂ ਨਿਭਾਈਆਂ।

ਸ਼੍ਰੀਮਤੀ ਲਾਚੀ ਬਾਵਾ, ਪੰਜਾਬੀ ਗਾਇਕਾ ਵੀ ਸਾਨੂੰ ਮਿਤੀ 13 ਫਰਵਰੀ, 2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 22 ਨਵੰਬਰ, 1971 ਨੂੰ ਅੰਮ੍ਰਿਤਸਰ ਵਿਖੇ ਹੋਇਆ। ਉਹ ਪੰਜਾਬੀ ਸੱਭਿਆਚਾਰ ਦੇ ਖੇਤਰ ਵਿੱਚ ਉੱਚ ਕੋਟੀ ਦੇ ਕਲਾਕਾਰ ਸਨ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸਖਸ਼ੀਅਤਾਂ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਇਨ੍ਹਾਂ ਸ਼ਖਸੀਅਤਾਂ ਤੋਂ ਇਲਾਵਾ ਮਿਤੀ 15 ਫਰਵਰੀ, 2020 ਨੂੰ ਲੌਂਗੋਵਾਲ ਵਿਖੇ ਸਕੂਲ ਵੈਨ ਹਾਦਸੇ ਵਿੱਚ ਮਾਰੇ ਗਏ ਚਾਰ ਛੋਟੇ ਬੱਚਿਆਂ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਦਾ ਵੀ ਗਹਿਰਾ ਸਦਮਾ ਹੋਇਆ ਹੈ।

ਇਨ੍ਹਾਂ ਤੋਂ ਇਲਾਵਾ ਇਕ ਨੌਜਵਾਨ ਪੱਤਰਕਾਰ ਸ਼੍ਰੀ ਅਮਨ ਬਰਾੜ ਵੀ ਮਿਤੀ 18 ਫਰਵਰੀ, 2020 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪਿਛਲੇ ਸਮੇਂ ਵਿੱਚ ਨਿਊਜ਼-18 ਚੈਨਲ ਵਿੱਚ ਬਤੌਰ ਸੀਨੀਅਰ

Under Print
Not for Legal/Official use

ਪੱਤਰਕਾਰ ਸੇਵਾਵਾਂ ਦੇ ਰਹੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। 23 ਸਾਲ ਦੀ ਉਮਰ ਵਿੱਚ ਉਨ੍ਹਾਂ ਦੇ ਬੇਵਕਤੀ ਸਦੀਵੀ ਵਿਛੋੜੇ ਦਾ ਵੀ ਸਾਨੂੰ ਗਹਿਰਾ ਦੁੱਖ ਹੈ।

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ)** : ਸਪੀਕਰ ਸਾਹਿਬ, ਤਰਨਤਾਰਨ ਵਿਖੇ ਨਗਰ ਕੀਰਤਨ ਦੌਰਾਨ ਆਤਿਸ਼ਬਾਜ਼ੀ ਦੀ ਦੁਰਘਟਨਾ ਵਿੱਚ ਮੌਤਾਂ ਹੋਈਆਂ ਹਨ, ਉਨ੍ਹਾਂ ਨੂੰ ਵੀ ਐਡ ਕਰ ਲਿਆ ਜਾਵੇ।

**ਮਾਨਯੋਗ ਸਪੀਕਰ** : ਸ਼ਾਮਲ ਕਰ ਲਿਆ ਜਾਵੇ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਵੈਸੇ ਤਾਂ ਲੋਂਗੋਵਾਲ ਐਕਸੀਡੈਂਟ ਵਾਲਿਆਂ ਨੂੰ ਐਡ ਕਰ ਲਿਆ ਗਿਆ ਹੈ ਪਰ ਇਨ੍ਹਾਂ ਬੱਚਿਆਂ ਨੂੰ by name add ਕਰ ਲਓ।

**ਮਾਨਯੋਗ ਸਪੀਕਰ :** ਇਹ ਕਰ ਦਿੰਦੇ ਹਾਂ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਦੂਜੀ ਗੱਲ, 27 ਕਿਸਾਨ ਜਿਨ੍ਹਾਂ ਨੂੰ ਕਰਜ਼ਾ ਮਾਫੀ ਨਹੀਂ ਮਿਲੀ, ਉਨ੍ਹਾਂ ਦੀ death ਹੋ ਗਈ ਹੈ, ਉਨ੍ਹਾਂ ਦੇ ਨਾਂ ਵੀ ਸ਼ਾਮਲ ਕਰ ਲਏ ਜਾਣ। ਮੈਂ ਉਨ੍ਹਾਂ ਦੇ ਨਾਂ ਵੀ ਲੈ ਕੇ ਆਇਆ ਹਾਂ। ਮੈਂ ਇਹ ਤੁਹਾਡੇ ਕੋਲ ਇੱਥੇ ਐਡਮਿਟ ਕਰਵਾ ਦਿੰਦਾ ਹਾਂ।

**ਮਾਨਯੋਗ ਸਪੀਕਰ** : ਇਹ allowed ਨਹੀਂ ਹੈ, ਬੱਚਿਆਂ ਵਾਲਾ allowed ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਬੱਚਿਆਂ ਦੇ ਨਾਂ ਸਿਮਰਜੀਤ ਸਿੰਘ, ਸੁਖਜੀਤ ਕੌਰ, ਨਵਜੋਤ ਕੌਰ ਅਤੇ ਅਰਾਧਿਆ ਹਨ।

**ਮਾਨਯੋਗ ਸਪੀਕਰ** : ਇਨ੍ਹਾਂ ਨੂੰ ਟੇਬਲ ਤੇ ਰੱਖ ਦਿਓ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲੋਂ ਸਬੰਧਿਤ ਜਾਣਕਾਰੀ ** ਹੱਥ ਲਿਖਤ ਰੂਪ ਵਿੱਚ ਸਦਨ ਦੀ ਟੇਬਲ ਤੇ ਰੱਖੀ ਗਈ।)

**ਸਰਦਾਰ ਨਵਤੇਜ ਸਿੰਘ ਚੀਮਾ :** ਸਪੀਕਰ ਸਾਹਿਬ, ਜ਼ਿਲ੍ਹਾ ਪ੍ਰੀਸ਼ਦ ਦੇ ਮੌਜੂਦਾ ਮੈਂਬਰ ਆਸਾ ਸਿੰਘ ਵਿਰਕ ਦੀ death ਹੋ ਗਈ ਹੈ, ਉਨ੍ਹਾਂ ਦਾ ਨਾਂ ਸ਼ਾਮਲ ਕਰ ਲਿਆ ਜਾਵੇ।

Mr. Speaker : Not allowed. ਹਾਂ ਜੀ, ਚੰਨੀ ਜੀ।

---

** Placed in the Approval Pages File

Under Print
Not for Legal/Official use

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ)** : ਸਪੀਕਰ ਸਾਹਿਬ, ਈਦੂ ਸ਼ਰੀਫ ਜੀ ਪੰਜਾਬ ਦੀ ਪਰੰਪਰਾ ਗਾਇਕੀ ਵਿੱਚ ਬਹੁਤ ਹੀ ਮਸ਼ਹੂਰ ਸਨ ਅਤੇ ਉਨ੍ਹਾਂ ਨੇ ਪੰਜਾਬ ਦੀ ਵਿਰਾਸਤ ਅਤੇ ਸਭਿਆਚਾਰ ਨੂੰ ਬਹੁਤ ਸਾਂਭ ਕੇ ਰੱਖਿਆ। ਉਨ੍ਹਾਂ ਦਾ ਨਾਂ ਕਿਰਪਾ ਕਰਕੇ ਸ਼ਾਮਲ ਕਰ ਲਿਆ ਜਾਵੇ।

Mr. Speaker : Thank you, Channi ji. ਇਨ੍ਹਾਂ ਦਾ ਨਾਂ ਐਡ ਕਰ ਲਿਆ ਜਾਵੇ।

**ਸਰਦਾਰ ਕੁਲਵੰਤ ਸਿੰਘ ਪੰਡੋਰੀ** : ਸਪੀਕਰ ਸਾਹਿਬ, ਮੇਰੇ ਹਲਕਾ ਸ਼ੇਰਪੁਰ ਤੋਂ ਸਰਦਾਰ ਗੁਰਦਿਆਲ ਸਿੰਘ ਸੀਤਲ, ਪੰਜਾਬੀ ਲੇਖਕ ਅਤੇ ਉੱਘੇ ਵਾਤਾਵਰਣ ਪ੍ਰੇਮੀ ਸਨ। ਉਨ੍ਹਾਂ ਨੇ ਲੱਖਾਂ ਦਰੱਖਤ ਤਿਆਰ ਕਰਕੇ ਇਲਾਕੇ ਵਿੱਚ ਲਗਾਏ ਹਨ। ਸਾਰਕ ਦੇਸ਼ਾਂ ਦੀ ਕਾਨਫਰੰਸ ਅਤੇ ਹੋਰ ਵਿੱਚ ਵੀ ਕਾਫੀ ਹਿੱਸਾ ਲੈ ਚੁੱਕੇ ਹਨ। ਉਨ੍ਹਾਂ ਦਾ ਨਾਂ ਵੀ ਸ਼ਾਮਲ ਕੀਤਾ ਜਾਵੇ।

Mr. Speaker : Not allowed.

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਸਰਦਾਰ ਗੁਰਮੇਲ ਸਿੰਘ ਚੰਦੜ, ਜਿਨ੍ਹਾਂ ਨੇ ਅਧਿਆਪਕ ਵਰਗ ਵਿੱਚ ਬਹੁਤ ਸਾਰੀਆਂ ਸੇਵਾਵਾਂ ਦਿੱਤੀਆਂ ਅਤੇ ਅਧਿਆਪਕ ਯੂਨੀਅਨ ਬਣਾਉਣ ਵਿੱਚ, ਅਧਿਆਪਕਾਂ ਦੇ ਹੱਕਾਂ ਵਾਸਤੇ ਸੰਘਰਸ਼ਾਂ ਲਈ ਬਹੁਤ ਲੰਬਾ ਸਮਾਂ ਸੰਘਰਸ਼ ਕੀਤਾ।

ਸਪੀਕਰ ਸਾਹਿਬ, ਖਾਸ ਕਰਕੇ 2010-11 ਵਿੱਚ ਇਨ੍ਹਾਂ ਨੇ ਸਰਕਾਰ ਨਾਲ ਚੰਗੇ ਢੰਗ ਨਾਲ ਗੱਲਬਾਤ ਕਰਕੇ 500 ਲੈਕਚਰਾਰਾਂ ਨੂੰ ਪ੍ਰਿੰਸੀਪਲ ਵਜੋਂ ਪਦ-ਉਨਤ ਕਰਵਾਇਆ। ਇਨ੍ਹਾਂ ਦਾ ਜਨਮ ਮਾਲੇਰਕੋਟਲਾ ਵਿੱਚ ਹੋਇਆ। ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਨਾਮ ਵੀ ਵਿੱਚ ਸ਼ਾਮਲ ਕਰ ਲਿਆ ਜਾਵੇ।

**Mr. Speaker**: Not allowed.

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਸਰਦਾਰ ਦਲਬੀਰ ਸਿੰਘ ਪੱਤਰਕਾਰ ਜੋ ਕਿ ਲੇਖਕ ਰਹੇ ਹਨ ਅਤੇ ਪੰਜਾਬ ਅਤੇ ਪੰਜਾਬੀਅਤ ਦੇ ਬੜੇ ਵੱਡੇ ਅਲੰਬਰਦਾਰ ਵੀ ਰਹੇ ਹਨ। ਇਹ ਫਿਲੌਰ ਦੇ ਨੇੜੇ ਗੰਨਾ ਪਿੰਡ ਤੋਂ ਸੀ। ਇਨ੍ਹਾਂ ਦਾ ਪੰਜਾਬ ਵਿੱਚ ਬੜਾ ਵੱਡਾ ਨਾਮ ਰਿਹਾ ਹੈ। ਕਿਰਪਾ ਕਰਕੇ ਇਨ੍ਹਾਂ ਦਾ ਨਾਮ ਵੀ ਸ਼ਾਮਲ ਕਰ ਲਿਆ ਜਾਵੇ।

**ਮਾਨਯੋਗ ਸਪੀਕਰ:** ਕਰ ਲਵਾਂਗੇ ਜੀ।

Under Print
Not for Legal/Official use

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਉਹ ਅਧਿਆਪਕ ਯੂਨੀਅਨ ਅਤੇ ਅਧਿਆਪਕਾਂ ਦੇ ਬੜੇ ਵੱਡੇ ਅਲੰਬਰਦਾਰ ਆਗੂ ਰਹੇ ਹਨ, ਉਹ ਨੇਸ਼ਨ ਬਿਲਡਰ ਵਜੋਂ ਜਾਣੇ ਗਏ । ਉਨ੍ਹਾਂ ਦਾ ਨਾਮ ਵੀ ਵਿੱਚ ਪਾ ਦਿਉ ਜੀ।

**ਮਾਨਯੋਗ ਸਪੀਕਰ:** ਟੀਨੂ ਜੀ, ਤੁਸੀਂ ਆਪਣੀ ਗੱਲ ਕਹਿ ਲਈ ਹੈ। ਥੈਂਕਿਊ।

**ਸਰਦਾਰ ਬਲਵਿੰਦਰ ਸਿੰਘ :** ਸਪੀਕਰ ਸਾਹਿਬ, ਸਰਦਾਰ ਹਰਭਜਨ ਸਿੰਘ ਮਲਿਕਪੁਰੀ, ਸੂਫੀਆਨਾ ਬਹੁਤ ਵਧੀਆ ਗਾਇਕ ਸੀ, ਉਨ੍ਹਾਂ ਦੀ ਪਰਸੋਂ ਡੈੱਥ ਹੋ ਗਈ ਹੈ, ਉਨ੍ਹਾਂ ਦਾ ਨਾਮ ਵੀ ਵਿੱਚ ਸ਼ਾਮਲ ਕਰ ਲਿਆ ਜਾਵੇ।

**ਮਾਨਯੋਗ ਸਪੀਕਰ:** ਨਹੀਂ ਜੀ, ਇਸ ਤਰ੍ਹਾਂ ਨਹੀਂ।

ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖ਼ਸ਼ੀਅਤਾਂ ਅਤੇ ਬੱਚਿਆਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ। ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ।

(ਅਵਾਜ਼ਾਂ : ਹਾਂ ਜੀ, ਹਾਂ ਜੀ)

ਹੁਣ, ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਲਈ ਮੌਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਉਪਰੰਤ ਸਮੂਹ ਸਦਨ ਨੇ ਵਿਛੜੀਆਂ ਰੂਹਾਂ ਦੀ ਆਤਮਾ ਦੀ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ।)

---

## SHORT ADJOURNMENT OF THE HOUSE

**ਮਾਨਯੋਗ ਸਪੀਕਰ:** ਧੰਨਵਾਦ ਜੀ। ਸਦਨ ਅੱਜ 12.00 ਵਜੇ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*11.13 ਵਜੇ ਪੂਰਵ ਦੁਪਹਿਰ (*ਇਸ ਉਪਰੰਤ ਸਦਨ 12.00 ਵਜੇ ਦੁਪਹਿਰ ਤੱਕ ਸਥਗਿਤ ਹੋ ਗਿਆ।)

Under Print
Not for Legal/Official use

---

*12.00 ਵਜੇ ਦੁਪਹਿਰ) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

## STARRED QUESTIONS AND ANSWERS

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ। ਸ਼੍ਰੀ ਮਦਨ ਲਾਲ ਜਲਾਲਪੁਰ ਜੀ।

### ਘਨੌਰ ਪੁਲਿਸ ਥਾਣੇ ਨੂੰ ਸ਼ਿਫਟ ਕਰਨਾ

***2518. ਸ਼੍ਰੀ ਮਦਨ ਲਾਲ ਜਲਾਲਪੁਰ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਘਨੌਰ ਪੁਲਿਸ ਥਾਣਾ ਜੋ ਕਿ ਬੱਸ ਸਟੈਂਡ ਦੇ ਨਾਲ ਹੈ ਨੂੰ ਬੱਸ ਸਟੈਂਡ ਤੋਂ ਦੂਰ ਸਰਕਾਰੀ ਥਾਂ ਤੇ ਸ਼ਿਫਟ ਕਰਨ ਦੀ ਕੋਈ ਤਜਵੀਜ਼ ਹੈ, ਜੇਕਰ ਨਹੀਂ ਤਾਂ ਕਿਉਂ?

**ਮੁੱਖ ਮੰਤਰੀ :** ਨਹੀਂ ਜੀ, ਪੁਲਿਸ ਥਾਣਾ ਘਨੌਰ ਦੀ ਇਮਾਰਤ ਸਾਲ 2005 ਵਿਚ ਉਸਾਰੀ ਗਈ ਸੀ ਜੋ ਕਿ ਬੱਸ ਸਟੈਂਡ ਘਨੌਰ ਦੇ ਨਾਲ ਲੱਗਦੀ ਹੋਣ ਕਾਰਨ ਸੁਰੱਖਿਅਤ ਜਗ੍ਹਾ ਉੱਤੇ ਸਥਿਤ ਹੈ। ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੁਲਿਸ ਸਟੇਸ਼ਨ ਦੀ ਇਹ ਬਿਲਡਿੰਗ ਸਾਲ 2005 ਵਿਚ ਬਣਾਈ ਗਈ ਸੀ। ਪ੍ਰੰਤੂ ਕਿਉਂਕਿ ਘਨੌਰ ਇਲਾਕਾ ਹੁਣ ਬਹੁਤ ਫੈਲ ਗਿਆ ਹੈ, ਇਸ ਲਈ ਇਹ ਬਿਲਡਿੰਗ ਹੁਣ ਬਹੁਤ compressed ਜਗ੍ਹਾ ਵਿਚ ਆ ਗਈ ਹੈ। ਸੋ, ਘਨੌਰ ਦੇ ਐਮ.ਐਲ.ਏ. ਸਾਹਿਬ ਨੇ ਸੁਝਾਅ ਦਿੱਤਾ ਹੈ ਕਿ ਸ਼ਹਿਰ ਦੇ ਬਾਹਰਲੇ ਪਾਸੇ ਮਿਉਂਸਿਪਲ ਕਾਰਪੋਰੇਸ਼ਨ ਦੀ ਬਿਲਡਿੰਗ ਵਿੱਚ ਇਸ ਪੁਲਿਸ ਸਟੇਸ਼ਨ ਦਾ ਤਬਾਦਲਾ ਕਰ ਦਿੱਤਾ ਜਾਵੇ ਅਤੇ ਪੁਲਿਸ ਸਟੇਸ਼ਨ ਵਾਲੀ ਬਿਲਡਿੰਗ ਵਿਚ ਮਿਉਂਸਿਪਲ ਕਾਰਪੋਰੇਸ਼ਨ ਦਾ ਤਬਾਦਲਾ ਕਰ ਦਿੱਤਾ ਜਾਵੇ। Its a possible workable solution ਮੈਂ ਆਪਣੇ ਵਿਭਾਗ ਨੂੰ ਕਹਾਂਗਾ ਕਿ ਇਸ ਨੂੰ ਦੇਖਣ। ਦੋਹਾਂ ਬਿਲਡਿੰਗਾਂ ਦਾ ਏਰੀਆ ਬਰਾਬਰ ਹੈ। ਕਿਉਂਕਿ ਕੋਈ ਨਵੀਂ ਬਿਲਡਿੰਗ ਨਹੀਂ ਬਣਨੀ ਸਿਰਫ ਲੋਕੇਸ਼ਨ ਬਦਲਣੀ ਹੈ so I will ask the Home Department to go into it ਅਸੀਂ ਮੈਂਬਰ ਸਾਹਿਬ ਦੀ ਇਸ ਸਮੱਸਿਆ ਦਾ ਹੱਲ ਕੱਢਣ ਦੀ ਪੂਰੀ ਕੋਸ਼ਿਸ਼ ਕਰਾਂਗੇ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਆਪਣੀ ਵਧੀਆ ਸੋਚ ਨਾਲ ਇਹ ਜਿਹੜਾ ਬੜੀ ਦੇਰ ਤੋਂ ਮਸਲਾ ਉਲਝਿਆ ਹੋਇਆ ਸੀ, ਹੱਲ ਕਰ ਦਿੱਤਾ ਹੈ। ਇਸ ਨਾਲ ਲੋਕਾਂ ਨੂੰ ਰਾਹਤ ਮਿਲੇਗੀ। ਇਹ ਲੋਕਾਂ ਦੀ ਬਹੁਤ ਦੇਰ ਤੋਂ ਮੰਗ ਸੀ, ਜਿਹੜੀ

Under Print
Not for Legal/Official use

ਮੁੱਖ ਮੰਤਰੀ ਜੀ ਨੇ ਪੂਰੀ ਕੀਤੀ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਧੰਨਵਾਦ ਜੀ।

---

**ਅੰਮ੍ਰਿਤਸਰ ਦੇ ਬੀ.ਆਰ.ਟੀ.ਐਸ. ਪ੍ਰੋਜੈਕਟ ਅਧੀਨ ਬੱਸਾਂ ਦੀਆਂ ਟਿਕਟਾਂ ਦੀ ਕੀਮਤ**

***2397 ਸ਼੍ਰੀ ਸੁਨੀਲ ਦੱਤੀ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਕੀ ਇਹ ਠੀਕ ਹੈ ਕਿ ਸਰਕਾਰ ਦੁਆਰਾ ਅੰਮ੍ਰਿਤਸਰ ਸ਼ਹਿਰ ਵਿਚ ਬੀ.ਆਰ.ਟੀ.ਐਸ. ਪ੍ਰੋਜੈਕਟ ਅਧੀਨ ਚਲਾਈਆਂ ਜਾ ਰਹੀਆਂ 95 ਬੱਸਾਂ ਟਿਕਟਾਂ ਦੀ ਬਹੁਤ ਜ਼ਿਆਦਾ ਕੀਮਤ ਹੋਣ ਕਰਕੇ ਘਾਟੇ ਵਿਚ ਚੱਲ ਰਹੀਆਂ ਹਨ?

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਟਿਕਟਾਂ ਦੀਆਂ ਕੀਮਤਾਂ ਘਟਾਉਣ ਅਤੇ ਪ੍ਰੋਜੈਕਟ ਨੂੰ ਜਨਤਕ ਹਿੱਤਾਂ ਵਿਚ ਚਾਲੂ ਰੱਖਣ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ?

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਵਿੱਤ ਮੰਤਰੀ) :**

**ਭਾਗ ੳ)** ਜੀ ਨਹੀਂ, ਬੀ.ਆਰ.ਟੀ.ਐਸ. ਬੱਸਾਂ ਜ਼ਿਆਦਾ ਕਿਰਾਏ ਦੇ ਕਾਰਨ ਨੁਕਸਾਨ ਵਿਚ ਨਹੀਂ ਚੱਲ ਰਹੀਆਂ ਹਨ। ਟਰਾਂਸਪੋਰਟ ਵਿਭਾਗ ਨੇ ਮਿਤੀ 02.12.2016 ਨੂੰ ਕਿਰਾਇਆ ਨਿਰਧਾਰਤ ਕਰਨ ਦੀ ਨੋਟੀਫਿਕੇਸ਼ਨ ਜਾਰੀ ਕੀਤੀ ਸੀ। ਬੱਸ ਕਿਰਾਏ ਦੀਆਂ ਦਰਾਂ ਕਾਫੀ ਜ਼ਿਆਦਾ ਹੋਣ ਕਰਕੇ ਮਿਤੀ 23.04.2019 ਨੂੰ ਇਹ ਦਰਾਂ ਘਟਾ ਦਿੱਤੀਆਂ ਗਈਆਂ ਸਨ, ਜਿਨ੍ਹਾਂ ਦਾ ਕਿਰਾਇਆ ਹੇਠ ਲਿਖੇ ਅਨੁਸਾਰ ਹੈ:-

| ਕਿ:ਮੀ: ਸਲੈਬ | ਬੀ.ਆਰ.ਟੀ.ਐਸ. ਅੰਮ੍ਰਿਤਸਰ ਲਈ ਕਿਰਾਏ ਦੀਆਂ ਕੀਮਤਾਂ |
|---|---|
| 0 ਤੋਂ 3 | 5 ਰੁਪਏ |
| 3 ਤੋਂ ਉੱਪਰ ਅਤੇ 6 ਤੱਕ | 10 ਰੁਪਏ |
| 6 ਤੋਂ ਉੱਪਰ ਅਤੇ 12 ਤੱਕ | 15 ਰੁਪਏ |

| | |
|---|---|
| 12 ਤੋਂ ਉੱਪਰ ਅਤੇ 20 ਤੱਕ | 20 ਰੁਪਏ |
| 20 ਤੋਂ ਉਪਰ | 20 ਰੁਪਏ + 1 ਰੁਪਏ ਪ੍ਰਤੀ ਕਿਲੋਮੀਟਰ |

ਇਹ ਰੇਟ ਦੇਸ਼ ਦੇ ਵੱਖ ਵੱਖ ਸ਼ਹਿਰਾਂ ਜਿਵੇਂ ਕਿ ਅਹਿਮਦਾਬਾਦ, ਇੰਦੌਰ, ਪੁਣੇ ਅਤੇ ਜੈਪੁਰ ਵਿਚ ਚੱਲ ਰਹੇ ਬੀ.ਆਰ.ਟੀ.ਐਸ. ਪ੍ਰੋਜੈਕਟ ਦੇ ਮੁਕਾਬਲੇ ਵਿਚ ਬਰਾਬਰ ਜਾਂ ਉਨ੍ਹਾਂ ਤੋਂ ਘੱਟ ਹਨ।

**ਭਾਗ ਅ)** ਜੀ ਨਹੀਂ। ਅੰਮ੍ਰਿਤਸਰ ਸ਼ਹਿਰ ਵਿਚ ਬੀ.ਆਰ.ਟੀ.ਐਸ. ਪ੍ਰੋਜੈਕਟ ਅਧੀਨ ਚਲਾਈਆਂ ਜਾ ਰਹੀਆਂ 93 ਬੱਸਾਂ ਦੇ ਕਿਰਾਏ ਘਟਾਉਣ ਸਬੰਧੀ ਹਾਲੇ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਜੀ।

ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਬੀ.ਆਰ.ਟੀ.ਐਸ. ਪ੍ਰਾਜੈਕਟ ਇਸ ਵੇਲੇ ਓਪਰੇਸ਼ਨਲ ਲੌਸਿਸ ਵਿਚ ਚੱਲ ਰਿਹਾ ਹੈ। ਇਸ ਦਾ ਇਕ ਮਹੀਨੇ ਦਾ ਘਾਟਾ ਤਿੰਨ ਕਰੋੜ ਦਾ ਹੈ। ਸਪੀਕਰ ਸਾਹਿਬ, ਦੁਨੀਆਂ ਅਤੇ ਪੂਰੇ ਹਿੰਦੂਸਤਾਨ ਵਿਚ ਜਿਨੀਆਂ ਵੀ ਟਰੇਨ ਜਾਂ ਬੱਸ ਸਰਵਿਸਿਜ਼ ਹਨ, ਮੈਟਰੋ ਸਰਵਿਸਿਜ਼ ਹਨ, ਕਿਉਂਕਿ ਇਹ ਪਬਲਿਕ ਸਰਵਿਸਿਜ਼ ਹੁੰਦੀਆਂ ਹਨ, ਸਪੀਕਰ ਸਾਹਿਬ, ਇਹ ਘਾਟੇ ਵਿਚ ਜਾਂਦੀਆਂ ਹਨ। ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਹੋਰ ਬੀ.ਆਰ.ਟੀ.ਐਸ. ਹਿੰਦੁਸਤਾਨ ਵਿਚ ਚੱਲ ਰਹੀਆਂ ਹਨ, ਭਾਵੇਂ ਅਹਿਮਦਾਬਾਦ, ਪੂਨੇ, ਜੈਪੁਰ ਜਾਂ ਹੋਰ ਸ਼ਹਿਰ ਵਿਚ ਚੱਲ ਰਹੀਆਂ ਹਨ, ਉਨ੍ਹਾਂ ਦੇ ਮੁਕਾਬਲੇ ਸਭ ਤੋਂ ਘੱਟ ਕਿਰਾਇਆ ਅੰਮ੍ਰਿਤਸਰ ਦਾ ਹੈ। ਪਰ ਕਿਉਂਕਿ ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ ਜੇਕਰ ਕਿਰਾਇਆ ਹੋਰ ਘਟਾ ਦਿੱਤਾ ਜਾਵੇ ਤਾਂ ਹੋ ਸਕਦਾ ਹੈ ਕਿ ਇਹ ਬੀ.ਆਰ.ਟੀ.ਐਸ. ਸਕੀਮ ਕਾਮਯਾਬ ਹੋ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਕੂਲ ਸਟੂਡੈਂਟਸ ਵਾਸਤੇ ਇਹ ਬਿਲਕੁਲ ਫਰੀ ਹੈ। ਕਾਲਜ ਸਟੂਡੈਂਟਸ ਲਈ 66 ਫੀਸਦੀ ਕੰਨਸੈਸ਼ਨ ਹੈ, ਸੀਨੀਅਰ ਸਿਟੀਜ਼ਨਜ਼ ਨੂੰ 50 ਫੀਸਦੀ ਕੰਨਸੈਸ਼ਨ ਹੈ। ਸਪੀਕਰ ਸਾਹਿਬ, ਇਸ ਦਾ ਕਿਰਾਇਆ ਤਕਰੀਬਨ ਇਕ ਰੁਪਿਆ ਕਿਲੋਮੀਟਰ ਹੈ। ਸਾਡੀ ਪੁਰਖਲੂਸ ਅਤੇ ਪੁਰਜ਼ੋਰ ਕੋਸ਼ਿਸ਼ ਹੈ ਕਿ ਇਸ ਨੂੰ ਬਿਹਤਰ ਤੋਂ ਬਿਹਤਰ ਕੀਤਾ ਜਾਵੇ ਅਤੇ ਲੋਕ ਆਪਣੇ ਵਾਹਨ ਨਾ ਵਰਤਣ। ਲੋਕ ਬੀ.ਆਰ.ਟੀ.ਐਸ. ਦੀਆਂ ਬੱਸਾਂ ਵਿਚ ਸਫਰ ਕਰਨ ਨੂੰ ਤਰਜੀਹ ਦੇਣ। ਇਸ ਤੋਂ ਇਲਾਵਾ ਲੋਕਾਂ ਦੇ ਵਿਚ ਅਵੇਅਰਨੈਸ ਹੋਵੇ। ਜਿਹੜੀ ਬੱਸਾਂ ਨੂੰ ਡੈੱਡ ਮਾਈਲੇਜ ਪੈਂਦੀ ਹੈ, ਜਿਵੇਂ ਕਿ ਬੱਸ ਅੱਡੇ ਤੋਂ ਆਪਣੇ ਡਿਪੂ ਵਿਚ ਜਾਣ ਦੀ, ਉਸ ਨੂੰ ਘਟਾਉਣ ਬਾਰੇ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ । ਸੋ, ਸਾਡੀ ਹਰ ਲਿਹਾਜ਼ ਨਾਲ ਇਹ ਕੋਸ਼ਿਸ਼ ਹੈ ਕਿ ਇਸ ਨੂੰ ਠੀਕ ਕਰ ਸਕੀਏ। ਸਪੀਕਰ ਸਾਹਿਬ, I am aware ਕਿ ਇਹ

Under Print
Not for Legal/Official use

ਘਾਟੇ ਕਦੇ ਪੂਰੇ ਨਹੀਂ ਹੋਣਗੇ। ਇਸ ਲਈ ਇਕ ਅਰਬਨ ਮਿਊਂਸਿਪਲ ਟਰਾਂਸਪੋਰਟੇਸ਼ਨ ਫੰਡ ਪੰਜਾਬ ਸਰਕਾਰ ਨੇ ਕਾਇਮ ਕੀਤਾ ਹੈ। ਇਸ ਵਿਚ ਜਿੰਨਾ ਪੰਜਾਬ ਵਿਚ ਡੀਜ਼ਲ ਜਾਂ ਪੈਟਰੋਲ ਵਿਕਦਾ ਹੈ, ਉਸ ਵਿਚੋਂ 10 ਪੈਸੇ ਇਸ ਫੰਡ ਨੂੰ ਜਾਂਦੇ ਹਨ। ਜੇ ਮੈਂਬਰ ਸਾਹਿਬ ਇਹ ਮਹਿਸੂਸ ਕਰਦੇ ਹਨ ਕਿ ਇਕ ਰੁਪਿਆ ਕਿਲੋਮੀਟਰ ਕਿਰਾਇਆ ਵੀ ਜ਼ਿਆਦਾ ਹੈ ਤੇ ਇਸ ਨੂੰ ਘਟਾ ਲਿਆ ਜਾਵੇ ਤਾਂ Government is willing to look into it ਕਿਉਂਕਿ ਇਹ ਮੁਕਾਮੀ ਉਥੋਂ ਦੇ ਰਹਿਣ ਵਾਲੇ ਹਨ। ਮੈਂ ਇਨ੍ਹਾਂ ਨਾਲ ਅਤੇ ਜਿੰਨੇ ਵੀ ਅੰਮ੍ਰਿਤਸਰ ਦੇ ਐਮ.ਐਲ.ਏ. ਸਾਹਿਬਾਨ ਹਨ, ਉਨ੍ਹਾਂ ਨਾਲ ਇਕ ਖਸੂਸੀ ਮੀਟਿੰਗ ਰੱਖ ਲਵਾਂਗਾ। ਜਿਵੇਂ ਵੀ ਅਸੀਂ ਇਸ ਨੂੰ ਹੋਰ ਬਿਹਤਰ ਬਣਾ ਸਕਦੇ ਹਾਂ, ਅਸੀਂ ਕਰਾਂਗੇ। ਜੇ ਇਸ ਨੂੰ ਹੋਰ ਬਿਹਤਰ ਕਰਨਾ ਹੈ ਤਾਂ ਇੱਕ toothcomb ਤਰੀਕੇ ਨਾਲ ਦੇਖਾਂਗੇ। ਜਿਵੇਂ ਵੀ ਇਸ ਨੂੰ ਬਿਹਤਰ ਕਰਵਾ ਸਕਦੇ ਹਾਂ ਕਰਵਾਵਾਂਗੇ। But government is willing to consider even lowering the fare. ਇਸ ਤੋਂ ਵੀ ਘੱਟ ਕਿਰਾਇਆ, ਪਰ ਸਾਡੀ ਇਹ ਕੋਸ਼ਿਸ਼ ਹੈ ਕਿ ਇਸ ਨੂੰ ਬੰਦ ਨਾ ਕਰੀਏ ਇਹ ਚੱਲਦੀ ਰਹੇ।

**ਸ਼੍ਰੀ ਸੁਨੀਲ ਦੱਤੀ:** ਧੰਨਵਾਦ ਜੀ। ਸਪੀਕਰ ਸਾਹਿਬ, ਸਾਡੇ ਮੰਤਰੀ ਸਾਹਿਬ ਬੜੇ ਸੂਝਵਾਨ ਹਨ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਹੀ ਨਹੀਂ ਚਾਹੁੰਦਾ ਬਲਕਿ ਸਲਾਹ ਵੀ ਦੇਣੀ ਚਾਹਾਂਗਾ ਕਿ ਪ੍ਰੋਜੈਕਟ 550 ਕਰੋੜ ਰੁਪਏ ਦਾ ਹੈ। ਅੰਮ੍ਰਿਤਸਰ ਸ਼ਹਿਰ ਦੇ ਵਿੱਚ no doubt 80# infrastructure ਤੇ ਪੈਸੇ ਲੱਗੇ ਹਨ। ਮੈਂ ਰੋਜ਼ਾਨਾ ਦੇਖਦਾ ਹਾਂ ਕਿ 95 ਤੋਂ 100 ਬੱਸਾਂ ਦਾ ਕਰੀਬ 3 ਮਿੰਟ ਦੀ ਸਰਵਿਸ ਵਿੱਚ ਜੇ ਬੱਸ ਕਿਤੇ ਰੁੱਕ ਗਈ, ਪਿੱਛੇ ਪੰਜ ਪੰਜ ਬੱਸਾਂ ਲਾਈਨਾਂ ਵਿੱਚ ਖੜ੍ਹੀਆਂ ਹੁੰਦੀਆਂ ਅਤੇ ਉਸ ਵਿੱਚ 2-2 ਸਵਾਰੀਆਂ ਬੈਠਦੀਆਂ ਹਨ। ਟਰਾਇਲ ਬੇਸ ਤੇ ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਇਸ ਦੀ ਸ਼ੁਰੂਆਤ ਕੀਤੀ ਗਈ ਤਾਂ 80,000 ਤੋਂ ਵੀ ਜ਼ਿਆਦਾ passengers ਨੇ ਇਸ ਦੀ ਸੁਵਿਧਾ ਲੈਣੀ ਸ਼ੁਰੂ ਕਰ ਦਿੱਤੀ। ਠੀਕ ਹੈ ਕਿ ਪੰਜਾਬ ਗੌਰਮਿੰਟ ਨੇ ਬੱਚਿਆਂ ਦਾ, ਜਿਹੜੇ ਸਟੂਡੈਂਟਸ ਹਨ, ਉਨ੍ਹਾਂ ਦਾ ਕਿਰਾਇਆ 50% ਕੀਤਾ ਹੈ। ਸਹੂਲਤਾਂ ਤਾਂ ਕਾਫੀ ਹਨ। ਇਨ੍ਹਾਂ ਸਹੂਲਤਾਂ ਨੂੰ ਚਲਦੇ ਵੀ ਰਹਿਣਾ ਚਾਹੀਦਾ ਹੈ ਕਿਉਂਕਿ ਅੰਮ੍ਰਿਤਸਰ Heritage City ਹੈ। AQI (Air Quality Index), Amritsar ਦਾ ਕੋਈ ਬਿਹਤਰ ਨਹੀਂ ਹੈ। ਅੰਮ੍ਰਿਤਸਰ ਵਿੱਚ 70,000 ਆਟੋ ਚਲਦਾ ਹੈ। ਇੰਦੌਰ, ਪੂਨੇ ਦੇ ਵੀ ਪ੍ਰੋਜੈਕਟ ਕੋਈ ਬਿਹਤਰ ਹਾਲਾਤਾਂ ਵਿੱਚ ਨਹੀਂ ਚੱਲ ਰਹੇ ਹਨ।

**ਮਾਨਯੋਗ ਸਪੀਕਰ:** ਤੁਸੀਂ ਪੁੱਛਣਾ ਕੀ ਚਾਹੁੰਦੇ ਹੋ?

Under Print
Not for Legal/Official use

**ਸ਼੍ਰੀ ਸੁਨੀਲ ਦੱਤੀ:** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸਾਡੀ State Transport Policy ਹੈ, ਇਸ 1.49 ਪੈਸੇ ਇਸ ਵਿੱਚ VSC ਬੱਸਾਂ ਚੱਲਦੀਆਂ ਹਨ। ਪ੍ਰੋਬਲਮ ਇਹ ਹੈ ਕਿ 3 ਕਿਲੋਮੀਟਰ ਸਲੈਬ ਤੋਂ ਜੇ 3.1 ਕਿਲੋਮੀਟਰ ਸਲੈਬ ਹੋ ਜਾਂਦੀ ਹੈ ਤਾਂ ਕਿਰਾਇਆ 5 ਰੁਪਏ ਵਾਲਾ 10 ਰੁਪਏ ਹੋ ਜਾਂਦਾ ਹੈ। ਜੇ 6 ਕਿਲੋਮੀਟਰ ਸਲੈਬ ਤੋਂ ਪੁਆਇੰਟ ਉਪਰ ਹੋ ਜਾਂਦਾ ਹੈ ਤਾਂ ਕਿਰਾਇਆ 15 ਰੁਪਏ ਹੋ ਜਾਂਦਾ ਹੈ। ਜੇ ਅਸੀਂ ਇਸ ਦਾ ਸਲੈਬ 1.49 ਪੈਸੇ ਕਰ ਦੇਈਏ ਤਾਂ ਮੈਂ ਸਮਝਦਾ ਹਾਂ ਕਿ 5 ਰੁਪਏ ਸਲੈਬ ਰੇਟ ਬਣ ਜਾਏਗਾ। ਇਸ ਨਾਲ passengers ਵੱਧ ਜਾਣਗੇ।

**ਮਾਨਯੋਗ ਸਪੀਕਰ:** ਦੱਤੀ ਜੀ, ਵਿੱਤ ਮੰਤਰੀ ਜੀ ਨੇ ਜਵਾਬ ਵਿੱਚ ਇਹ ਕਿਹਾ ਹੈ ਕਿ ਅਸੀਂ ਵਿਚਾਰ ਕਰਨ ਨੂੰ ਤਿਆਰ ਹਾਂ।

**ਸ਼੍ਰੀ ਸੁਨੀਲ ਦੱਤੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਧੰਨਵਾਦ ਕੀਤਾ ਹੈ ਜੀ। ਮੈਂ ਸਦਨ ਦੇ ਵਿੱਚ ਇਹ ਗੱਲ ਰੱਖਣੀ ਚਾਹੁੰਦਾ ਸੀ ਕਿ ਇਸ ਪਾਲਿਸੀ ਨੂੰ ਲਾਗੂ ਕਰ ਦਿੱਤਾ ਜਾਵੇ। ਇਸ ਨਾਲ ਸ਼ਾਇਦ ਇਸ ਪ੍ਰੋਜੈਕਟ ਦੇ ਬਿਹਤਰ ਰਿਜ਼ਲਟ ਨਿਕਲਣਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮਾਨਯੋਗ ਸਪੀਕਰ ਸਾਹਿਬ, ਮੇਰੀ ਸਰਕਾਰ ਨੂੰ ਇਹ ਬੇਨਤੀ ਹੈ, ਇਹ ਤਾਂ ਚਲੋ ਇਨ੍ਹਾਂ ਨੂੰ ਪਤਾ ਹੀ ਹੈ ਕਿ Best Mass Transit Award ਇਸ ਨੂੰ ਮਿਲਿਆ ਹੈ, ਜਿਹੜੇ BRTS Project ਦੇਸ਼ ਵਿੱਚ ਚਲਦੇ ਹਨ। ਵਜ਼ੀਰ ਸਾਹਿਬ ਨੇ ਥੋੜ੍ਹਾ ਜਿਹਾ ਵਿਸ਼ਵਾਸ ਵੀ ਦਿਵਾਇਆ ਹੈ। ਮੈਂ ਚਾਹੁੰਦਾ ਹਾਂ ਕਿ ਜਿਹੜੇ ਕਾਲਜ ਸਟੂਡੈਂਟਸ ਹਨ, ਉਨ੍ਹਾਂ ਦਾ ਕਿਰਾਇਆ ਵੀ ਸਕੂਲੀ ਬੱਚਿਆਂ ਦੇ ਵਾਂਗੂ ਮੁਆਫ ਕਰ ਦਿੱਤਾ ਜਾਵੇ। ਦੂਜੀ ਗੱਲ, ਲੱਖ, ਡੇਢ ਲੱਖ ਟੂਰਿਸਟ ਰੋਜ਼ ਅੰਮ੍ਰਿਤਸਰ ਆਉਂਦਾ ਹੈ। ਬੱਸਾਂ ਦੀ ਪਰਾਪਰ ਐਡਵਰਟਾਈਜ਼ਮੈਂਟ ਹੋ ਜਾਵੇ ਕਿ ਕਿਹੜੀਆਂ ਬੱਸਾਂ ਕਿਥੋਂ ਚਲਣੀਆਂ, ਕਿਥੇ ਨੂੰ ਜਾਣੀ ਹੈ। ਹਰ ਬੰਦੇ ਨੂੰ ਇਹ ਸਮਝ ਆ ਜਾਵੇ ਕਿ ਜੇ ਮੈਂ A point to B point ਜਾਣਾ ਤਾਂ ਮੈਨੂੰ ਕਿਹੜੀ ਬੱਸ ਕਿੱਥੋਂ ਫੜਨੀ ਪੈਣੀ ਹੈ। ਮੇਰਾ ਪਹਿਲਾਂ ਸਵਾਲ ਤਾਂ ਇਹ ਹੈ ਕਾਲਜ ਦੇ ਬੱਚਿਆਂ ਦਾ ਵੀ ਕਿਰਾਇਆ ਸਕੂਲੀ ਬੱਚਿਆਂ ਵਰਗਾ ਕਰ ਦਿੱਤਾ ਜਾਵੇ। ਦੂਜਾ, information center regarding BRTS routes, Airport, Railway Station, Bus Stand, Attari Border, Sri

Under Print
Not for Legal/Official use

Darbar Sahib ਜਿਹੜੇ main points ਹਨ, ਬੱਸਾਂ ਦੇ ਰੂਟ, ਬੱਸਾਂ ਦੇ ਕਿਰਾਏ ਜੇ display ਕੀਤੇ ਜਾਣ ਤਾਂ ਇਸ ਨਾਲ ਵੀ ਬੜਾ ਬੈਨੀਫਿਟ ਮਿਲ ਸਕਦਾ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਕਾਲਜ ਸਟੂਡੈਂਟ ਦਾ 66% consession ਵੈਸੇ ਹੀ ਹੈ। ਇਹ 1 ਰੁਪਏ ਕਿਲੋਮੀਟਰ ਹੈ ਜੀ, highly subsidised ਹੈ। ਮੇਰੀ ਜਿਹੜੀ bottom line ਹੈ, ਜਿਸ ਨੂੰ ਕਿ ਅਖੀਰਲਾ ਨੁਕਤਾ ਕਹਿੰਦੇ ਹਾਂ ਕਿ we are ready to re-look at the fares ਅਤੇ ਮੈਂ ਇਹ ਵੀ ਗੱਲ ਕਹੀ ਕਿ ਅਸੀਂ ਤਕਨਾਲੋਜੀ ਦੇ ਜ਼ਰੀਏ ਜਿਵੇਂ ਦੱਤੀ ਸਾਹਿਬ ਨੇ ਫੁਰਮਾਇਆ ਕਿ 5-5 ਬੱਸਾਂ ਇੱਕਠੀਆਂ ਹੋ ਜਾਂਦੀਆਂ ਹਨ, ਥੋੜ੍ਹਾ ਬਹੁਤਾ ਵੀ ਜੇ ਕਿਤੇ ਜਾਮ ਲੱਗ ਜਾਏ।  So, we will use technology, awareness, and we will make sure that this runs in a very smooth manner.

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਸਪਲੀਮੈਂਟਰੀ ਜੀ। (ਵਿਘਨ)

**ਮਾਨਯੋਗ ਸਪੀਕਰ:** ਮਜੀਠੀਆ ਜੀ, ਸਪਲੀਮੈਂਟਰੀ ਇੱਕ ਹੀ ਹੁੰਦੀ ਹੈ ਜੀ। ਅਸੂਲਨ ਸਪਲੀਮੈਂਟਰੀ ਇੱਕ ਹੀ ਹੁੰਦੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਪੂਰੀ ਕਰ ਦਿੰਦਾ ਹਾਂ ਜੀ। ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਦੀਵੇ ਥੱਲੇ ਹਨ੍ਹੇਰਾ ਹੈ। ਪੰਜਾਬ ਦੇ ਵਿੱਚ.....

**ਮਾਨਯੋਗ ਸਪੀਕਰ** : ਸਵਾਲ, ਸਵਾਲ ਸਵਾਲ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਸਰ, ਸਵਾਲ ਦੀ ਹੀ ਗੱਲ ਕਰਦਾ ਹਾਂ ਜੀ। ਬੀ.ਆਰ.ਟੀ.ਐਸ. ਦੀ ਹੀ ਗੱਲ ਕਰਦਾ ਹਾਂ ਜੀ। ਟਰਾਂਸਪੋਰਟ ਦੀ ਗੱਲ ਕਰਦਾ ਹਾਂ ਜੀ। ਟਰਾਂਸਪੋਰਟ ਦਾ ਇੱਕ ਬੜਾ ਸਕਸੈਸਫੁੱਲ ਮਾਡਲ ਚੱਲ ਰਿਹਾ ਹੈ, ਜਿਹੜਾ ਵਧ ਹੀ ਰਿਹਾ ਹੈ। ਔਰਬਿਟ ਕੰਪਨੀ ਦੇ ਕਿਸੇ ਮੈਨੇਜਰ ਨੂੰ ਲਿਆ ਕੇ ਪੁੱਛ ਲਿਆ ਜਾਵੇ, ਉਹ ਦੱਸ ਦੇਵੇ ਕਿ ਕਿਵੇਂ ਵੱਧਦਾ ਹੈ?

**ਮਾਨਯੋਗ ਸਪੀਕਰ** : ਸਵਾਲ ਕੀ ਹੈ?

Under Print
Not for Legal/Official use

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਕੀ ਔਰਬਿਟ ਟਰਾਂਸਪੋਰਟ, ਜਿਹੜੀ ਲਗਾਤਾਰ ਵਧ ਰਹੀ ਹੈ, ਪਿਛਲੇ 10 ਸਾਲਾਂ ਤੋਂ ਵੱਧ ਰਹੀ ਹੈ, ਉਸ ਦੇ ਮੈਨੇਜਰ ਨੂੰ ਲਿਆ ਕੇ ਪੁੱਛ ਨਹੀਂ ਸਕਦੇ? ਉਹ ਸਾਨੂੰ ਬਰੀਫ ਕਰ ਦੇਵੇ ਕਿ ਕਿਵੇਂ ਵਧ ਰਹੀ ਹੈ?

**ਮਾਨਯੋਗ ਸਪੀਕਰ** : ਵੱਖਰਾ ਸਵਾਲ ਦੇ ਦਿਉ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਇਹ ਤਾਂ ਦੱਸ ਸਕਦੇ ਹਨ ਜੀ। ਬੀ.ਆਰ.ਟੀ.ਐਸ. ਵਾਸਤੇ ਉਨ੍ਹਾਂ ਨੂੰ ਬੁਲਾ ਲੈਂਦੇ ਹਾਂ ਸਰ।

---

## WELCOME ANNOUNCEMENT BY THE SPEAKER

**ਮਾਨਯੋਗ ਸਪੀਕਰ** : ਮੈਨੂੰ ਇਹ ਸੂਚਿਤ ਕਰਨ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਰਦਾਰ ਦਲਜੀਤ ਬਰਾੜ, ਮਾਨਯੋਗ ਮੈਂਬਰ ਮੈਨੀਟੋਬਾ ਵਿਧਾਨ ਸਭਾ, ਕੈਨੇਡਾ ਆਪਣੇ ਪੁੱਤਰ ਸਮੇਤ ਹਾਊਸ ਦੀ ਕਾਰਵਾਈ ਵੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਉ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

---

## STARRED QUESTIONS AND ANSWERS (RESUMPTION)

### ਪਿੰਡ ਕੈਰੋਂ ਵਿਖੇ ਨਰਸਿੰਗ ਕਾਲਜ ਖੋਲ੍ਹਣਾ

*2390 **ਸਰਦਾਰ ਹਰਮਿੰਦਰ ਸਿੰਘ ਗਿੱਲ** : ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਾਲਜ ਵਾਸਤੇ ਜ਼ਮੀਨ ਉਪਲਬਧ ਹੋਣ ਕਰਕੇ ਅਤੇ ਇਲਾਕੇ ਦੇ ਵਿਦਿਆਰਥੀਆਂ ਵਿੱਚ ਨਰਸਿੰਗ ਦੀ ਭਾਰੀ ਮੰਗ ਕਾਰਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਪਿੰਡ ਕੈਰੋਂ ਵਿਖੇ ਨਰਸਿੰਗ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸ਼੍ਰੀ ਓਮ ਪ੍ਰਕਾਸ਼ ਸੋਨੀ** : ਨਹੀਂ ਸ਼੍ਰੀਮਾਨ ਜੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਜੀ ਦੇ ਪਿੰਡ ਕੈਰੋਂ ਵਿਖੇ ਨਰਸਿੰਗ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

Under Print
Not for Legal/Official use

**ਸਰਦਾਰ ਹਰਮਿੰਦਰ ਸਿੰਘ ਗਿੱਲ** : ਸਪੀਕਰ ਸਾਹਿਬ, ਬੇਨਤੀ ਹੈ ਕਿ ਕੈਰੋਂ ਪਿੰਡ ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ, ਜਿਹੜੇ ਸਾਬਕਾ ਮੁੱਖ ਮੰਤਰੀ ਹਨ, ਉਨ੍ਹਾਂ ਦਾ ਪਿੰਡ ਹੈ। ਉੱਥੇ ਸਰਕਾਰੀ ਸਕੂਲ ਕੋਲ 40 ਕਿੱਲੇ ਜ਼ਮੀਨ ਹੈ, ਜਿਸ ਤੇ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਸੀ। ਅਸੀਂ ਹੁਣ ਇਹ ਕਬਜ਼ਾ ਛੁਡਾ ਦਿੱਤਾ ਹੈ। ਸਾਡੇ ਕੋਲ ਇਹ 40 ਕਿੱਲੇ ਜ਼ਮੀਨ ਬਿਲਕੁਲ ਉਪਲਬਧ ਹੈ। ਮੈਂ ਬੇਨਤੀ ਕਰਾਂਗਾ ਕਿ ਸਾਡੇ ਜ਼ਿਲ੍ਹੇ ਵਿੱਚ ਨਰਸਿੰਗ ਕਾਲਜ ਹੋਰ ਵੀ ਹਨ, ਪਰ ਸਾਰੇ ਪ੍ਰਾਈਵੇਟ ਹਨ। ਉਹ ਲੋਕਾਂ ਨੂੰ ਗੁੰਮਰਾਹ ਵੀ ਕਰਦੇ ਹਨ ਅਤੇ ਬਹੁਤ ਪੈਸੇ ਮੰਗਦੇ ਹਨ। ਮੈਂ ਕਹਾਂਗਾ ਕਿ ਇੱਥੇ ਇੱਕ ਸਰਕਾਰੀ ਨਰਸਿੰਗ ਕਾਲਜ ਵੀ ਹੋਵੇ, ਜਿੱਥੇ ਜੀ.ਐਨ.ਐਮ. ਕੋਰਸ ਹੋਵੇ ਜਾਂ ਬੀ.ਐਸ.ਸੀ. ਨਰਸਿੰਗ ਵਗੈਰਾ ਕੋਰਸ ਹੋਣ। ਅਗਰ ਇਹ ਕਾਲਜ ਸਾਡੇ ਪਿੰਡ ਕੈਰੋਂ ਵਿਖੇ ਖੋਲ੍ਹ ਦਿੱਤਾ ਜਾਵੇ ਤਾਂ ਅਸੀਂ ਜ਼ਮੀਨ ਦੇਣ ਨੂੰ ਤਿਆਰ ਹਾਂ, ਜ਼ਮੀਨ ਦੀ ਕੋਈ ਪ੍ਰਾਬਲਮ ਨਹੀਂ ਹੈ। ਮੇਰੀ ਇਹੀ ਬੇਨਤੀ ਹੈ ਜੀ।

**ਮਾਨਯੋਗ ਸਪੀਕਰ** : ਸੋਨੀ ਸਾਹਿਬ, ਇਹ ਰਿਕੁਐਸਟ ਆਈ ਹੈ।

**ਮੰਤਰੀ :** ਵਿਚਾਰ ਕਰ ਲਿਆ ਜਾਵੇਗਾ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਬਹੁਤ ਬਹੁਤ ਧੰਨਵਾਦ ਜੀ।

---

**ਐਸ.ਏ.ਐਸ ਨਗਰ (ਮੋਹਾਲੀ) ਵਿਖੇ ਡਾ. ਭੀਮ ਰਾਓ ਅੰਬੇਦਕਰ ਭਵਨ ਦੇ ਨਿਰਮਾਣ ਦਾ ਕੰਮ ਮੁਕੰਮਲ ਕਰਨਾ**

*2409 **ਸ਼੍ਰੀ ਪਵਨ ਕੁਮਾਰ ਟੀਨੂ :** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਡਾ. ਭੀਮ ਰਾਓ ਅੰਬੇਦਕਰ ਭਵਨ ਦੇ ਨਿਰਮਾਣ ਦਾ ਕੰਮ ਰੁਕਿਆ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਭਵਨ ਦੀ ਉਸਾਰੀ ਨੂੰ ਕਦੋਂ ਤੱਕ ਮੁਕੰਮਲ ਕਰ ਕੇ ਚਾਲੂ ਕਰ ਦਿੱਤਾ ਜਾਵੇਗਾ?

**ਸਰਦਾਰ ਸਾਧੂ ਸਿੰਘ :** ਸਪੀਕਰ ਸਾਹਿਬ, ਐਸ.ਏ.ਐਸ. ਨਗਰ ਮੋਹਾਲੀ ਵਿਖੇ ਡਾਕਟਰ ਭੀਮ ਰਾਓ ਅੰਬੇਦਕਰ ਭਵਨ ਦੇ ਨਿਰਮਾਣ ਲਈ ਢੁਕਵੀਂ ਜਗ੍ਹਾ ਦੀ ਸ਼ਨਾਖਤ ਕਰਨ ਸਬੰਧੀ ਮਾਮਲਾ ਜ਼ਿਲ੍ਹਾ ਪ੍ਰਸ਼ਾਸਨ ਨਾਲ ਟੇਕ ਅੱਪ ਕੀਤਾ ਹੋਇਆ ਹੈ। ਭਵਨ ਦੀ ਉਸਾਰੀ ਲਈ ਲੋੜੀਂਦੀ ਜਗ੍ਹਾ ਉਪਲਬਧ ਹੋਣ ਅਤੇ ਲੋੜੀਂਦੇ ਫੰਡ ਸਰਕਾਰ ਤੋਂ ਜਾਰੀ ਕਰਵਾਉਣ ਉਪਰੰਤ ਉਸਾਰੀ ਦਾ ਕੰਮ ਚਾਲੂ ਕਰ ਦਿੱਤਾ ਜਾਵੇਗਾ।

Under Print
Not for Legal/Official use

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਇਹ ਜਿਹੜਾ ਡਾਕਟਰ ਅੰਬੇਦਕਰ ਭਵਨ ਮਲਟੀਪਰਪਜ਼ ਹਾਲ ਹੈ, ਉਸ ਵਿੱਚ ਪੰਚਾਇਤਾਂ ਨੇ ਆਪਣੀਆਂ ਮੀਟਿੰਗਜ਼ ਕਰਨੀਆਂ ਹੁੰਦੀਆਂ ਹਨ, ਸੈਮੀਨਾਰ ਹੋਣੇ ਹੁੰਦੇ ਹਨ, ਹੋਰ ਬਹੁਤ ਸਾਰੀਆਂ ਪੰਚਾਇਤਾਂ, ਜਿਵੇਂ ਪੰਚਾਇਤੀ ਰਾਜ ਦੀਆਂ ਡਿਸਕਸ਼ਨਜ਼ ਹੋਣੀਆਂ ਹੁੰਦੀਆਂ ਹਨ। ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਆਪਣੇ ਸੰਵਿਧਾਨ ਵਿੱਚ ਪੰਚਾਇਤੀ ਰਾਜ ਸਿਸਟਮ ਬਣਾਇਆ ਹੈ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸ਼੍ਰੀ ਪਵਨ ਕੁਮਾਰ ਟੀਨੂ** : ਮੈਂ ਸਪੀਕਰ ਸਾਹਿਬ, ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਭਵਨ ਦਾ ਨਿਰਮਾਣ 2016 ਵਿੱਚ ਪਿਛਲੀ ਸਰਕਾਰ ਨੇ 18.50 ਕਰੋੜ ਦੀ ਲਾਗਤ ਨਾਲ ਸ਼ੁਰੂ ਕੀਤਾ ਸੀ।

**ਮਾਨਯੋਗ ਸਪੀਕਰ** : ਸ਼ੁਰੂ ਕਰ ਦਿੱਤਾ ਸੀ।

**ਸ਼੍ਰੀ ਪਵਨ ਕੁਮਾਰ ਟੀਨੂ** : ਜਿਸ ਵਿੱਚ 5 ਕਰੋੜ ਰੁਪਿਆ ਉਸੇ ਹੀ ਸਰਕਾਰ ਨੇ ਜਾਰੀ ਵੀ ਕਰ ਦਿੱਤਾ ਸੀ ਅਤੇ ਉਸ ਵੇਲੇ ਦੇ ਰੂਰਲ ਡਿਵੈਲਪਮੈਂਟ ਮਨਿਸਟਰ, ਸਿਕੰਦਰ ਸਿੰਘ ਮਲੂਕਾ ਜੀ ਨੇ ਨੀਂਹ ਪੱਥਰ ਵੀ ਰੱਖ ਦਿੱਤਾ ਸੀ। 5 ਕਰੋੜ ਰੁਪਿਆ ਲੱਗਿਆ ਵੀ ਹੋਇਆ ਹੈ। ਮੈਂ ਮੰਤਰੀ ਜੀ ਤੋਂ ਬੜਾ ਹੈਰਾਨ ਹਾਂ ਕਿ ਇਹ ਕਹਿੰਦੇ ਹਨ ਕਿ ਹਾਲੇ ਅਸੀਂ....... ਉਸ ਤੋਂ ਬਾਅਦ ਤਿੰਨ ਸਾਲ ਹੋ ਗਏ ਹਨ, 2017 ਤੋਂ ਬਾਅਦ ਹੁਣ 2020 ਹੋ ਗਿਆ ਹੈ, ਤਿੰਨ ਸਾਲ ਚਲੇ ਗਏ ਹਨ। ਤਿੰਨ ਸਾਲਾਂ ਵਿੱਚ ਇੱਕ ਵੀ ਰੁਪਿਆ ਇਸ ਸਰਕਾਰ ਨੇ ਜਾਰੀ ਨਹੀਂ ਕੀਤਾ, ਉਸ ਦਾ ਕੀ ਕਾਰਨ ਹੈ? ਨੰਬਰ ਦੋ – ਮੰਤਰੀ ਜੀ ਨੂੰ ਜਾਣਕਾਰੀ ਹੀ ਨਹੀਂ ਹੈ ਕਿ ਇਹ ਕਿਹੜਾ ਪ੍ਰਾਜੈਕਟ ਹੈ। 5 ਕਰੋੜ ਆਲਰੇਡੀ ਜਾਰੀ ਹੋ ਚੁੱਕਾ ਹੈ। ਉੱਥੇ ਨੀਂਹ ਪੱਥਰ ਰੱਖਿਆ ਗਿਆ ਹੈ ਅਤੇ ਮੰਤਰੀ ਜੀ ਹਾਲੇ ਜਗ੍ਹਾ ਭਾਲਣ ਵਾਲੇ ਪਾਸੇ ਤੁਰੇ ਹੋਏ ਹਨ। ਕੀ ਪਹਿਲਾ ਨੀਂਹ ਪੱਥਰ ਹਵਾ ਵਿੱਚ ਰੱਖ ਦਿੱਤਾ ਜਾਂ ਕਿਸੇ ਸੜਕ ਤੇ ਰੱਖ ਦਿੱਤਾ, ਗਲੀ ਵਿੱਚ ਰੱਖ ਦਿੱਤਾ ਹੈ।

**ਮਾਨਯੋਗ ਸਪੀਕਰ** : ਬੈਠੋ, ਬੈਠੋ।

**ਮੰਤਰੀ :** ਸਪੀਕਰ ਸਾਹਿਬ, ਪੰਜਾਬ ਰਾਜ ਸਾਰੇ ਜ਼ਿਲ੍ਹਿਆਂ ਵਿੱਚ ਬਾਬਾ ਅੰਬੇਦਕਰ ਸਾਹਿਬ ਭਵਨ ਬਣਾਏ ਹਨ। 4-5 ਜ਼ਿਲ੍ਹੇ ਜਿਹੜੇ ਰਹਿੰਦੇ ਹਨ, ਐਸ.ਏ.ਐਸ. ਨਗਰ, ਬਰਨਾਲਾ, ਫਾਜ਼ਿਲਕਾ ਤਰਨ ਤਾਰਨ, ਪਠਾਨਕੋਟ ਵਿਖੇ ਭਵਨਾਂ ਦੀ ਉਸਾਰੀ ਹੋਣੀ ਬਾਕੀ ਰਹਿੰਦੀ ਹੈ। ਲੇਕਿਨ ਇਨ੍ਹਾਂ ਨੇ ਮੋਹਾਲੀ ਜ਼ਿਲ੍ਹੇ ਦਾ ਪੁੱਛਿਆ ਹੈ, ਇਨ੍ਹਾਂ ਨੇ ਬਾਬਾ ਅੰਬੇਦਕਰ ਭਵਨ ਬਾਰੇ ਪੁੱਛਿਆ ਹੈ। ਉਸ ਸਬੰਧੀ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਐਸ.ਏ.ਐਸ. ਨਗਰ ਵੱਲੋਂ ਮਹੀਨਾ ਜੂਨ, 2019 ਦੌਰਾਨ ਪਿੰਡ ਬਲੌਂਗੀ, ਬਲਿਆਲੀ, ਚੱਪੜਚਿੜੀ ਖੁਰਦ, ਸਨੇਟਾ ਤੇ

Under Print
Not for Legal/Official use

ਬੱਲੋਮਾਜਰਾ ਵਿਚ ਭਵਨ ਦੀ ਉਸਾਰੀ ਦੀ ਪੰਚਾਇਤੀ ਜ਼ਮੀਨ ਉਪਲੱਬਧ ਹੋਣ ਸਬੰਧੀ ਸੂਚਿਤ ਕੀਤਾ ਗਿਆ ਅਤੇ ਇਹ ਵੀ ਦੱਸਿਆ ਗਿਆ ਕਿ ਇਨ੍ਹਾਂ ਪਿੰਡਾਂ ਦੀ ਲੋੜੀਂਦੀ ਜ਼ਮੀਨ ਅੰਦਾਜ਼ਨ 2.5 ਕਰੋੜ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਉਪਲੱਬਧ ਹੋਵੇਗੀ। ਇਸ ਮੰਤਵ ਲਈ ਪਿੰਡ ਬਲੌਂਗੀ ਦੀ ਜ਼ਮੀਨ ਅੰਬੇਦਕਰ ਭਵਨ ਦੀ ਉਸਾਰੀ ਲਈ ਢੁੱਕਵੀਂ ਪਾਈ ਗਈ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋੜੀਂਦੀ ਜ਼ਮੀਨ ਅਲਾਟ ਕਰਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ।

**ਮਾਨਯੋਗ ਸਪੀਕਰ:** ਸਰਦਾਰ ਸਾਧੂ ਸਿੰਘ ਜੀ, ਸਰਦਾਰ ਸਾਧੂ ਸਿੰਘ ਜੀ। ਇੱਕ ਮਿੰਟ ਜੀ, ਤੁਸੀਂ ਬੈਠੋ। (ਸ਼੍ਰੀ ਪਵਨ ਕੁਮਾਰ ਟੀਨੂ, ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵੱਲ ਇਸ਼ਾਰਾ)। ਸਰਦਾਰ ਸਾਧੂ ਸਿੰਘ ਜੀ, ਇਸ ਗੱਲ ਵਿੱਚ ਬਹੁਤ ਵੱਡਾ ਫਰਕ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉੱਥੇ ਕੰਮ ਸ਼ੁਰੂ ਹੋ ਗਿਆ ਸੀ ਅਤੇ ਤੁਹਾਡਾ ਕਹਿਣਾ ਹੈ ਕਿ ਤੁਸੀਂ ਅਜੇ ਜ਼ਮੀਨ ਤਲਾਸ਼ ਕਰ ਰਹੇ ਹੋ। ਇਹ ਦੋਨਾਂ ਵਿੱਚੋਂ ਕਿਹੜੀ ਗੱਲ ਠੀਕ ਹੈ?

**ਮੰਤਰੀ:** ਜੋ ਮੇਰੇ ਕੋਲ ਡਿਪਟੀ ਕਮਿਸ਼ਨਰ ਅਤੇ ਡਿਪਾਰਟਮੈਂਟ ਦੀ ਰਿਪੋਰਟ ਹੈ, ਉਹ ਮੈਂ ਦੱਸੀ ਹੈ।(ਵਿਘਨ)

**ਮਾਨਯੋਗ ਸਪੀਕਰ:** ਨਹੀਂ ਜੀ, ਨਹੀਂ। ਹਾਲੇ ਤੁਸੀਂ ਗਲਤ ਕਿਵੇਂ ਕਹਿ ਸਕਦੇ ਹੋ? (ਸ਼੍ਰੀ ਪਵਨ ਕੁਮਾਰ ਟੀਨੂ, ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵੱਲ ਇਸ਼ਾਰਾ)

**ਮੰਤਰੀ:** ਸਰ, ਡਿਪਟੀ ਕਮਿਸ਼ਨਰ ਅਤੇ ਪ੍ਰਸ਼ਾਸਨ ਦੀ ਰਿਪੋਰਟ ਹੈ, ਅਗਰ ਗਲਤ ਹੈ ਤਾਂ ਉਨ੍ਹਾਂ ਦੇ ਖਿਲਾਫ ਕਾਰਵਾਈ ਹੋਵੇਗੀ। (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਉਨ੍ਹਾਂ ਦਾ ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਤੁਸੀਂ ਦੇਖੋ ਮੇਰਾ ਸਵਾਲ ਬੜਾ ਕਲੀਅਰ ਹੈ। ਸਵਾਲ ਬੜਾ ਕਲੀਅਰ ਹੈ ਕਿ ਕੰਮ ਰੁਕਿਆ ਪਿਆ ਹੈ, ਉਸ ਕੰਮ ਨੂੰ ਦੁਬਾਰਾ ਕਦੋਂ ਸ਼ੁਰੂ ਕੀਤਾ ਜਾਵੇਗਾ? It is very clear.

(ਇਸ ਸਮੇਂ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ, ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਬਾਜਵਾ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

Under Print
Not for Legal/Official use

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਕੀ ਤੁਸੀਂ ਉਸ ਭਵਨ ਦੀ ਗੱਲ ਕਰ ਰਹੇ ਹੋ ਜਿਹੜਾ ਵਿਕਾਸ ਭਵਨ ਵਿੱਚ ਬਣ ਰਿਹਾ ਹੈ?

**ਸ਼੍ਰੀ ਪਵਨ ਕੁਮਾਰ ਟੀਨੂ:** ਇਹ ਉਹੀ ਸਵਾਲ ਦੇ ਜਵਾਬ ਵਿੱਚ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਉਹ ਹੋਰ ਚੀਜ਼ ਹੈ ਅਤੇ ਇਹ ਤੁਸੀਂ ਸਵਾਲ ਹੋਰ ਚੀਜ਼ ਦਾ ਕੀਤਾ ਹੈ। ਮੇਰੀ ਗੱਲ ਸੁਣੋ, ਜਿਹੜਾ ਵਿਕਾਸ ਭਵਨ ਇਨਕੰਪਲੀਟ ਪਿਆ ਸੀ, ਜਿੱਥੇ ਮਲੂਕਾ ਸਾਹਿਬ ਨੇ ਨੀਂਹ ਪੱਥਰ ਰੱਖਿਆ ਸੀ, ਉਸ ਦੇ ਲਈ 7 ਕਰੋੜ ਰੁਪਿਆ ਹੋਰ ਰਿਲੀਜ਼ ਕਰ ਦਿੱਤਾ ਗਿਆ ਹੈ ਅਤੇ ਇਹ ਇਸ ਸਾਲ ਦੇ ਵਿੱਚ ਪੂਰਾ ਹੋ ਜਾਵੇਗਾ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੇਰਾ ਸਵਾਲ ਸੀ......... (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਨਹੀਂ, ਤੁਹਾਡਾ ਸਵਾਲ ਗਲਤ ਹੋ ਗਿਆ।

**ਸ਼੍ਰੀ ਪਵਨ ਕੁਮਾਰ ਟੀਨੂ:** ਨਹੀਂ, ਨਹੀਂ ਹਾਲੇ ਨਹੀਂ। ਇੱਕ ਮਿੰਟ ਜੀ। (ਵਿਘਨ..ਸ਼ੋਰ)

(ਇਸ ਸਮੇਂ ਜੰਗਲਾਤ ਮੰਤਰੀ, ਸਰਦਾਰ ਸਾਧੂ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਇੱਕ ਮਿੰਟ ਸਰਦਾਰ ਸਾਧੂ ਸਿੰਘ ਜੀ, ਤੁਸੀਂ ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, **

**ਮਾਨਯੋਗ ਸਪੀਕਰ:** ਤੁਸੀਂ ਪਹਿਲਾਂ ਸੁਣੋ ਤਾਂ ਸਹੀ। ਤੁਸੀਂ ਮੇਰੀ ਗੱਲ ਤਾਂ ਸੁਣੋ।

**ਸ਼੍ਰੀ ਪਵਨ ਕੁਮਾਰ ਟੀਨੂ: ****

**ਮਾਨਯੋਗ ਸਪੀਕਰ:** ਨਹੀਂ, ਮੈਂ ਕਿਸੇ ਦੀ ਮਦਦ ਨਹੀਂ ਕਰਦਾ। ਮੈਂ ਉਨ੍ਹਾਂ ਤੋਂ ਕਲੈਰੀਫਿਕੇਸ਼ਨ ਮੰਗੀ ਸੀ। ਜੇ ਮੈਂ ਮਦਦ ਕਰਦਾ ਹੁੰਦਾ ਤਾਂ ਕਲੈਰੀਫਿਕੇਸ਼ਨ ਨਾ ਮੰਗਦਾ। ਮੇਰੀ ਗੱਲ ਪੂਰੀ ਹੋ ਲੈਣ ਦਿਉ। ਤੁਸੀਂ ਅੰਬੇਦਕਰ ਭਵਨ ਦਾ ਸਵਾਲ ਪੁੱਛਿਆ ਹੈ, ਤੁਸੀਂ ਅੰਬੇਦਕਰ ਭਵਨ ਦਾ ਪੁੱਛਿਆ ਹੈ ਜਦ ਕਿ ਸਵਾਲ ਬਾਜਵਾ ਸਾਹਿਬ ਦੇ ਮੁਤਾਬਿਕ ਵਿਕਾਸ ਭਵਨ ਦਾ ਹੈ, ਨਾ ਕਿ ਅੰਬੇਦਕਰ ਭਵਨ ਦਾ।

---

** Expunged as ordered by the Hon'ble Speaker

Under Print
Not for Legal/Official use

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੈਂ ਪੜ੍ਹ ਦਿੰਦਾ ਹਾਂ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਨਹੀਂ, ਤੁਸੀਂ ਰੁਕ ਜਾਓ। ਸਪੀਕਰ ਸਾਹਿਬ, ਵਿਕਾਸ ਭਵਨ ਵਿੱਚ ਇੱਕ ਬਿਲਡਿੰਗ ਹੈ, ਉਸ ਦੇ ਪਿੱਛੇ ਆਡੀਟੋਰੀਅਮ ਬਣ ਰਿਹਾ ਹੈ। ਉਸ ਦੇ ਸਾਹਮਣੇ ਅੰਬੇਦਕਰ ਸਾਹਿਬ ਜੀ ਦੀ ਮੂਰਤੀ ਲੱਗੀ ਹੋਈ ਹੈ। ਇਹ ਉਸ ਨੂੰ ਅੰਬੇਦਕਰ ਭਵਨ ਕਹਿ ਰਹੇ ਹਨ। (ਵਿਘਨ..ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ:** ਨਹੀਂ, ਇੱਕ ਮਿੰਟ ਜੀ। ਮੈਨੂੰ ਇੱਥੇ ਬੋਲ ਲੈਣ ਦਿਉ ਜੀ। ਸਪੀਕਰ ਸਾਹਿਬ, ਇਹ ਕਹਿੰਦੇ ਕਿ ਉਸ ਨੂੰ ਇਹ ਕਹਿ ਰਹੇ ਹਨ। (ਵਿਘਨ..ਸ਼ੋਰ)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਨਹੀਂ, ਤੁਸੀਂ ਮੇਰੀ ਗੱਲ ਸੁਣੋ।

**ਸ਼੍ਰੀ ਪਵਨ ਕੁਮਾਰ ਟੀਨੂ:** ਪਿਛਲੀ ਬਾਦਲ ਸਾਹਿਬ ਦੀ ਸਰਕਾਰ ਦਾ ਇਹ ਫੈਸਲਾ ਸੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਜੋ ਫੈਸਲਾ ਸੀ, ਉਹ ਉਹੀ ਰਹੇਗਾ। (ਵਿਘਨ..ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ:** ਤੁਹਾਡੀ ਸਰਕਾਰ ਡਾ. ਅੰਬੇਦਕਰ ਦੇ ਨਾਮ ਤੇ ** ਕਿਉਂ ਜਾਂਦੀ ਹੈ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਉਹੀ ਰਹੇਗਾ, ਉਹੀ ਰਹੇਗਾ।

**ਸ਼੍ਰੀ ਪਵਨ ਕੁਮਾਰ ਟੀਨੂ:** ਕਿਉਂ ** ਰਹੇ ਹੋ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਨਹੀਂ, ਕੋਈ ਠੱਗੀ ਨਹੀਂ।

**ਸ਼੍ਰੀ ਪਵਨ ਕੁਮਾਰ ਟੀਨੂ:** ਸੰਵਿਧਾਨ ਵਾਲੇ ਦਿਨ ਤਾਂ ਤੁਸੀਂ **। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਇਕ ਮਿੰਟ ਟੀਨੂ ਜੀ, ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਚਲੋ ਮੈਂ ਹੁਣ ਇਨ੍ਹਾਂ ਨੂੰ ਪੁੱਛ ਲੈਂਦਾ ਹਾਂ।

**ਮਾਨਯੋਗ ਸਪੀਕਰ:** ਟੀਨੂ ਜੀ, ਇਹ ਦੱਸੋ ਕਿ ਨੀਂਹ ਪੱਥਰ ਵਿਕਾਸ ਭਵਨ ਦਾ ਰੱਖਿਆ ਸੀ ਜਾਂ ਅੰਬੇਦਕਰ ਭਵਨ ਰੱਖਿਆ ਸੀ?

---

** Expunged as ordered by the Hon'ble Speaker

Under Print
Not for Legal/Official use

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ......

**ਮਾਨਯੋਗ ਸਪੀਕਰ:** ਨੀਂਹ ਪੱਥਰ ਕਿਸ ਦਾ ਰੱਖਿਆ ਸੀ?

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਡਾ. ਅੰਬੇਦਕਰ ਭਵਨ ਮੋਹਾਲੀ ਦਾ ਵਿਕਾਸ ਭਵਨ ਦੇ ਵਿੱਚ ਨੀਂਹ ਪੱਥਰ ਰੱਖਿਆ ਗਿਆ ਸੀ। ਮੇਰਾ ਸਵਾਲ ਬੜਾ ਸਪੱਸ਼ਟ ਹੈ। ਚਲੋ ਆਪਾਂ ਗੱਲ ਮੁਕਾ ਲੈਂਦੇ ਹਾਂ। ਮੈਂ ਮੰਤਰੀ ਜੀ ਤੋਂ ਪੁੱਛ ਲੈਂਦਾ ਹਾਂ ਕਿ ਤਿੰਨ ਸਾਲ ਹੋ ਗਏ ਤੇ ਇਹ ਕਹਿੰਦੇ ਹਨ ਕਿ 7 ਕਰੋੜ ਰੁਪਿਆ ਹਾਲੇ ਜਾਰੀ ਹੋਣਾ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਜਾਰੀ ਹੋ ਗਿਆ ਜੀ, ਹੋ ਗਿਆ।

**ਸ਼੍ਰੀ ਪਵਨ ਕੁਮਾਰ ਟੀਨੂ:** ਇਹ ਕਦੋਂ ਜਾਰੀ ਹੋਇਆ ਹੈ? ਮੇਰੇ ਸਵਾਲ ਦਾ ਜਵਾਬ ਦੇ ਦਿਉ ਕਿ ਕਦੋਂ ਜਾਰੀ ਹੋਇਆ? ਮੇਰੇ ਸਵਾਲ ਦਾ ਜਵਾਬ ਦੇ ਦਿਉ ਕਿ ਤਿੰਨ ਸਾਲ ਕੰਮ ਕਿਉਂ ਰੁਕਿਆ ਰਿਹਾ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਤੁਸੀਂ ਇਹ ਸਵਾਲ ਮੈਨੂੰ ਲਗਾਓ, ਮੈਂ ਜਵਾਬ ਦੇ ਦਿਆਂਗਾ।

**ਸ਼੍ਰੀ ਪਵਨ ਕੁਮਾਰ ਟੀਨੂ:** ਤੁਸੀਂ ਵਿਚ ਇੰਟਰਵੀਨ ਕੀਤਾ।

**ਮਾਨਯੋਗ ਸਪੀਕਰ:** ਇਸ ਦਾ ਵੱਖਰਾ ਸਵਾਲ ਆਵੇਗਾ ਜੀ। ਵੱਖਰਾ ਸਵਾਲ ਆਏਗਾ, ਵੱਖਰਾ ਸਵਾਲ ਆਏਗਾ। (ਵਿਘਨ..ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ:** ਤੁਸੀਂ ਵਿਚ ਇੰਟਰਵੀਨ ਕੀਤਾ।

**ਮਾਨਯੋਗ ਸਪੀਕਰ:** ਇਸ ਦਾ ਵੱਖਰਾ ਸਵਾਲ ਆਏਗਾ, ਵੱਖਰਾ ਸਵਾਲ ਆਏਗਾ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਨਹੀਂ ਜੀ। ਇਨ੍ਹਾਂ ਨੇ ਇੰਟਰਵੀਨ ਕੀਤਾ ਜਦ ਕਿ ਸਵਾਲ ਉਨ੍ਹਾਂ ਦਾ ਸੀ। ਉਹ ਜਵਾਬ ਦੇ ਨਹੀਂ ਸਕੇ।

**ਮਾਨਯੋਗ ਸਪੀਕਰ:** ਟੀਨੂ ਜੀ ਵੱਖਰਾ ਸਵਾਲ ਆਏਗਾ।

**ਸ਼੍ਰੀ ਪਵਨ ਕੁਮਾਰ ਟੀਨੂ:** ਮੁੱਖ ਮੰਤਰੀ ਜੀ, ਬੈਠੇ ਹਨ। ਉਹ ਤਿੰਨ ਸਾਲ ਕੰਮ...

**ਮਾਨਯੋਗ ਸਪੀਕਰ:** ਸਾਧੂ ਸਿੰਘ ਜੀ, ਤੁਹਾਡਾ ਸਵਾਲ ਨਹੀਂ ਹੈ, ਤੁਸੀਂ ਬੈਠ ਜਾਓ।

Under Print
Not for Legal/Official use

**ਸ਼੍ਰੀ ਪਵਨ ਕੁਮਾਰ ਟੀਨੂ:** ਮੰਤਰੀ ਜੀ ਕਹਿੰਦੇ ਮੇਰੇ ਮਹਿਕਮੇ ਨਾਲ ਸਬੰਧਤ ਨਹੀਂ। ਫਿਰ ਸ਼ੌਂਕ ਨਾਲ ਜਵਾਬ ਦੇਣ ਲਈ ਕਿਉਂ ਉੱਠੇ?

**ਮਾਨਯੋਗ ਸਪੀਕਰ:** ਇਸ ਦਾ ਵੱਖਰਾ ਸਵਾਲ ਦੇ ਦਿਉ ਜੀ।

**ਸ੍ਰੀ ਪਵਨ ਕੁਮਾਰ ਟੀਨੂ:** ਤੁਸੀਂ ਹਾਊਸ ਨੂੰ ਮਿਸਗਾਈਡ ਨਾ ਕਰੋ।

**ਮਾਨਯੋਗ ਸਪੀਕਰ:** ਅਗਲਾ ਸਵਾਲ ਸੰਧਵਾਂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਮੈਂ ਮੰਤਰੀ ਜੀ ਨੂੰ ਤੁਹਾਡੇ ਜ਼ਰੀਏ ਪੁੱਛਣਾ ਚਾਹੁੰਦਾ ਹਾਂ ਕਿ....(ਵਿਘਨ)

**ਮਾਨਯੋਗ ਸਪੀਕਰ:** ਨਹੀਂ ਪੁੱਛ ਸਕਦੇ।ਉਹ ਤਿਆਰ ਹੋ ਕੇ ਨਹੀਂ ਆਏ ਹਨ।

**ਸ਼੍ਰੀ ਪਵਨ ਕੁਮਾਰ ਟੀਨੂ:** ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੰਪਲੀਟ ਕਦੋਂ ਕਰਨਗੇ ਕਿਉਂਕਿ ਉਨ੍ਹਾਂ ਜਵਾਬ ਦਿੱਤਾ ਹੈ...(ਵਿਘਨ) ਬਾਜਵਾ ਸਾਹਿਬ ਨੇ ਜਵਾਬ ਦਿੱਤਾ ਹੈ।

**ਮਾਨਯੋਗ ਸਪੀਕਰ:** ਟੀਨੂ ਜੀ, ਪੁੱਛਿਆ ਨਹੀਂ ਜਾ ਸਕਦਾ ਹੈ। ਟੀਨੂ ਜੀ, ਪੁੱਛਿਆ ਨਹੀਂ ਜਾ ਸਕਦਾ ਹੈ।(ਵਿਘਨ)

**ਸ਼੍ਰੀ ਪਵਨ ਕੁਮਾਰ ਟੀਨੂ:** ਉਨ੍ਹਾਂ ਤੋਂ ਜਵਾਬ ਨਹੀਂ ਦਿੱਤਾ ਗਿਆ ਹੈ।ਹੁਣ ਮਹਿਕਮਾ ਇਨ੍ਹਾਂ ਕੋਲ ਹੈ, ਇਹ ਦੱਸ ਦੇਣ...(ਵਿਘਨ)

**ਮਾਨਯੋਗ ਸਪੀਕਰ:** ਹਾਂ ਜੀ, ਕੁਲਤਾਰ ਸਿੰਘ ਸੰਧਵਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਇਹ 2358 ਸਵਾਲ ਹੈ ਲੇਕਿਨ ਮੈਂ ਪਹਿਲੇ ਸਵਾਲ ਦੇ ਜਵਾਬ ਸਬੰਧੀ ਗੱਲ ਕਰਨੀ ਚਾਹੁੰਦਾ ਹਾਂ ਜੀ।

**ਮਾਨਯੋਗ ਸਪੀਕਰ:** ਨਹੀਂ ਜੀ, ਨਹੀਂ ਜੀ, ਤੁਸੀਂ ਆਪਣੇ ਸਵਾਲ ਦੀ ਗੱਲ ਕਰੋ।

---

**ਪਸ਼ੂ ਭਲਾਈ ਬੋਰਡ ਗਠਿਤ ਕਰਨਾ**

*2358. **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

Under Print
Not for Legal/Official use

(ੳ) ਕੀ ਇਹ ਠੀਕ ਹੈ ਕਿ ਪਸ਼ੂ ਪਾਲਕਾਂ ਦੀ ਭਲਾਈ ਲਈ ਪੰਜਾਬ ਵਿੱਚ ਗੈਰ-ਸਰਕਾਰੀ ਮੈਂਬਰਾਂ ਨੂੰ ਸ਼ਾਮਲ ਕਰਕੇ ਪਸ਼ੂ ਭਲਾਈ ਬੋਰਡ ਗਠਿਤ ਕਰਨ ਦੀ ਵਿਵਸਥਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਹ ਪਸ਼ੂ ਭਲਾਈ ਬੋਰਡ ਹੁਣ ਤੱਕ ਗਠਿਤ ਕਿਉਂ ਨਹੀਂ ਕੀਤੇ ਗਏ ਅਤੇ ਇਸ ਦੇ ਲਈ ਕੌਣ ਜ਼ਿੰਮੇਵਾਰ ਹੈ;

(ੲ) ਪੰਜਾਬ ਸਰਕਾਰ ਪਸ਼ੂ ਭਲਾਈ ਬੋਰਡ ਗਠਿਤ ਕਰਨ ਲਈ ਕਿੰਨਾ ਸਮਾਂ ਹੋਰ ਲਵੇਗੀ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** (ੳ) ਹਾਂ ਜੀ।

(ਅ) ਪੰਜਾਬ ਸਰਕਾਰ ਵੱਲੋਂ ਸਾਲ 2011 ਵਿੱਚ ਨੋਟੀਫਿਕੇਸ਼ਨ ਨੰ. 32/22/2001-ਪਪ-7/3842, ਮਿਤੀ 21.04.2011 ਰਾਹੀਂ "ਪਸ਼ੂ ਭਲਾਈ ਬੋਰਡ ਪੰਜਾਬ" ਦੀ ਸਥਾਪਨਾ ਕੀਤੀ ਹੋਈ ਹੈ। ਇਸ ਬੋਰਡ ਵਿੱਚ 8 ਸਰਕਾਰੀ ਅਤੇ 10 ਗੈਰ-ਸਰਕਾਰੀ ਮੈਂਬਰ ਹਨ। ਇਨ੍ਹਾਂ ਗੈਰ-ਸਰਕਾਰੀ ਮੈਂਬਰਾਂ ਦੀ ਮਿਆਦ ਖਤਮ ਹੋ ਚੁੱਕੀ ਹੈ ਅਤੇ ਇਨ੍ਹਾਂ ਦੀ ਨਵੀਂ ਨਾਮਜ਼ਦਗੀ ਦਾ ਕੇਸ ਵਿਚਾਰ ਅਧੀਨ ਹੈ।

(ੲ) ਪਸ਼ੂ ਭਲਾਈ ਬੋਰਡ ਪੰਜਾਬ ਦੇ ਗੈਰ-ਸਰਕਾਰੀ ਮੈਂਬਰਾਂ ਦੀ ਨਾਮਜ਼ਦਗੀ ਦੋ ਮਹੀਨੇ ਦੇ ਅੰਦਰ-ਅੰਦਰ ਕਰ ਦਿੱਤੀ ਜਾਵੇਗੀ।

ਸਪੀਕਰ ਸਾਹਿਬ, ਜਿਹੜਾ ਇਹ ਬੋਰਡ ਹੈ, ਇਹ ਸਾਲ 2011 ਵਿੱਚ ਬਣਿਆ ਸੀ ਅਤੇ ਇਸ ਦੀ ਟਰਮ ਸਾਲ 2018 ਵਿੱਚ ਖਤਮ ਹੋ ਗਈ ਹੈ। ਇਸ ਦੀ ਜਲਦੀ constitution ਕਰ ਦਿੱਤੀ ਜਾਵੇਗੀ। ਇਸ ਦੀ constitution ਦੋ ਮਹੀਨਿਆਂ ਵਿੱਚ ਪੂਰੀ ਹੋ ਜਾਵੇਗੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਪਸ਼ੂ ਭਲਾਈ ਬੋਰਡ ਹੈ, ਇਹ ਸਿਰਫ ਨਾਂ ਦਾ ਵੀ ਭਲਾਈ ਬੋਰਡ ਹੈ। ਇਸ ਦੀ ਮਨਸ਼ਾ ਅਸਲ ਵਿੱਚ ਇਹ ਹੈ ਕਿ ਇਹ ਪੰਜਾਬ ਦੀ ਭਲਾਈ ਲਈ ਬੋਰਡ ਹੈ ਕਿਉਂਕਿ ਸਾਡੇ ਸਟੇਟ ਦੇ ਵਿੱਚ ਕਿੰਨੀਆਂ ਹੀ ਮੌਤਾਂ ਬੇਸਹਾਰਾ ਪਸ਼ੂ ਜਿਹੜੇ ਅਵਾਰਾ ਤੁਰੇ ਫਿਰਦੇ ਹਨ, ਉਨ੍ਹਾਂ ਦੇ ਕਾਰਨ ਕਿੰਨੀਆਂ ਹੀ ਮੌਤਾਂ ਹੋ ਰਹੀਆਂ ਹਨ। ਮੰਤਰੀ ਸਾਹਿਬ ਕਹਿ ਰਹੇ ਹਨ ਕਿ ਇਸ ਬੋਰਡ ਦੀ ਟਰਮ ਸਾਲ 2018 ਵਿੱਚ ਖਤਮ ਹੋ ਗਈ ਸੀ। ਇਹ ਬੋਰਡ ਸਟੇਟ ਲੈਵਲ ਤੇ ਹੈ ਪਰੰਤੂ ਇਸ ਨੂੰ ਡ੍ਰਿਸਟ੍ਰਿਕਟ ਲੈਵਲ ਤੇ ਬਣਾਉਣਾ ਚਾਹੀਦਾ ਹੈ। ਕੀ ਮੰਤਰੀ ਜੀ ਇਹ ਦੱਸਣਗੇ ਕਿ ਇਸ ਬੋਰਡ ਨੂੰ ਡ੍ਰਿਸਟ੍ਰਿਕਟ ਲੈਵਲ ਤੇ ਕਦੋਂ ਤੱਕ ਬਣਾਉਣਗੇ ਔਰ ਇਸ ਦੇ ਵਿੱਚ ਜਿਹੜੀ ਪਬਲਿਕ ਪਾਰਟੀਸੀਪੇਸ਼ਨ ਹੈ, ਉਸ ਨੂੰ guaranteed ਕਰੋਗੇ? ਦੂਜਾ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਸਾਡੀਆਂ

Under Print
Not for Legal/Official use

ਗਊਸ਼ਾਲਾਵਾਂ ਹਨ, ਉਨ੍ਹਾਂ ਦੇ ਜਿਹੜੇ ਮੈਂਬਰ ਸਾਹਿਬਾਨ ਹਨ, ਕੀ ਇਸ ਪਸ਼ੂ ਭਲਾਈ ਬੋਰਡ ਦੇ ਸਕੋਪ ਵਿੱਚ ਉਨ੍ਹਾਂ ਦੀ ਇੰਸਪੈਕਸ਼ਨ ਨੂੰ ਵੀ ਲੈ ਕੇ ਆਓਗੇ? ਇਹ ਸਾਰੀਆਂ ਗੱਲਾਂ ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਜੀ।

**ਮੰਤਰੀ:** ਤੁਹਾਡੀਆਂ ਸੁਜ਼ੈਸ਼ਨਜ਼ ਬਹੁਤ ਵਧੀਆ ਹਨ, ਇਸ ਵਿੱਚ ਜ਼ਰੂਰ ਲੈ ਆਵਾਂਗੇ ਜੀ।

**ਸ਼੍ਰੀ ਪਵਨ ਕੁਮਾਰ ਟੀਨੂ (ਬੈਠੇ-ਬੈਠੇ):** ਇਨ੍ਹਾਂ ਦੀਆਂ ਸਾਰੀਆਂ ਗੱਲਾਂ ਮੰਨ ਲਈ ਜਾਇਆ ਕਰੋ ਅਤੇ ਸਾਡੀਆਂ ਨਾ ਮੰਨਿਆ ਕਰੋ। (ਹਾਸਾ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਸਪਲੀਮੈਂਟਰੀ ਜੀ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਐਨੀਮਲ ਵੈੱਲਫੇਅਰ ਬੋਰਡ ਹੈ, ਇਸ ਵਿੱਚ ਕਰੋੜਾਂ ਰੁਪਿਆ ਐਨੀਮਲ ਸੈੱਸ ਦੇ ਰੂਪ ਵਿੱਚ ਇਕੱਠਾ ਕੀਤਾ ਜਾਂਦਾ ਹੈ। ਕੀ ਤੁਸੀਂ ਫਲੋਰ ਆਫ ਦਿ ਹਾਊਸ ਵਿੱਚ ਇਹ ਵਿਸ਼ਵਾਸ ਦਿਵਾਉਗੇ ਕਿ ਇੱਕ-ਇੱਕ ਰੁਪਿਆ, ਐਨੀਮਲ ਵੈੱਲਫੇਅਰ ਤੇ ਹੀ ਖਰਚ ਕੀਤਾ ਜਾਵੇਗਾ, ਸੱਜੇ-ਖੱਬੇ ਨਹੀਂ ਖਰਚ ਕੀਤਾ ਜਾਵੇਗਾ ਅਤੇ ਪਿਛਲੇ ਤਿੰਨ ਸਾਲਾਂ ਦਾ ਵੀ ਦੱਸ ਦਿਓ, ਕਿ ਜਿੰਨਾ ਕਰੋੜਾਂ ਰੁਪਿਆ ਸੈੱਸ ਇਕੱਠਾ ਹੋਇਆ ਹੈ, ਕੀ ਉਹ ਐਨੀਮਲ ਵੈੱਲਫੇਅਰ ਤੇ ਖਰਚ ਹੋਇਆ ਹੈ ਕਿ ਨਹੀਂ ਹੋਇਆ?

**ਮੰਤਰੀ:** ਜਿਹੜਾ ਐਨੀਮਲ ਵੈੱਲਫੇਅਰ ਬੋਰਡ ਦਾ ਪੈਸਾ ਇਕੱਠਾ ਹੁੰਦਾ ਹੈ, ਉਹ ਪਸ਼ੂਆਂ ਲਈ ਡਿਸਪੈਂਸਰੀਜ਼ ਬਣਾਉਣ ਜਾਂ ਪਸ਼ੂ ਦੀ ਵੈੱਲਫੇਅਰ ਤੇ ਹੀ ਖਰਚ ਕੀਤਾ ਜਾਂਦਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਇਹ ਡਿਸਪੈਂਸਰੀ ਬਣਾਉਣ ਵਾਸਤੇ ਹੀ ਖਰਚ ਕੀਤਾ ਜਾਂਦਾ ਹੈ ਜਾਂ ਐਨੀਮਲ ਵੈੱਲਫੇਅਰ ਤੇ ਵੀ ਖਰਚ ਕੀਤਾ ਜਾਂਦਾ ਹੈ?

**ਮੰਤਰੀ:** ਇਸ ਦੇ ਨਾਲ-ਨਾਲ ਇਹ ਐਨੀਮਲ ਵੈੱਲਫੇਅਰ ਤੇ ਵੀ ਖਰਚ ਹੁੰਦਾ ਹੈ। ਜੇਕਰ ਕੋਈ ਹੋਰ ਲੋੜ ਪੈਂਦੀ ਹੈ ਤਾਂ ਉਸ ਲੋੜ ਲਈ ਵੀ ਖਰਚ ਲਿਆ ਜਾਂਦਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਐਨੀਮਲ ਵੈੱਲਫੇਅਰ ਤੇ ਖਰਚ ਹੁੰਦਾ ਹੈ ਜਾਂ ਇਮਾਰਤ ਬਣਾਉਣ ਤੇ ਖਰਚ ਹੁੰਦਾ ਹੈ?

**ਮੰਤਰੀ:** ਐਨੀਮਲ ਵੈੱਲਫੇਅਰ ਤੇ ਖਰਚ ਹੁੰਦਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸੋ, ਸਪੀਕਰ ਸਾਹਿਬ, ਮੇਰੀ ਗੱਲ ਦਾ ਜਵਾਬ ਨਹੀਂ ਆਇਆ ਹੈ। ਮੈਂ ਇਕੱਲਾ ਮੰਤਰੀ ਸਾਹਿਬ ਤੋਂ ਆਸ਼ਵਾਸਨ ਚਾਹੁੰਦਾ ਹਾਂ ਕੀ ਇੱਕ-ਇੱਕ ਰੁਪਿਆ ਜਿਹੜਾ ਇਕੱਠਾ ਹੁੰਦਾ ਹੈ, ਉਹ

Under Print
Not for Legal/Official use

ਐਨੀਮਲ ਵੈੱਲਫੇਅਰ ਤੇ ਹੀ ਖਰਚ ਹੋਵੇਗਾ। ਪਿਛਲੇ ਸਮੇਂ ਵਿੱਚ ਕੋਈ 2-3 ਸੌ ਕਰੋੜ ਰੁਪਿਆ ਇਕੱਠਾ ਹੋ ਗਿਆ ਅਤੇ ਸ਼ਹਿਰਾਂ ਵਿੱਚ ਹਾਲਾਤ ਜਾ ਕੇ ਵੇਖੋ ਤਾਂ ਪਸ਼ੂ ਅਵਾਰਾ ਤੁਰੇ ਫਿਰਦੇ ਹਨ, ਕੋਈ ਦੇਖਭਾਲ ਨਹੀਂ ਹੋ ਰਹੀ ਹੈ। ਮੌਤਾ ਹੋ ਰਹੀਆਂ ਹਨ। ਅੱਜ ਸਦਨ ਵਿੱਚ ਵਜ਼ੀਰ ਸਾਹਿਬ ਇਹ ਵਿਸ਼ਵਾਸ ਦਿਵਾ ਦੇਣ ਕਿ ਅਜਿਹੇ ਅਵਾਰਾ ਪਸ਼ੂਆਂ ਕਾਰਨ ਹੋ ਰਹੇ ਹਾਦਸਿਆਂ ਨੂੰ ਟਾਲਣ ਵਾਸਤੇ ਕਦਮ ਚੁੱਕਿਆ ਜਾਵੇਗਾ ਔਰ ਇੱਕ-ਇੱਕ ਰੁਪਿਆ ਪਸ਼ੂ ਸੰਭਾਲ ਲਈ ਖਰਚ ਹੋਵੇਗਾ, ਕੋਈ ਅਵਾਰਾ ਪਸ਼ੂ ਸੜਕਾਂ ਉੱਤੇ ਨਹੀਂ ਦਿਸੇਗਾ।ਮੰਤਰੀ ਜੀ, ਇਹ ਵਿਸ਼ਵਾਸ ਦਿਵਾ ਦੇਣ ।

**ਮਾਨਯੋਗ ਸਪੀਕਰ:** ਹਾਂ ਜੀ, ਕੁਲਤਾਰ ਸਿੰਘ ਜੀ, ਤੁਸੀਂ ਕੁਝ ਕਹਿਣਾ ਚਾਹੁੰਦੇ ਸੀ?

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਰ, ਲੀਡਰ ਆਫ ਦਿ ਆਪੋਜ਼ੀਸ਼ਨ ਖੜ੍ਹੇ ਹਨ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਹਰਪਾਲ ਸਿੰਘ ਚੀਮਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਪੰਜਾਬ ਵਿੱਚ ਜਿਹੜੀ ਹਜ਼ਾਰਾਂ ਏਕੜ ਜ਼ਮੀਨ ਹੈ, ਜਦੋਂ ਚੱਕਬੰਦੀ ਹੋਈ ਸੀ, ਮੁਰੱਬੇਬੰਦੀ ਹੋਈ ਸੀ ਤਾਂ ਉਹ ਜ਼ਮੀਨ ਗਊ ਚਰਾਂਦਾਂ ਲਈ ਛੱਡੀ ਗਈ ਸੀ।ਅਵਾਰਾ ਪਸ਼ੂਆਂ ਲਈ ਛੱਡੀ ਗਈ ਸੀ।ਮੈਂ ਸਮਝਦਾ ਹਾਂ ਕਿ ਅੱਜ ਉਸ ਜ਼ਮੀਨ ਉੱਤੇ ਬਹੁਤ ਵੱਡੀ ਗਿਣਤੀ ਵਿੱਚ ਨਾਜਾਇਜ਼ ਕਬਜ਼ੇ ਹੋ ਗਏ ਹਨ। ਕੀ ਪੰਜਾਬ ਸਰਕਾਰ ਜਿਹੜੀ ਜ਼ਮੀਨ ਨਜਾਇਜ਼ ਕਬਜ਼ਿਆਂ ਹੇਠ ਦੱਬੀ ਪਈ ਹੈ, ਉਸ ਨੂੰ ਛੁਡਾ ਕੇ, ਪਸ਼ੂਆਂ ਦੀ ਭਲਾਈ ਲਈ ਵਰਤੇਗੀ? ਕਿਉਂਕਿ ਅੱਜ ਦੀ ਜਿਹੜੀ ਵੱਡੀ ਸਮੱਸਿਆ ਹੈ, ਉਹ ਆਵਾਰਾ ਪਸ਼ੂਆਂ ਦੀ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਲਈ ਜਿਹੜੀ ਨਜਾਇਜ਼ ਕਬਜ਼ਿਆਂ ਹੇਠ ਜ਼ਮੀਨ ਦੱਬੀ ਹੋਈ ਹੈ, ਉਸ ਨੂੰ ਛੁਡਾਉਣਾ ਸਿਰਫ ਦੋ ਦਿਨਾਂ ਦਾ ਕੰਮ ਹੈ। ਇੰਨੀ ਪੱਧਰ ਤੇ ਮੌਤਾਂ ਹੋ ਰਹੀਆਂ ਹਨ, ਥਾਂ-ਥਾਂ ਐਕਸੀਡੈਂਟ ਹੋ ਰਹੇ ਹਨ। ਸਰਕਾਰ ਚਾਹੇ ਤਾਂ ਇੱਕ ਹਫਤੇ ਵਿੱਚ ਜ਼ਮੀਨ ਛੁਡਾ ਸਕਦੀ ਹੈ। ਹਰੇਕ ਸ਼ਹਿਰ ਵਿੱਚ, ਹਰੇਕ ਇਲਾਕੇ ਦੇ ਵਿੱਚ, ਹਰ ਜ਼ਿਲ੍ਹੇ ਦੇ ਵਿੱਚ 10-10, 15-15 ਹਜ਼ਾਰ ਏਕੜ ਜ਼ਮੀਨ ਖਾਲੀ ਪਈ ਹੈ। ਇਨ੍ਹਾਂ ਜ਼ਮੀਨਾਂ ਉਤੇ ਨਜਾਇਜ਼ ਕਬਜ਼ੇ ਹੋਏ ਪਏ ਹਨ, ਉਹ ਜ਼ਮੀਨ ਛੁਡਾ ਲਈ ਜਾਏ ਤਾਂ ਪਸ਼ੂਆਂ ਦੀ ਭਲਾਈ ਲਈ ਵਰਤੀ ਜਾ ਸਕੇਗੀ। ਜਿਹੜੇ ਅਵਾਰਾ ਪਸ਼ੂ ਤੁਰੇ ਫਿਰਦੇ ਹਨ, ਉਹ ਉਥੇ ਡੱਕ ਦਿੱਤੇ ਜਾਣਗੇ। ਜਿਹੜੀ ਸਮੱਸਿਆ ਹੈ, ਉਹ ਹੱਲ ਹੋ ਜਾਵੇਗੀ। ਮੈਂ ਚਾਹੁੰਦਾ ਹਾਂ ਕਿ ਮੰਤਰੀ ਜੀ ਜਵਾਬ ਦੇ ਦੇਣ ਕਿ ਕਿੰਨੇ ਸਮੇਂ ਵਿੱਚ ਇਹ ਨਜਾਇਜ਼ ਕਬਜ਼ਿਆਂ ਤੋਂ ਜ਼ਮੀਨ ਛੁਡਾ ਲਈ ਜਾਵੇਗੀ, ਇਹ ਕਿੰਨੇ ਚਿਰ ਵਿੱਚ ਕੰਮ ਕਰ ਦੇਣਗੇ।

**ਮੰਤਰੀ:** ਇਹ ਕੋਈ ਕਬਜ਼ਾ ਦੱਸ ਦੇਣ ਜੀ, ਉਹ ਜ਼ਰੂਰ ਖਾਲੀ ਕਰਵਾ ਦਿੱਤਾ ਜਾਵੇਗਾ।

Under Print
Not for Legal/Official use

**ਮਾਨਯੋਗ ਸਪੀਕਰ:** ਲੀਡਰ ਆਫ ਦਿ ਆਪੋਜ਼ੀਸ਼ਨ ਜੀ, ਦੇਖੋ, ਮੈਂ ਸਾਰੇ ਹਾਊਸ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਕੁਐਸਚਨ ਆਵਰ ਦੀ ਇੱਕ ਮਰਿਆਦਾ ਹੁੰਦੀ ਹੈ ਕਿ ਜਿਸ ਦਾ ਕੁਐਸਚਨ ਹੈ, ਉਹ ਕਿੰਨੀ ਸਪਲੀਮੈਂਟਰੀ ਪੁੱਛ ਸਕਦਾ ਹੈ। ਬਾਕੀ ਕਿੰਨੇ ਸਪਲੀਮੈਂਟਰੀ ਪੁੱਛ ਸਕਦੇ ਹਨ। ਜੇਕਰ ਇੱਕ ਸਵਾਲ ਨੂੰ ਲੈ ਕੇ ਆਪਾਂ ਬੈਠੇ ਰਹਾਂਗੇ ਤਾਂ ਬਾਕੀ ਸਵਾਲਾਂ ਦੀ ਵਾਰੀ ਨਹੀਂ ਆਉਣੀ। ਇਸ ਕਰਕੇ ਕ੍ਰਿਪਾ ਕਰਕੇ ਜਿਸ ਦਾ ਸਵਾਲ ਹੁੰਦਾ ਹੈ, ਪਹਿਲਾਂ ਉਸ ਨੂੰ ਪੁੱਛ ਲੈਣ ਦਿਆ ਕਰੋ। ਤੁਸੀਂ ਸਾਰੇ ਹੀ ਪੜ੍ਹੇ ਲਿਖੇ ਹੋ, ਸਾਰੇ ਹੀ ਜਾਣਦੇ ਹੋ।ਜਿਸ ਦਾ ਸਵਾਲ ਹੁੰਦਾ ਹੈ ਪਹਿਲਾਂ ਉਸ ਨੂੰ ਪੁੱਛ ਲੈਣ ਦਿਆ ਕਰੋ।Thank you. ਸਵਾਲ ਕੁਲਤਾਰ ਸਿੰਘ ਜੀ ਦਾ ਬਣਦਾ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮਾਨਯੋਗ  ਮੰਤਰੀ ਸਾਹਿਬ ਨੇ ਕਿਹਾ ਹੈ ਕਿ ਜਿਹੜਾ ਗਊ ਸੈੱਸ ਇਕੱਠਾ ਹੁੰਦਾ ਹੈ ਉਹ ਪਸ਼ੂ ਡਿਸਪੈਂਸਰੀਆਂ ਖੋਲ੍ਹਣ ਤੇ ਖਰਚ ਹੁੰਦਾ ਹੈ।ਇਹ ਹਾਊਸ ਦੀ ਅਤੇ ਮੇਰੀ ਜਾਣਕਾਰੀ ਵਿੱਚ ਵਾਧਾ ਕਰ ਦੇਵੋ ਕਿ ਕਿੰਨੀਆਂ ਡਿਸਪੈਂਸਰੀਆਂ ਬੰਦ ਕਰ ਦਿੱਤੀਆਂ ਹਨ ਅਤੇ ਕਿੰਨੀਆਂ ਖੋਲ੍ਹ ਦਿੱਤੀਆਂ ਹਨ। ਸਪੀਕਰ ਸਾਹਿਬ ਮੇਰੀ ਬੇਨਤੀ ਹੈ ਕਿ ਹਾਊਸ ਨੂੰ ਮਿਸ ਗਾਈਡ ਨਾ ਕੀਤਾ ਜਾਵੇ।

**ਮੰਤਰੀ :** ਜਿਹੜਾ ਗਊ ਸੈੱਸ ਹੁੰਦਾ ਹੈ ਉਹ ਕਈ ਤਰ੍ਹਾਂ ਦਾ ਇਕੱਠਾ ਹੁੰਦਾ ਹੈ। ਵੈਲਫੇਅਰ ਬੋਰਡ ਦਾ ਵੱਖਰਾ ਹੁੰਦਾ ਹੈ। ਇਸ ਕਰਕੇ ਇਹ ਜਿਹੜਾ ਗਊ ਸੈੱਸ ਦੇ ਬਾਰੇ ਸਵਾਲ ਹੈ ਇਹ ਤੁਸੀਂ ਵੱਖਰਾ ਕਰ ਲਓ। ਉਹ ਵੀ ਦੱਸ ਦੇਵਾਂਗੇ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: *2460**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

**ਨਿਸ਼ਾਨ ਵਾਲਾ ਪ੍ਰਸ਼ਨ ਨੰ: *2357**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

**ਨਿਸ਼ਾਨ ਵਾਲਾ ਪ੍ਰਸ਼ਨ ਨੰ: *2466**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

**ਹਿੰਦੂ ਕੋਆਪ੍ਰੇਟਿਵ ਬੈਂਕ ਨੂੰ ਮੁੜ ਸੁਰਜੀਤ ਕਰਨਾ**

Under Print
Not for Legal/Official use

*2475. **ਸ਼੍ਰੀ ਅਮਿਤ ਵਿਜ:** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਿੰਦੂ ਕੋਆਪਰੇਟਿਵ ਬੈਂਕ ਨੂੰ ਮੁੜ ਸੁਰਜੀਤ ਕਰਨ ਸਬੰਧੀ ਕਦੋਂ ਤੱਕ ਫੈਸਲਾ ਲਿਆ ਜਾਵੇਗਾ ਤਾਂ ਜੋ ਲਗਭਗ 80,000 ਖਾਤਾ ਧਾਰਕਾਂ ਅਤੇ ਲਗਭਗ 22,000 ਅਦਾਇਗੀ ਖਾਤਾ ਯੂਜਰਜ਼ ਜਿਹੇ ਜ਼ਰੂਰਤ ਮੰਦ ਲੋਕਾਂ ਦੀ ਉਮਰ ਭਰ ਦੀ ਬੱਚਤ ਨੂੰ ਸੁਰੱਖਿਅਤ ਰੱਖਿਆ ਜਾ ਸਕੇ?

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** ਬੈਂਕ ਵੱਲੋਂ ਆਪਣੀ ਕਾਰਗੁਜ਼ਾਰੀ ਸੁਧਾਰਦੇ ਹੋਏ ਖਾਤਾ ਧਾਰਕਾਂ ਨੂੰ ਪਹਿਲਾਂ ਵਾਲੀ ਨਕਦੀ 4000 ਰੁਪਏ 06 ਮਹੀਨੇ ਵਿੱਚ ਇੱਕ ਵਾਰ ਕਢਵਾਉਣ ਨੂੰ ਵਧਾ ਕੇ 10,000 ਰੁਪਏ ਕੀਤੀ ਗਈ ਅਤੇ ਹੁਣ ਮਿਤੀ 13.01.2020 ਤੋਂ 25,000 ਰੁਪਏ ਕਰ ਦਿੱਤੀ ਗਈ ਹੈ। ਬੈਂਕ ਵੱਲੋਂ 4208 ਕੇਸ ਮੁਬਲਗ ਰਕਮ 1628.18 ਲੱਖ ਰੁਪਏ ਖਾਤਾ ਧਾਰਕਾਂ ਨੂੰ ਵਿਆਹ, ਪੜ੍ਹਾਈ, ਸਿਹਤ ਦੇ ਇਲਾਜ ਅਤੇ ਆਮ ਜ਼ਰੂਰਤਾਂ ਲਈ ਰਿਜ਼ਰਵ ਬੈਂਕ ਆਫ ਇੰਡੀਆ ਵੱਲੋਂ ਪ੍ਰਵਾਨਗੀ ਪ੍ਰਾਪਤ ਕਰਕੇ ਅਦਾਇਗੀ ਕੀਤੀ ਗਈ। ਬੈਂਕ ਵੱਲੋਂ ਆਪਣੇ 25 ਕਰਮਚਾਰੀ ਡੀ.ਸੀ.ਸੀ.ਬੀ ਵਿੱਚ ਵਿਭਾਗ ਦੀ ਮਦਦ ਨਾਲ ਡੈਪੂਟੇਸ਼ਨ ਤੇ ਭੇਜੇ ਗਏ। ਇਸ ਨਾਲ ਬੈਂਕ ਨੂੰ ਸਾਲਾਨਾ ਲਗਭਗ ਰੁ: 1.16 ਕਰੋੜ ਦਾ ਫਾਇਦਾ ਹੋਇਆ। ਬੈਂਕ ਵੱਲੋਂ ਅੱਜ ਤੱਕ ਆਪਣੇ ਸਮੁੱਚੇ ਘਾਟੇ ਰੁ: 5649.52 ਲੱਖ ਤੋਂ ਰੁ: 2285.85 ਲੱਖ ਘੱਟ ਕਰ ਲਿਆ ਗਿਆ ਹੈ। ਬੈਂਕ ਵੱਲੋਂ ਆਰ.ਬੀ.ਆਈ. ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਕਰਜ਼ੇ ਦੀ ਰਿਕਵਰੀ ਵਿੱਚ ਰੁ: 38 ਕਰੋੜ ਕਰਨ ਵਿੱਚ ਸਫਲ ਹੋਇਆ ਹੈ। ਬੈਂਕ ਵੱਲੋਂ ਆਪਣੇ ਦੋ ਬ੍ਰਾਂਚ ਦਫਤਰਾਂ ਨੂੰ ਹੈੱਡ ਆਫਿਸ ਵਿੱਚ ਸ਼ਿਫਟ ਕਰਕੇ ਖਰਚੇ ਵਿੱਚ ਲਗਭਗ 20 ਲੱਖ ਰੁਪਏ ਦੀ ਕਟੌਤੀ ਕੀਤੀ ਗਈ ਹੈ। ਇਸ ਤਰੀਕੇ ਨਾਲ ਆਰ.ਬੀ.ਆਈ. ਦੀਆਂ ਗਾਈਡਲਾਈਨਜ਼ ਮੁਤਾਬਿਕ ਇਸ ਬੈਂਕ ਨੂੰ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ।

ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਐਮ.ਐਲ.ਏ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਹਿੰਦੂ ਕੋਆਪ੍ਰੇਟਿਵ ਬੈਂਕ ਪਠਾਨਕੋਟ ਬੈਂਕ ਹੋਂਦ ਵਿੱਚ ਆਇਆ ਸੀ। ਇਹ ਪਠਾਨਕੋਟ ਦਾ ਬਹੁਤ ਪੁਰਾਣਾ ਅਤੇ ਸਭ ਤੋਂ successful ਬੈਂਕ ਸੀ ਜਿਹੜਾ ਉੱਥੇ ਬਹੁਤ ਚੱਲ ਰਿਹਾ ਸੀ। ਉੱਥੇ ਤਕਰੀਬਨ 80 ਹਜਾਰ ਡਿਪੋਜ਼ੀਟਰਜ਼ ਦਾ ਪੈਸਾ ਇਸ ਬੈਂਕ ਵਿੱਚ ਡਿਪੋਜ਼ਿਟ ਸੀ। ਉਸ ਤੋਂ ਬਾਅਦ ਇਹ ਬੈਂਕ NPO ਹੋ ਗਿਆ ਅਤੇ ਡਿਫਾਲਟਰ ਹੋ ਗਿਆ। ਉਸ ਸਮੇਂ RBI ਨੇ ਇਸ ਤੇ restrictions ਲਗਾ ਦਿੱਤੀਆਂ। ਇਸ ਬੈਂਕ ਵਿੱਚ ਜਿਹੜੇ ਪਹਿਲਾਂ ਡਿਫਾਲਟਰ ਸਨ ਅਤੇ ਇੱਥੇ employee 6 ਬਰਾਂਚਾਂ ਵਿੱਚ 174 ਬੰਦੇ ਭਰਤੀ ਕਰ ਦਿੱਤੇ ਗਏ ਸਨ ਜਦਕਿ ਉੱਥੇ ਟੋਟਲ ਗਿਣਤੀ 56 ਦੀ ਚਾਹੀਦੀ ਸੀ। ਇਸ ਦਾ ਮਤਲਬ ਉੱਥੇ 124 ਬੰਦੇ ਵਾਧੂ ਭਰਤੀ ਕਰ ਦਿੱਤੇ ਗਏ। ਸਭ ਤੋਂ ਪਹਿਲਾਂ 25 ਮਾਰਚ, 2019 ਨੂੰ 4,000/- ਤੋਂ ਵੱਧ, 6 ਮਹੀਨਿਆਂ ਦੇ ਵਿੱਚ ਕੋਈ ਵੀ ਡਿਪਾਜ਼ਿਟਰ ਪੈਸਾ ਨਹੀਂ ਕਢਵਾ ਸਕਦਾ। ਫਿਰ ਅਸੀਂ RBI ਨੂੰ ਰਿਕੂਐਸਟ ਕੀਤੀ ਜਿਸ ਤੇ ਉਨ੍ਹਾਂ ਨੇ 24

Under Print
Not for Legal/Official use

ਸਤੰਬਰ ਨੂੰ ਉਨ੍ਹਾਂ ਨੇ ਲਿਮਟ 10 ਹਜ਼ਾਰ ਰੁਪਏ ਕਰ ਦਿੱਤੀ। ਫਿਰ ਉਨ੍ਹਾਂ ਨਾਲ ਸਾਡੇ ਅਫਸਰਾਂ ਨੇ ਚੰਡੀਗੜ੍ਹ ਅਤੇ ਮੁੰਬਈ ਜਾ ਕੇ ਗੱਲ ਕੀਤੀ ਕਿ ਜਿਨ੍ਹਾਂ ਦੇ ਉੱਥੇ ਪੈਸੇ ਜਮ੍ਹਾਂ ਹਨ ਉਨ੍ਹਾਂ ਦਾ ਕੀ ਕਸੂਰ ਹੈ, ਜਿਸ ਤੋਂ ਬਾਅਦ ਉਨ੍ਹਾਂ ਨੇ 25000 ਰੁਪਏ ਲਿਮਿਟ ਕਰ ਦਿੱਤੀ। ਇਸ ਦੇ ਸਬੰਧ ਵਿੱਚ ਜਿਹੜਾ ਉਸ ਵੇਲੇ ਦਾ ਐਮ.ਡੀ. ਸੀ ਉਸ ਤੇ ਐਫ.ਆਈ.ਆਰ ਹੋਈ, ਹਾਈ ਕੋਰਟ ਵਿੱਚ ਉਸ ਦੀ ਬੇਲ ਵੀ ਰਿਜੈਕਟ ਹੋ ਗਈ। ਉਹ ਅਜੇ J & K ਵਿੱਚ ਰਹਿ ਰਿਹਾ ਹੈ। ਉਸ ਨੂੰ ਸਾਡੇ ਬੰਦੇ 2-3 ਵਾਰ ਅਰੈਸਟ ਵੀ ਕਰਨ ਗਏ ਪਰ ਉਹ ਅਰੈਸਟ ਨਹੀਂ ਹੋ ਸਕਿਆ। ਐਮ.ਐਲ.ਏ. ਸਾਹਿਬ ਨੂੰ ਸਭ ਕੁਝ ਪਤਾ ਵੀ ਹੈ ਇਹ ਉਸ ਵੇਲੇ ਮੇਰੇ ਨਾਲ ਵੀ ਜਾਂਦੇ ਰਹੇ। ਇਸ ਤੋਂ ਬਾਅਦ ਅਸੀਂ ਫਿਰ ਆਰ.ਬੀ.ਆਈ. ਨੂੰ ਰਿਕੁਐਸਟ ਕੀਤੀ ਹੈ ਕਿ ਜਿਹੜੇ ਲੋਕਾਂ ਦਾ ਪੈਸਾ ਇੱਥੇ ਜਮ੍ਹਾਂ ਹੈ ਉਨ੍ਹਾਂ ਦਾ ਕੀ ਕਸੂਰ ਹੈ, ਕਿੰਨਿਆਂ ਦੇ ਬੱਚਿਆਂ ਦਾ ਵਿਆਹ, ਪੜ੍ਹਾਈ ਦਾ ਖਰਚਾ, ਮੈਡੀਕਲ ਦਾ ਖਰਚਾ ਹੁੰਦਾ ਹੈ ਤਾਂ ਉਨ੍ਹਾਂ ਨੇ ਸਾਨੂੰ 4200 ਬੰਦਿਆਂ ਬਾਰੇ ਜਿਨ੍ਹਾਂ ਨੇ ਅਪਲਾਈ ਕੀਤਾ ਸੀ ਤਾਂ ਅਸੀਂ ਉਨ੍ਹਾਂ ਨੂੰ 16 ਕਰੋੜ ਰੁਪਿਆ ਦਿਵਾ ਚੁੱਕੇ ਹਾਂ ਇਸ ਦੇ ਨਾਲ ਹੀ ਅਸੀਂ 25 ਬੰਦਿਆਂ ਨੂੰ ਜਿਨ੍ਹਾਂ ਬਾਰੇ ਆਰ.ਬੀ.ਆਈ. ਨੇ ਕਿਹਾ ਸੀ ਅਸੀਂ ਉਨ੍ਹਾਂ 25 ਬੰਦਿਆਂ ਨੂੰ ਹੋਰ ਵੱਖ ਵੱਖ ਜ਼ਿਲ੍ਹਿਆਂ ਵਿੱਚ ਡੈਪੂਟੇਸ਼ਨ ਤੇ ਭੇਜ ਦਿੱਤਾ ਹੈ, 24 ਬੰਦੇ ਪਾਈਪ ਲਾਈਨ ਵਿੱਚ ਹਨ। ਉਨ੍ਹਾਂ ਨੂੰ ਵੀ ਇੱਕ ਅੱਧੇ ਦਿਨ ਵਿੱਚ ਕਿਤੇ ਐਡਜਸਟ ਕਰਾਂਗੇ। ਬਾਕੀ ਇੰਪਲਾਇਜ਼ ਨੇ ਆਪਣੀ consent ਨਹੀਂ ਦਿੱਤੀ। ਉਹ ਆਪਣੀ ਕੰਸੈਂਟ ਨਹੀਂ ਦੇ ਰਹੇ। ਕਿਉਂਕਿ ਆਰ.ਬੀ.ਆਈ. ਨੇ ਰੋਕ ਲਗਾਈ ਹੋਈ ਹੈ। ਜੱਦ ਤੱਕ ਉਹ ਰੋਕ ਨਹੀਂ ਹਟਾਉਂਦੇ ਬੈਂਕ ਨਹੀਂ ਚਲਣਾ। ਉਨ੍ਹਾਂ ਨੇ ਬਿਨਾਂ ਕਿਸੇ ਗਰੰਟੀ ਤੋਂ ਲੋਕਾਂ ਨੂੰ ਲੋਨ ਦਿੱਤੇ, ਕਿਸੇ ਵਾਸਤੇ 5 ਕਰੋੜ, 10 ਕਰੋੜ ਅਤੇ 22 ਕਰੋੜ ਦਿੱਤੇ। ਉਨ੍ਹਾਂ ਵਿਚੋਂ ਹੁਣ ਤੱਕ ਅਸੀਂ ਜਿਹੜੀ ਰਿਕਵਰੀ ਕੀਤੀ ਹੈ ਉਹ ਇੱਕ ਸਾਲ ਵਿੱਚ 38 ਕਰੋੜ ਰੁਪਏ ਦੀ ਕੀਤੀ ਹੈ। ਬਾਕੀਆਂ ਦੇ ਖਿਲਾਫ ਅਸੀਂ ਵਾਰੰਟ ਲੈ ਲਏ ਅਤੇ ਪੁਲਿਸ ਵਾਲਿਆਂ ਦੇ ਨਾਲ ਬੈਂਕ ਵਾਲੇ ਵੱਖ ਵੱਖ ਥਾਵਾਂ ਤੇ ਜਾ ਕੇ ਕਾਰਵਾਈ ਕਰ ਰਹੇ ਹਨ।ਵੱਖ ਵੱਖ ਥਾਵਾਂ ਤੇ ਜਾ ਕੇ ਅਸੀਂ ਕਾਰਵਾਈ ਕਰ ਵੀ ਰਹੇ ਹਨ ।ਬੈਂਕ ਵਾਲੇ ਸਾਡੇ ਨਾਲ ਹਨ।

**ਮਾਨਯੋਗ ਸਪੀਕਰ:** ਕਿਸੇ ਵੱਡੇ ਆਦਮੀ ਦੇ ਵਾਰੰਟ ਵੀ ਲਏ ਜਾਂ ਗਰੀਬ ਆਦਮੀਆਂ ਦੇ ਹੀ ਵਾਰੰਟ ਲਈ ਜਾ ਰਹੇ ਹੋ?

**ਮੰਤਰੀ:** ਸਾਰੇ ਵਾਰੰਟ ਵੱਡੇ ਆਦਮੀਆਂ ਦੇ ਹੀ ਹਨ। ਉਨ੍ਹਾਂ ਵਿੱਚ ਕੋਈ ਗਰੀਬ ਆਇਆ ਹੀ ਨਹੀਂ ਹੈ। ਇਸ ਵਿੱਚ 5 ਕਰੋੜ, 7 ਕਰੋੜ ਅਤੇ 10 ਕਰੋੜ ਇਹ ਸਾਰੇ ਇਸ ਤਰ੍ਹਾਂ ਦੇ ਹਨ। ਤਕਰੀਬਨ 90 ਕਰੋੜ ਇਹੋ ਜਿਹੇ ਆਦਮੀਆਂ ਨੂੰ ਦਿੱਤਾ ਜਿਨ੍ਹਾਂ ਨੇ ਪੈਸਾ ਮੋੜਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਉਹ ਅੰਦਰ ਜੇਲ੍ਹਾਂ ਦੇ ਵਿੱਚ ਵੀ ਬੈਠੇ ਹਨ। ਉਨ੍ਹਾਂ ਦੇ ਵਿੱਚ ਅਸੀਂ 2 ਬਰਾਂਚਾਂ ਮਰਜ ਕਰਕੇ ਬੰਦ ਕਰ ਦਿੱਤੀਆਂ ਹਨ। ਉਸ ਦੇ ਨਾਲ ਸਾਨੂੰ 20 ਕੁ

Under Print
Not for Legal/Official use

ਲੱਖ ਬਚਿਆ ਹੈ। ਪਹਿਲਾਂ ਸਾਨੂੰ ਐਡਮਿਨਸਟ੍ਰੇਟਰ ਕੋਲ ਜਾਣਾ ਪੈਂਦਾ ਸੀ, ਹੁਣ ਜ਼ਿਲ੍ਹੇ ਦੇ ਡੀ.ਸੀ. ਨੂੰ ਹੀ ਬੈਂਕ ਦਾ ਐਡਮਿਨਸਟ੍ਰੇਟਰ ਲਗਾ ਦਿੱਤਾ ਹੈ ਤਾਂ ਕਿ ਜਿਹੜੇ ਵਾਰੰਟ ਕਰਨੇ ਹਨ ਉਹ ਉਸੇ ਸਮੇਂ ਕਰ ਸਕੇ। ਮੈਂ ਐਮ.ਐਲ.ਏ. ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਸਬੰਧੀ ਕੈਪਟਨ ਸਾਹਿਬ ਨਾਲ ਵੀ ਗੱਲ ਹੋਈ ਸੀ, ਅਸੀਂ ਇਸ ਨੂੰ ਵੇਖ ਰਹੇ ਹਾਂ ਕਿਉਂਕਿ ਇਹ ਪ੍ਰਾਈਵੇਟ ਬੈਂਕ ਹੈ ਇਸ ਲਈ ਇਸ ਬੈਂਕ ਨੂੰ ਕਿਸੇ ਤਰੀਕੇ ਨਾਲ ਕੋਆਪਰੇਟਿਵ ਬੈਂਕ ਦੇ ਵਿੱਚ ਮਰਜ ਕਰਨ ਦੀ ਤਜਵੀਜ਼ ਵੀ ਹੈ।

**ਸ਼੍ਰੀ ਅਮਿਤ ਵਿਜ :** ਸਰ, ਧੰਨਵਾਦ ਜੀ। ਸਰ, ਮੈਂ ਆਨਰੇਬਲ ਸੀ.ਐਮ. ਸਾਹਿਬ ਦਾ ਅਤੇ ਆਨਰੇਬਲ ਕੈਬਨਿਟ ਮਨਿਸਟਰ ਸਾਹਿਬ ਦਾ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ ਕਿਉਂਕਿ ਇਸ ਬੈਂਕ ਵਿੱਚ 300 ਕਰੋੜ ਰੁਪਏ ਦੀ ਰਾਸ਼ੀ ਡਿਪਾਜ਼ਿਟਡ ਹੈ। ਇਸ ਦੇ ਲਈ ਅਸੀਂ ਜੇਕਰ ਡਿਟੇਲ ਦੇ ਵਿੱਚ ਜਾਈਏ ਤਾਂ ਅਸੀਂ ਦੇਖਦੇ ਹਾਂ ਕਿ ਜਿਹੜੇ ਆਦਮੀ ਆਪਣੀ ਰੋਜ਼ੀ-ਰੋਟੀ ਰਿਕਸ਼ਾ ਚਲਾ ਕੇ, ਆਟੋ ਚਲਾ ਕੇ ਜਾਂ ਸਬਜ਼ੀਆਂ ਵੇਚ ਕੇ ਜਾਂ ਜਿਹੜੇ ਸਮਾਲ ਬਿਜ਼ਨੈਸ ਮੈਨ ਹਨ ਉਨ੍ਹਾਂ ਦਾ ਪੈਸਾ involved ਹੈ। ਅਸੀਂ ਜਦੋਂ ਇਨ੍ਹਾਂ ਬੰਦਿਆਂ ਨਾਲ ਇੰਟਰੈਕਟ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ 15-15, 20-20 ਸਾਲ ਦੀ ਕਮਾਈ ਡਿਪਾਜ਼ਿਟਡ ਹੈ, ਉਨ੍ਹਾਂ ਨੇ ਇਹ ਪੂੰਜੀ ਆਪਣੇ ਬੱਚਿਆਂ ਦੇ ਵਿਆਹਾਂ ਵਾਸਤੇ ਰੱਖੀ ਹੋਈ ਹੈ।It is not more than 2 lakh to 3 lakh.

**ਮਾਨਯੋਗ ਸਪੀਕਰ :** ਸਵਾਲ ਪੁੱਛੋ, ਸਵਾਲ ਪੁੱਛੋ।

**ਸ਼੍ਰੀ ਅਮਿਤ ਵਿਜ :** ਜੀ ਸਰ, ਮੈਂ ਉਸੇ ਤੇ ਆ ਰਿਹਾ ਹਾਂ। ਇਸ ਵਾਸਤੇ ਆਰ.ਬੀ.ਆਈ. ਦੀਆਂ ਜਿਹੜੀਆਂ ਗਾਈਡਲਾਈਨਜ਼ ਹਨ, ਉਸ ਵਿੱਚ ਅਸੀਂ ਦੋ ਹੀ ਡਿਸੀਜ਼ਨ ਲੈਣੇ ਹਨ ਜਿਹੜਾ ਕਿ ਮਨਿਸਟਰ ਸਾਹਿਬ ਲੈ ਰਹੇ ਹਨ। ਪਹਿਲਾ ਇਹ ਹੈ ਕਿ ਇਸ ਬੈਂਕ ਵਿੱਚ 170 ਲੋਕ ਰੱਖੇ ਗਏ।ਉਸ ਵਿੱਚ ਨਾ ਰਜਿਸਟਰਾਰ ਦੀ ਅਪਰੂਵਲ ਹੈ, ਨਾ ਹੀ ਉੱਪਰੋਂ ਕਿਸੇ ਗੌਰਮਿੰਟ ਦੀ ਅਪਰੂਵਲ ਹੈ। ਉਸ ਬੈਂਕ ਵਿੱਚ ਜਿੰਨੇ ਵੀ ਗਰੀਬ ਲੋਕਾਂ ਦਾ ਪੈਸਾ ਜਮ੍ਹਾਂ ਹੈ, ਉਸ ਨੂੰ ਰਿਸਕ ਤੇ ਰੱਖ ਕੇ ਸਿਰਫ ਇੱਕ 25 ਏਕੜ ਦੀ ਪ੍ਰਾਪਰਟੀ ਸ਼ੋਅ ਕੀਤੀ ਗਈ ਹੈ। ਉਹ ਪ੍ਰਾਪਰਟੀ ਉੱਥੇ ਐਗਜਿਸਟ ਨਹੀਂ ਕਰਦੀ ਹੈ। ਉਸ ਦੇ ਪੇਪਰਾਂ ਨੂੰ ਕਲੀਅਰੈਂਸ ਦਿੱਤੀ ਗਈ ਹੈ। ਉਸ ਉੱਪਰ ਹੀ ਉਨ੍ਹਾਂ ਨੂੰ ਲੋਨ, ਫੇਰ ਡੈੱਟ ਤੇ ਫਿਰ ਲੋਨ, ਫੇਰ ਡੈੱਟ ਅਤੇ ਫਿਰ ਲੋਨ ਦਿੱਤਾ ਹੈ। ਸਰ, ਮੈਂ ਮਨਿਸਟਰ ਸਾਹਿਬ ਨੂੰ ਇਹ ਸਵਾਲ ਕਰਨਾ ਚਾਹੁੰਦਾ ਹਾਂ ਕਿ ਇਹ ਫਾਈਨਾਂਸ਼ੀਅਲ ਫਰਾਡ ਹੈ। ਇਸ ਦੀ ਇਨਕੁਆਰੀ ਕਰਾਈਮ ਜਾਂ ਵਿਜੀਲੈਂਸ ਕੋਲੋਂ ਨਹੀਂ, ਮੈਂ ਚਾਹੁੰਦਾ ਹਾਂ ਕਿ ਇਸ ਦੀ ਫੋਰੈਂਸਿਕ ਇਨਕੁਆਰੀ ਕੀਤੀ ਜਾਵੇ, ਕਿਉਂਕਿ It's a financial fraud. It should be enquired by a Forensic Team ਜਿਹੜਾ ਆ ਕੇ ਪੂਰਾ ਫਰਾਡ ਕੱਢੇ। ਜੋ ਵੀ ਐਕਚੂਅਲ ਹੈ ਉਸ ਉੱਤੇ ਡਿਸੀਜ਼ਨ ਲਏ ਜਾਣ। ਸੈਕਿੰਡਲੀ ਸਰ, ਅੱਜ ਕੱਲ੍ਹ ਆਰ.ਬੀ.ਆਈ.

Under Print
Not for Legal/Official use

ਬੜੀ ਸਟਰਿੱਕਟ ਹੈ, they will not allow us to start the bank. ਮੈਂ ਮਨਿਸਟਰ ਸਾਹਿਬ ਨੂੰ ਇਹ ਰਿਕੁਐਸਟ ਜ਼ਰੂਰ ਕਰਾਂਗਾ ਕਿ ਇਹ ਜਿਹੜੇ 25 ਕਰਮਚਾਰੀਆਂ ਦਾ ਡਿਸੀਜ਼ਨ ਲੈ ਲਿਆ ਹੈ, ਹੁਣ ਬਾਕੀ ਜਿਹੜੇ 70 ਰਹਿੰਦੇ ਹਨ ਉਸ ਤੇ ਐਸ਼ੋਰੈਂਸ ਕਰ ਦੇਣ ਅਤੇ ਇਹ ਡੈਪੂਟੇਸ਼ਨ ਤੇ ਇੱਕਦਮ ਡਿਸੀਜ਼ਨ ਲੈਣ ਕਿਉਂਕਿ ਆਰ.ਬੀ.ਆਈ. ਦੀ 25 ਮਾਰਚ ਨੂੰ ਲਾਸਟ ਡੇਟ ਹੈ। ਆਰ.ਬੀ.ਆਈ. ਦੀ ਅਗਲੀ ਮੀਟਿੰਗ ਹੈ। ਉਸ ਮੀਟਿੰਗ ਵਿੱਚ ਸਾਨੂੰ ਬਰੀਫ ਕਰਨਾ ਪੈਣਾ ਕਿ what action we have taken ਤਾਂ ਕਿ ਅਸੀਂ ਆਰ.ਬੀ.ਆਈ. ਨੂੰ ਜਾ ਕੇ ਦੱਸ ਸਕਾਂਗੇ ਕਿ ਜਿਹੜੀ ਤੁਸੀਂ ਸੈਕਿੰਡ ਕੰਡੀਸ਼ਨ ਲਾਈ ਸੀ ਉਸ ਤੇ ਅਸੀਂ ਡਿਸੀਜ਼ਨ ਲੈ ਲਿਆ ਹੈ।

**ਮੰਤਰੀ :** ਸਪੀਕਰ ਸਾਹਿਬ, ਜਿਵੇਂ ਇਨ੍ਹਾਂ ਨੇ ਕਿਹਾ ਹੈ ਇਹ ਵਾਕਿਆ ਹੀ ਠੀਕ ਹੈ ਅਤੇ ਅਤੇ ਅਸੀਂ ਉਸ ਟਾਈਮ ਦੇ ਐਮ.ਡੀ. ਦੇ ਅਗੇਂਸਟ ਪਰਚਾ ਦਿੱਤਾ ਹੈ, ਐਫ.ਆਈ.ਆਰ. ਹੋਈ ਹੋਈ ਹੈ। 25 ਏਕੜ ਵਾਲੀ ਉੱਥੇ ਕੋਈ ਗੱਲ ਹੈ ਨਹੀਂ, ਉਹ ਉਨ੍ਹਾਂ ਨੇ ਵੈਸੇ ਹੀ ਬੋਗਸ ਕੀਤੀ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਉਹ ਕੋਈ ਹੋਰ ਗੱਲ ਕਹਿ ਗਏ। ਨੱਟਸ਼ੈੱਲ ਉਹ ਕਹਿ ਰਹੇ ਹਨ ਕਿ ਜੇ ਤੁਸੀਂ ਫੋਰੈਂਸਿਕ ਅਪਰੂਵ ਕਰਵਾ ਦਿਓ ਤਾਂ...

**ਮੰਤਰੀ :** ਸਰ, ਮੈਂ ਉਸੇ ਤੇ ਹੀ ਆ ਰਿਹਾ ਹਾਂ। ਸਾਨੂੰ ਐਮ.ਐਲ.ਏ ਸਾਹਿਬ ਜਾਂ ਜਿਹੜੇ ਡਿਪਾਜ਼ਟਰਜ਼ ਹਨ, ਉਹ ਸਾਨੂੰ ਲਿਖ ਕੇ ਦੇਣਗੇ ਤਾਂ ਉਸੇ ਵੇਲੇ ਹੀ ਇਨਕੁਆਰੀ ਮਾਰਕ ਕਰ ਦਿੱਤੀ ਜਾਵੇਗੀ।

**ਮਾਨਯੋਗ ਸਪੀਕਰ :** ਹਾਂ ਜੀ, ਐਮ.ਐਲ.ਏ. ਸਾਹਿਬ ਇਹ ਲਿਖ ਕੇ ਭਿਜਵਾ ਦਿਓ ਜੀ।

**ਸ਼੍ਰੀ ਅਮਿਤ ਵਿਜ :** ਠੀਕ ਹੈ ਜੀ।

**ਮੰਤਰੀ :** ਇੱਕ ਹੋਰ ਗੱਲ ਜਿਹੜੀ ਐਮ.ਐਲ.ਏ. ਸਾਹਿਬ ਨੇ ਇੰਪਲਾਈਜ਼ ਦੀ ਕੀਤੀ ਹੈ। ਅਸੀਂ ਉਥੇ ਇੰਪਲਾਈਜ਼ ਜ਼ਰੂਰ ਭੇਜਾਂਗੇ। ਲੇਕਿਨ ਇਹ ਲੋਕ ਸਾਡੇ ਕੋਲ ਆ ਕੇ ਨਾ ਕਹਿਣ ਕਿ ਇਸ ਦੀ ਹੁਣ ਟਰਾਂਸਫਰ ਨਾ ਹੋਵੇ। ਇਹ ਵੀ ਐਨਸ਼ੋਅਰ ਕਰਵਾ ਦਿਓ।

**ਸ਼੍ਰੀ ਅਮਿਤ ਵਿਜ:** ਸਰ, ਫੋਰੈਂਸਿਕ ਇਨਕੁਆਰੀ ਤੋਂ ਬਾਅਦ ਮੇਰੀ ਗੁਜ਼ਾਰਿਸ਼ ਹੈ ਕਿ 10 ਮਾਰਚ ਤੋਂ ਪਹਿਲਾਂ ਡੈਪੂਟੇਸ਼ਨ ਤੇ ਡਿਸੀਜ਼ਨ ਲੈ ਲੈਣ। ਜੋ ਰਿਜ਼ਰਵ ਬੈਂਕ ਆਫ ਇੰਡੀਆ ਦੀ ਸੈਕਿੰਡ ਕੰਡੀਸ਼ਨ ਹੈ ਉਹ ਜਿਵੇਂ ਤੁਸੀਂ ਵੀ ਪੁੱਛਿਆ ਹੈ ਕਿ ਵੱਡੇ ਬੰਦਿਆਂ ਤੇ ਵੀ ਐਫ.ਆਈ.ਆਰ. ਕੀਤੀ ਹੈ ਜਾਂ ਨਹੀਂ। ਇਹ ਸਾਰੇ ਵੱਡੇ ਬੰਦਿਆਂ ਤੇ ਹੀ ਹੋਈ ਹੈ ਜਿਨ੍ਹਾਂ ਨੇ ਫਰਾਡ ਕੀਤਾ ਹੈ। ਉਸ ਵਾਸਤੇ ਮੈਂ ਮੁਬਾਰਕ ਦੇਣਾ ਚਾਹੁੰਦਾ ਹਾਂ। ਮੈਂ ਸ਼ਹਿਰ ਵਾਸੀਆਂ ਨੂੰ ਵੀ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਵੀ ਇਸ ਮਾਮਲੇ ਵਿੱਚ ਇੰਟਰਫੀਅਰ ਨਹੀਂ ਕੀਤਾ। ਸਰ, ਅਸੀਂ 38 ਕਰੋੜ ਰੁਪਿਆ ਹੋਰ ਰਿਕਵਰ ਕਰਨਾ ਹੈ। ਮੈਂ ਮਨਿਸਟਰ ਸਾਹਿਬ ਤੇ ਸੀ.ਐਮ. ਸਾਹਿਬ ਨੂੰ

Under Print
Not for Legal/Official use

ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ ਮੈਨੂੰ ਪਤਾ ਹੈ ਕਿ 38 ਕਰੋੜ ਰੁਪਿਆ ਗੌਰਮਿੰਟ ਨੇ ਰਿਕਵਰ ਕਰ ਲੈਣਾ ਹੈ ਅੱਜ ਨਹੀਂ ਤਾਂ ਦੋ-ਤਿੰਨ ਮਹੀਨੇ ਬਾਅਦ ਕਰ ਲੈਣਗੇ। ਜੇ ਗੌਰਮਿੰਟ 20 ਕਰੋੜ ਰੁਪਏ infuse ਕਰਦੀ ਹੈ ਤਾਂ ਡੈਪੂਟੇਸ਼ਨ ਤੇ ਦੋ ਡਿਸੀਜ਼ਨਜ਼ ਨਾਲ ਬੈਂਕ ਇਕਦਮ ਰਿਵਾਈਵ ਹੋ ਜਾਵੇਗਾ। ਮੇਰੀ ਮਨਿਸਟਰ ਸਾਹਿਬ ਨੂੰ ਰਿਕੁਐਸਟ ਹੈ ਕਿ ਇਸ ਮੈਟਰ ਨੂੰ ਸੀ.ਐਮ. ਸਾਹਿਬ ਨਾਲ ਟੇਕਅੱਪ ਕਰਕੇ ਫੰਡ ਇਨਫਿਊਜ਼ ਕਰਕੇ ਬੈਂਕ ਚਲਾ ਦੇਈਏ। ਅਸੀਂ 20 ਕਰੋੜ ਤੋਂ ਜ਼ਿਆਦਾ ਰਿਕਵਰ ਕਰ ਲਵਾਂਗੇ। ਤੀਸਰਾ ਇਹ ਫੋਰੈਂਸਿਕ ਇਨਕੁਆਰੀ ਹੋਵੇ ਕਿਉਂਕਿ It is such a fraud. We have to protect the rights of the people. ਇਹ ਜਿਹੜੀ ਇਨਕੁਆਰੀ ਹੈ ਇਸ ਦੇ ਉਤੇ ਕੀ ਡਿਸੀਜ਼ਨ ਹੋਇਆ ਅਤੇ ਇਨਕੁਆਰੀ ਦੀ ਰਿਪੋਰਟ ਹਾਊਸ ਦੀ ਟੇਬਲ ਉਤੇ ਜ਼ਰੂਰ ਲੇਅ ਹੋਵੇ so that it comes to eveyone's knowledge and we should be aware ਕਿ ਅੱਗੇ ਤੋਂ ਇਸ ਤਰ੍ਹਾਂ ਦੇ ਫਰਾਡ ਤੋਂ ਅਸੀਂ ਕਿਸ ਤਰ੍ਹਾਂ ਬਚ ਸਕਦੇ ਹਾਂ। ਧੰਨਵਾਦ ਸਰ।

**ਮਾਨਯੋਗ ਸਪੀਕਰ:** ਜਵਾਬ ਤਾਂ ਤੁਹਾਡਾ ਆ ਗਿਆ ਹੈ। ਹਾਂ ਜੀ, ਮਜੀਠੀਆ ਜੀ ਦੱਸੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਉਥੇ ਡਿਪਾਜ਼ਿਟਰ ਹਨ, ਜਿਵੇਂ ਐਮ.ਐਲ.ਏ. ਸਾਹਿਬ ਨੇ ਗੱਲ ਕੀਤੀ ਹੈ ਕਿ ਬੜੇ ਛੋਟੇ ਛੋਟੇ ਅਮਾਊਂਟ ਡਿਪਾਜ਼ਿਟਿਡ ਹਨ, ਲੋੜਵੰਦ ਲੋਕ ਹਨ। ਕੀ ਮੰਤਰੀ ਸਾਹਿਬ ਇਨਸ਼ੋਅਰ ਕਰਨਗੇ ਕਿ ਇੱਕ ਇੱਕ ਡਿਪਾਜ਼ਿਟਰ ਦਾ, ਇੱਕ ਇੱਕ ਪੈਸਾ ਸੇਫ ਹੋਵੇਗਾ ਔਰ ਕੀ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਪੈਸੇ ਦੇ ਘਪਲੇ ਦਾ ਖਦਸ਼ਾ ਤਾਂ ਨਹੀਂ ਹੋਵੇਗਾ? ਉਸ ਬੈਂਕ ਵਿਚ ਜਿਨ੍ਹਾਂ ਨੇ ਪੈਸੇ ਡਿਪਾਜ਼ਿਟ ਕਰਵਾਏ ਹਨ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਘਬਰਾਹਟ ਨਾ ਹੋਵੇ ਕਿ ਉਨ੍ਹਾਂ ਦਾ ਪੈਸਾ unsecure ਹੈ ਜਾਂ ਕਿਸੇ ਖਤਰੇ ਵਿੱਚ ਹੈ । ਕੀ ਮੰਤਰੀ ਜੀ ਇਹ ਇਨਸ਼ੋਅਰ ਕਰਨਗੇ ਕਿ the money of all the depositors is safe?

**ਮਾਨਯੋਗ ਸਪੀਕਰ:** ਵੈਸੇ ਤਾਂ ਉਨ੍ਹਾਂ ਨੇ ਪਹਿਲਾਂ ਹੀ ਕਹਿ ਦਿੱਤਾ ਹੈ, ਪਰ ਚਲੋ ਰੰਧਾਵਾ ਜੀ ਦੱਸ ਦਿਉ।

**ਮੰਤਰੀ:** ਸਪੀਕਰ ਸਾਹਿਬ, ਤੁਸੀਂ ਮਹਾਂਰਾਸ਼ਟਰ ਪੰਜਾਬ ਕੋਆਪਰੇਟਿਵ ਬੈਂਕ ਦਾ ਫਰਾਡ ਸੁਣਿਆ ਹੋਵੇਗਾ...

**ਮਾਨਯੋਗ ਸਪੀਕਰ:** ਹਾਂ ਜੀ, ਸੁਣਿਆ ਹੈ।

**ਮੰਤਰੀ:** ਉਵੇਂ ਦਾ ਹੀ ਇਹ ਬੈਂਕ ਹੈ ਕਿਉਂਕਿ ਸਾਡੇ ਕੋਲ ਰਜਿਸਟਰਡ ਹੈ ਅਤੇ ਕੋਆਰਪੇਟਿਵ ਬੈਂਕ ਸੁਸਾਇਟੀ ਦੇ ਅੰਡਰ ਹੈ। ਉਸ ਕਰਕੇ ਅਸੀਂ ਇੰਟਰਵੀਨ ਕੀਤਾ ਹੈ ਕਿ ਲੋਕਾਂ ਦਾ ਪੈਸਾ ਕਿਤੇ ਮਰ ਨਾ ਜਾਵੇ ਉਸ ਕਰਕੇ ਅਸੀਂ ਸਾਰਾ ਕੁਝ immediately ਐਮ.ਐਲ.ਏ. ਸਾਹਿਬ ਨੂੰ ਵੀ ਪਤਾ ਹੈ ਕਿ ਇਕੱਠੇ ਕਰਦੇ ਰਹੇ। ਹਾਂ।

Under Print
Not for Legal/Official use

ਸਪੀਕਰ ਸਾਹਿਬ, ਇਸ ਵਿਚ ਆਰ.ਬੀ.ਆਈ. ਦੀਆਂ ਜਿਹੜੀਆਂ ਗਾਈਡਲਾਈਨਜ਼ ਹਨ, ਇਹ ਸਾਰਿਆਂ ਨੇ ਪਿਛੇ ਪੜ੍ਹਿਆ ਵੀ ਹੋਣਾ ਕਿ ਜਿਹੜਾ ਪਾਰਲੀਮੈਂਟ ਵਿਚ ਵੀ ਹੋਇਆ ਹੈ ਉਨ੍ਹਾਂ ਨੇ ਉਸ ਬੈਂਕ ਉਤੇ ਤਾਂ ਬੈਨ ਲਗਾ ਦਿੱਤਾ ਹੈ ਤੇ ਬਾਕੀ ਜਿਹੜੇ ਵੱਡੇ ਬੈਂਕ ਹਨ ਉਨ੍ਹਾਂ ਤੇ ਅਸੀਂ ਕਰਾਂਗੇ। ਅਸੀਂ ਆਰ.ਬੀ.ਆਈ. ਦੀਆਂ ਗਾਈਡਲਾਈਨਜ਼ ਤੋਂ ਬਿਲਕੁਲ ਬਾਹਰ ਨਹੀਂ ਜਾ ਸਕਦੇ ਪਰ ਸਾਡੀ ਕੋਸ਼ਿਸ਼ ਹੈ ਕਿ ਅਸੀਂ ਕੋਆਪਰੇਟਿਵ ਡਿਪਾਰਟਮੈਂਟ ਵੱਲੋਂ ਕੋਈ ਫਾਰਮੂਲਾ ਕੱਢੀਏ। ਅਸੀਂ ਇਸ ਨੂੰ ਕੋਆਪਰੇਟਿਵ ਬੈਂਕ ਵਿੱਚ ਮਰਜ਼ ਕਰਨ ਵਾਲੇ ਪਾਸੇ ਜਾ ਰਹੇ ਹਾਂ ਅਤੇ ਆਰ.ਬੀ.ਆਈ. ਨੂੰ ਲਿਖਿਆ ਹੈ ਕਿ ਜੇ ਅਸੀਂ ਇਸ ਨੂੰ ਮਰਜ਼ ਕਰੀਏ ਤਾਂ ਤੁਹਾਨੂੰ ਕੋਈ ਇਸ ਵਿਚ ਇਤਰਾਜ਼ ਤਾਂ ਨਹੀਂ। ਉਹ ਸਾਨੂੰ ਲਿਖੇ ਨੂੰ ਦੋ ਮਹੀਨੇ ਹੋ ਗਏ ਹਨ। ਜਿਸ ਦਿਨ ਜਵਾਬ ਆਇਆ, ਅਸੀਂ ਉਹ ਵੀ ਕਰ ਦਿਆਂਗੇ।

**ਮਾਨਯੋਗ ਸਪੀਕਰ:** ਨਹੀਂ ਡਿਪਾਜ਼ਿਟਰਜ਼ ਦਾ ਜਿਹੜਾ ਇੰਟਰੈਸਟ ਹੈ, ਉਸ ਬਾਰੇ ਕੀ ਕਰਨਾ ਹੈ?

**ਮੰਤਰੀ:** ਸਪੀਕਰ ਸਾਹਿਬ, ਡਿਪਾਜਿਟਰ ਦੇ ਬਾਰੇ ਸਾਨੂੰ ਆਰ.ਬੀ.ਆਈ. ਨੇ ਦੱਸਣਾ ਹੈ ਕਿਉਂਕਿ ਇਹ ਉਨ੍ਹਾਂ ਦਾ ਹੀ ਬੈਂਕ ਹੈ, ਸਾਡੀ ਪੰਜਾਬ ਸਰਕਾਰ ਦਾ ਬੈਂਕ ਨਹੀਂ ਹੈ, ਇਹ ਪੰਜਾਬ ਕੋਆਪਰੇਟਿਵ ਬੈਂਕ ਨਹੀਂ ਹੈ।

**ਮਾਨਯੋਗ ਸਪੀਕਰ:** ਆਰ.ਬੀ.ਆਈ.ਦੱਸੇਗੀ।

**ਮੰਤਰੀ:** ਇਹ ਆਰ.ਬੀ.ਆਈ. ਦੇ ਅੰਡਰ ਸੀ ਜੋ ਵੀ ਉਨ੍ਹਾਂ ਦੀਆਂ ਗਾਈਡ ਲਾਈਨਜ਼ ਹਨ ਉਨ੍ਹਾਂ ਤੋਂ ਅਸੀਂ ਬਾਹਰ ਨਹੀਂ ਜਾ ਸਕਦੇ ਪਰ ਹੁਣ ਤੱਕ ਜੋ ਅਸੀਂ ਉਨ੍ਹਾਂ ਨੂੰ ਜਵਾਬ ਭੇਜਿਆ ਹੈ, ਉਸ ਸਬੰਧੀ ਉਹ ਸਾਡੇ ਨਾਲ ਐਗਰੀ ਕਰ ਰਹੇ ਹਨ।

**ਮਾਨਯੋਗ ਸਪੀਕਰ:** ਠੀਕ ਹੈ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਇਹ ਬੇਨਤੀ ਹੈ ਕਿ ਮਨਿਸਟਰ ਸਾਹਿਬ ਨੇ ਬੜਾ ਕਨਸਰਨ ਵਿਖਾਇਆ ਹੈ ਕਿ ਇਹ ਮਹਾਰਾਸ਼ਟਰਾ ਵਿੱਚ ਜਿਹੜਾ ਬੈਂਕ ਹੈ ਉਸ ਤਰੀਕੇ ਦਾ ਇਸ ਬੈਂਕ ਵਿੱਚ ਫਰਾਡ ਹੋਇਆ ਹੈ । ਸਪੀਕਰ ਸਾਹਿਬ, ਫਿਰ ਜਿਹੜਾ ਮਹਾਰਾਸ਼ਟਰਾ ਦਾ ਫਰਾਡ ਹੋਇਆ ਸੀ ਉਸ ਵਿੱਚ ਕਈ ਪਰਿਵਾਰ ਸੁਸਾਈਡ ਕਰ ਗਏ ਸੀ । ਮੈਂ ਤਾਂ ਹੀ ਇਹ ਬੇਨਤੀ ਕਰ ਰਿਹਾ ਹਾਂ ਕਿ ਉਹੋ ਜਿਹੇ ਹਾਲਾਤ ਇੱਥੇ ਖੜ੍ਹੇ ਨਾ ਹੋਣ। He should give us assurance that each and every rupee is safe. ਉਥੇ ਵੀ ਸਰਕਾਰ ਨੇ ਇੰਟਰਵੀਨ ਕੀਤਾ ਹੈ।

Under Print
Not for Legal/Official use

**ਮਾਨਯੋਗ ਸਪੀਕਰ:** ਉਨ੍ਹਾਂ ਨੇ ਕਹਿ ਦਿੱਤਾ ਹੈ, ਕਿ ਅਸੀਂ ਆਰ.ਬੀ.ਆਈ.ਦੀਆਂ ਗਾਈਡਲਾਈਨਜ਼ ਮੁਤਾਬਿਕ ਕੰਮ ਕਰਾਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਸਿਰਫ ਇੰਨਾ ਹੀ ਪੁੱਛਣਾ ਚਾਹੁੰਦਾ ਹਾਂ ਕਿ ਡਿਪਾਜ਼ਿਟਰਜ਼ ਦੇ ਵਿਚੋਂ ਜੇਕਰ ਕੱਲ੍ਹ ਨੂੰ ਕੋਈ ਸੁਸਾਈਡ ਕਰ ਜਾਂਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਕਿੱਥੇ ਫਿਕਸ ਹੋਣੀ ਹੈ?

**ਮਾਨਯੋਗ ਸਪੀਕਰ:** ਐਸਾ ਮਾੜਾ ਨਾ ਸੋਚੋ।

**Shri Amit Vij:** Can I answer, Sir?

**ਸਰਦਾਰ ਬਿਕਰਮ ਸਿੰਘ ਮਜੀਠੀਆ:** ਤੁਸੀਂ ਜ਼ਿੰਮੇਵਾਰੀ ਚੁੱਕਦੇ ਹੋ ਜੀ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਿਤ ਵਿਜ ਵੱਲ ਇਸ਼ਾਰਾ) ਫਿਰ ਤੁਸੀਂ ਜ਼ਿੰਮੇਵਾਰੀ ਚੁੱਕ ਲਵੋ।

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ। ਇਸ ਸਵਾਲ ਉਤੇ ਪੰਜ ਸਪਲੀਮੈਂਟਰੀਜ਼ ਹੋ ਗਈਆਂ ਹਨ।

**ਸ਼੍ਰੀ ਅਮਿਤ ਵਿਜ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੱਸ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਕੀ ..

**ਮਾਨਯੋਗ ਸਪੀਕਰ:** ਤੁਸੀਂ ਜਵਾਬ ਨਹੀਂ ਦੇ ਸਕਦੇ । ਤੁਸੀਂ ਜਵਾਬ ਨਹੀਂ ਦੇ ਸਕਦੇ। We have to go by rules ਪੰਜ ਸਪਲੀਮੈਂਟਰੀਜ਼ ਹੋ ਗਈਆਂ ਹਨ। ਇਸ ਲਈ ਤੁਸੀਂ ਬੈਠੋ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।

**ਮਾਨਯੋਗ ਸਪੀਕਰ:** ਹੋ ਗਿਆ ਜੀ। ਸ਼੍ਰੀ ਨੱਥੂ ਰਾਮ। There is a limit to supplementaries, there is a limit to supplementaries. There is a limit to supplementaries. ਸਰਦਾਰ ਗੁਰਪ੍ਰੀਤ ਸਿੰਘ ਕਾਂਗੜ ਸਾਹਿਬ ।

**ਤਹਿਸੀਲ ਫਾਜਿਲਕਾ ਦੇ ਕਾਨੂੰਗੋ ਸਰਕਲ ਨਿਹਾਲਖੇੜਾ ਦੀ ਵੰਡ ਸਬੰਧੀ**

*2369. **ਸ਼੍ਰੀ ਨੱਥੂ ਰਾਮ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

Under Print
Not for Legal/Official use

**(ੳ)** ਕੀ ਤਹਿਸੀਲ ਫਾਜ਼ਿਲਕਾ ਦੇ ਕਾਨੂੰਗੋ ਸਰਕਲ ਨਿਹਾਲਖੇੜਾ ਦੀ ਵੰਡ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ?

**(ਅ)** ਕੀ ਸਰਕਾਰ ਨਿਹਾਲਖੇੜਾ ਕਾਨੂੰਗੋ ਸਰਕਲ ਦੀ ਵੰਡ ਦੀ ਬਜਾਏ ਇਸ ਨੂੰ ਸਬ-ਤਹਿਸੀਲ ਵਜੋਂ ਅਪਗ੍ਰੇਡ ਕਰਨ ਤੇ ਵਿਚਾਰ ਕਰੇਗੀ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ: (ੳ)** ਹਾਂ ਜੀ। ਇਸ ਬਾਰੇ ਕਾਨੂੰਗੋ ਹਲਕਾ ਨਿਹਾਲਖੇੜਾ ਵਿੱਚ ਆਉਂਦੇ ਵੱਖ ਵੱਖ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਮਤੇ ਪ੍ਰਾਪਤ ਹੋਏ ਹਨ ਜੋ ਕਿ ਕਾਰਵਾਈ ਅਧੀਨ ਹਨ ਪਰੰਤੂ ਡਾਇਰੈਕਟਰ, ਸੈਂਸ਼ੰਜ਼ ਆਪਰੇਸ਼ਨ, ਪੰਜਾਬ ਦੇ ਪੱਤਰ ਮਿਤੀ 27.9.2019 ਦੇ ਅਨੁਸਾਰ 1 ਜਨਵਰੀ, 2020 ਤੋਂ ਮਿਤੀ 31 ਮਾਰਚ, 2021 ਤੱਕ ਪ੍ਰਬੰਧਕੀ ਯੂਨਿਟਸ ਦੀਆਂ ਹੱਦਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

**(ਅ)** ਹਾਂ ਜੀ ਪਰੰਤੂ ਡਾਇਰੈਕਟਰ, ਸੈਂਸ਼ੰਜ਼ ਆਪਰੇਸ਼ਨ, ਪੰਜਾਬ ਦੇ ਪੱਤਰ ਮਿਤੀ 27.9.2019 ਦੇ ਅਨੁਸਾਰ 1 ਜਨਵਰੀ, 2020 ਤੋਂ ਮਿਤੀ 31 ਮਾਰਚ, 2021 ਤੱਕ ਪ੍ਰਬੰਧਕੀ ਯੂਨਿਟਸ ਦੀਆਂ ਹੱਦਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

**ਸ਼੍ਰੀ ਨੱਥੂ ਰਾਮ** : ਸਪੀਕਰ ਸਾਹਿਬ, ਇਨ੍ਹਾਂ ਨੇ ਭਾਗ (ਅ) ਨਹੀਂ ਪੜ੍ਹਿਆ, ਮੈਂ ਹੀ ਦੱਸ ਦਿੰਦਾ ਹਾਂ। ਇਨ੍ਹਾਂ ਅਨੁਸਾਰ ਜਨਵਰੀ, 2020 ਤੋਂ 31 ਮਾਰਚ, 2021 ਤੱਕ Census Department ਵਲੋਂ ਕੋਈ ਰੋਕ ਲਗਾਈ ਗਈ ਹੈ ਕਿ ਪ੍ਰਬੰਧਕੀ ਯੂਨਿਟਾਂ ਵਿੱਚ ਕੋਈ ਅਦਲਾ ਬਦਲੀ ਨਹੀਂ ਕਰਨੀ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਰੀ formality ਲਗਭਗ complete ਹੈ। ਕੀ ਇਹ ਨਿਹਾਲਖੇੜਾ ਨੂੰ 31 ਮਾਰਚ, 2021 ਤੋਂ ਬਾਅਦ ਸਬ ਤਹਿਸੀਲ ਬਣਾਉਣ ਦਾ ਵਿਸ਼ਵਾਸ ਸਦਨ ਵਿੱਚ ਦਿਵਾਉਣਗੇ?

**ਮੰਤਰੀ** : ਸਪੀਕਰ ਸਾਹਿਬ, ਪਿਛਲੇ ਦਿਨੀਂ ਸੀ.ਐਮ. ਸਾਹਿਬ ਦੁਆਰਾ ਜਿਹੜੀ ਬਜਟ ਮੀਟਿੰਗ ਹੋਈ ਸੀ, ਉਸ ਮੀਟਿੰਗ ਵਿੱਚ ਬੜੇ ਸੁਝਾਅ ਆਏ ਸਨ, ਉਸ ਨੂੰ ਮੁੱਖ ਰੱਖਦੇ ਹੋਏ ਇਹ ਜਨਗਣਨਾ, ਮਰਦਮਸ਼ੁਮਾਰੀ ਜਾਂ census ਦਾ ਕੰਮ ਖਤਮ ਹੋਣ ਤੋਂ ਬਾਅਦ Review Commission ਦੁਆਰਾ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਨਿਹਾਲਖੇੜਾ ਦੀ ਮੰਗ ਨੂੰ ਜ਼ਰੂਰ ਪੂਰਾ ਕੀਤਾ ਜਾਵੇਗਾ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਨਿਹਾਲਖੇੜਾ ਕਾਨੂੰਗੋ ਸਰਕਲ ਨੂੰ ਅਪਗ੍ਰੇਡ ਕਰਨ ਦੀ ਜਿਹੜੀ ਗੱਲ ਕੀਤੀ ਹੈ, ਇਹ ਆਉਣ ਵਾਲੇ ਸਮੇਂ ਦੀ ਤਜਵੀਜ਼ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ already upgraded ਹਨ, ਜਿਵੇਂ ਦੂਧਨ ਸਾਧਾਂ ਸਬ ਤਹਿਸੀਲ ਅਪਗ੍ਰੇਡ ਹੋ ਕੇ ਸਬ ਡਵੀਜ਼ਨ ਬਣੀ ਸੀ, ਜਿਹੜਾ ਉਸ ਸਬ ਡਵੀਜ਼ਨ ਦਾ SDM ਹੈ, ਉਹ ਪਟਿਆਲਾ ਵਿਖੇ ਬੈਠਦਾ ਹੈ। ਜੇਕਰ

Under Print
Not for Legal/Official use

ਦੂਧਨ ਸਾਧਾਂ ਸਬ ਡਵੀਜ਼ਨ ਵਿੱਚ SDM posted ਹੈ ਤਾਂ ਉਸ ਨੂੰ ਪਟਿਆਲਾ ਕਿਉਂ ਬਿਠਾਇਆ ਜਾ ਰਿਹਾ ਹੈ? ਮੇਰੀ ਬੇਨਤੀ ਹੈ ਕਿ ਮੁੱਖ ਮੰਤਰੀ ਦਾ ਆਪਣਾ ਜ਼ਿਲ੍ਹਾ ਹੈ...

**ਮਾਨਯੋਗ ਸਪੀਕਰ** : ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਸਰ, ਇਹ ਇਸ ਦੇ ਨਾਲ ਹੀ ਰਿਲੇਟਿਡ ਹੈ ਅਤੇ already upgraded sub division ਹੈ। ਮੁੱਖ ਮੰਤਰੀ ਜੀ ਜਵਾਬ ਦੇਣਾ ਚਾਹੁੰਣ ਤਾਂ ਦੇ ਦੇਣ।

**ਮਾਨਯੋਗ ਸਪੀਕਰ** : ਇਹ ਵੱਖਰਾ ਸਵਾਲ ਬਣਦਾ ਹੈ।

## ਦੋਰਾਹਾ ਵਿਖੇ ਨਵਾਂ ਹਸਪਤਾਲ ਖੋਲ੍ਹਣਾ

***2488. ਸਰਦਾਰ ਲਖਵੀਰ ਸਿੰਘ ਲੱਖਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਲੁਧਿਆਣਾ ਵਿਚ ਦੋਰਾਹਾ ਵਿਖੇ ਇਕ ਨਵਾਂ ਹਸਪਤਾਲ ਮਨਜ਼ੂਰ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਉਕਤ ਤਜਵੀਜ਼ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ :** ਸ਼੍ਰੀਮਾਨ ਜੀ, ਹਾਂ ਜੀ, ਇਹ ਠੀਕ ਹੈ ਕਿ ਜਿਲ੍ਹਾ ਲੁਧਿਆਣਾ ਵਿਚ ਦੋਰਾਹਾ ਵਿਖੇ ਨਵਾਂ ਹਸਪਤਾਲ ਬਣਾਉਣ ਦੀ ਘੋਸ਼ਣਾ ਕੀਤੀ ਗਈ ਸੀ। ਸਿਵਲ ਡਿਸਪੈਂਸਰੀ, ਦੋਰਾਹਾ ਵਿਖੇ 30 ਬਿਸਤਰਿਆਂ ਦਾ ਹਸਪਤਾਲ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਲਖਵੀਰ ਸਿੰਘ ਲੱਖਾ** : ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2018 ਵਿੱਚ ਸੀ.ਐਮ. ਸਾਹਿਬ ਦੁਆਰਾ ਇਸ ਹਸਪਤਾਲ ਦੀ ਅਨਾਊਸਮੈਂਟ ਹੋਈ ਸੀ ਪਰੰਤੂ ਦੋ ਸਾਲ ਲੰਘ ਗਏ ਹਨ। ਕੀ ਸਰਕਾਰ ਇਸ ਨੂੰ ਫੰਡ ਜਲਦੀ ਉਪਲਬਧ ਕਰਵਾਏਗੀ ਅਤੇ ਇਸ ਸਬੰਧੀ ਟੈਂਡਰ ਲੱਗ ਜਾਣ ਅਤੇ ਇਹ ਬਣਨਾ ਸ਼ੁਰੂ ਹੋ ਜਾਵੇ। ਦੋਰਾਹਾ ਸ਼ਹਿਰ ਦੀ ਤਕਰੀਬਨ 50,000 ਦੀ ਅਬਾਦੀ ਹੈ ਅਤੇ 25,000 ਵੋਟਰ ਹਨ। ਪਿਛਲੇ ਦਿਨੀਂ ਉਥੇ ਡੇਂਗੂ ਅਤੇ ਵੱਖ ਵੱਖ ਬਿਮਾਰੀਆਂ ਨਾਲ 300 ਦੇ ਲਗਭਗ ਮੌਤਾਂ ਹੋਈਆਂ ਹਨ। ਇਹ ਏਰੀਆ ਦੋਰਾਹਾ ਸ਼ਹਿਰ ਨਾਲ ਸਬੰਧਿਤ ਹੈ। ਸਪੀਕਰ ਸਾਹਿਬ, ਮੇਰੀ ਸਰਕਾਰ ਨੂੰ ਤੁਹਾਡੇ ਜ਼ਰੀਏ ਗੁਜਾਰਿਸ਼ ਹੈ ਕਿ ਇਹ ਹਸਪਤਾਲ ਕਦੋਂ ਬਣਨਾ ਸ਼ੁਰੂ ਹੋ ਜਾਵੇਗਾ ਅਤੇ ਕਦੋਂ ਬਣ ਕੇ ਕੰਪਲੀਟ ਹੋਵੇਗਾ? ਇਸ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰਵਾਇਆ ਜਾਵੇ।

**ਮਾਨਯੋਗ ਸਪੀਕਰ** : ਸਿੱਧੂ ਸਾਹਿਬ, ਇਸ ਤੇ ਕੰਮ ਕਦੋਂ ਸ਼ੁਰੂ ਕਰੋਗੇ?

Under Print
Not for Legal/Official use

**ਮੰਤਰੀ** : ਸਪੀਕਰ ਸਾਹਿਬ, ਮੈਂ ਆਪਣੇ ਸਾਥੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਦਾ ਟੈਂਡਰ 11.2.2020 ਨੂੰ ਲਗਾ ਚੁੱਕੇ ਹਾਂ। ਇਹ 892.41 ਲੱਖ ਦਾ ਟੈਂਡਰ ਹੋਇਆ ਹੈ। 25.3.2020 ਨੂੰ ਇਹ ਟੈਂਡਰ ਖੋਲ੍ਹੇ ਜਾਣਗੇ ਅਤੇ ਉਸ ਉਪਰੰਤ ਬਣਦੀ ਵਿਧੀ ਪੂਰੀ ਕਰਕੇ ਵਿੱਤ ਵਿਭਾਗ ਤੋਂ ਫੰਡ ਜਾਰੀ ਹੋਣ ਤੋਂ ਬਾਅਦ, ਅਲਾਟਮੈਂਟ ਤੋਂ ਬਾਅਦ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਜਾਵੇਗਾ ਅਤੇ ਇਹ ਕੰਮ 15 ਮਹੀਨਿਆਂ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਨਵਾਂ ਹਸਪਤਾਲ ਆਪਾਂ ਬਣਾ ਰਹੇ ਹਾਂ, ਜਿਵੇਂ ਇਨ੍ਹਾਂ ਨੇ ਟਾਈਮ ਲਾਈਨ ਵੀ ਦੱਸ ਦਿੱਤੀ ਹੈ। ਇਸ ਹਸਪਤਾਲ ਵਿੱਚ ਕਿੰਨੇ ਡਾਕਟਰ ਰੱਖਣ ਦੀ ਤਜਵੀਜ਼ ਹੈ? ਫਰੀਦਕੋਟ ਮੈਡੀਕਲ ਹਸਪਤਾਲ ਵਿੱਚ ਡਾਕਟਰ ਨਹੀਂ ਹਨ, ਉਹ ਉਥੋਂ ਭੱਜ ਰਹੇ ਹਨ ਕਿਉਂਕਿ ਉਥੇ ਤਨਖਾਹ ਘੱਟ ਹੈ। ਕੀ ਇੱਥੇ 15,000 ਰੁਪਏ ਦੀ ਘੱਟ ਤਨਖਾਹ ਵਿੱਚ ਡਾਕਟਰ ਰੱਖੇ ਜਾਣਗੇ ਜਾਂ ਪੂਰੀ ਤਨਖਾਹ ਵਾਲੇ ਡਾਕਟਰ ਰੱਖੇ ਜਾਣਗੇ? ਇਸ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਮਰੀਜ਼ਾਂ ਦਾ 200 ਕਰੋੜ ਰੁਪਿਆ ਹਾਲੇ ਤੱਕ ਨਹੀਂ ਦਿੱਤਾ ਗਿਆ, ਕੀ ਉਸ ਦੇ ਵੀ ਪੈਸੇ ਦਿੱਤੇ ਜਾਣਗੇ? ਆਯੁਸ਼ਮਾਨ ਸਕੀਮ ਸਿਵਲ ਹਸਪਤਾਲਾਂ ਵਿੱਚ ਬਹੁਤ ਵਧੀਆ ਚੱਲ ਰਹੀ ਹੈ ਪਰ ਕਿਸੇ ਵੀ ਮੈਡੀਕਲ ਕਾਲਜ ਵਿੱਚ ਨਹੀਂ ਚੱਲ ਰਹੀ। ਕੀ ਉਸ ਨੂੰ ਇਸ ਹਸਪਤਾਲ ਵਿੱਚ ਵਧੀਆ ਤਰੀਕੇ ਨਾਲ ਚਲਾਉਣ ਦੀ ਗਰੰਟੀ ਦੇਣਗੇ?

**ਮਾਨਯੋਗ ਸਪੀਕਰ** : ਸੰਧਵਾਂ ਜੀ, ਵੈਸੇ ਇਸ ਦਾ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਇਸੇ ਹਸਪਤਾਲ ਨਾਲ ਸਬੰਧਿਤ ਹੈ ਜੀ।

**ਮਾਨਯੋਗ ਸਪੀਕਰ** : ਹਸਪਤਾਲ ਬਾਰੇ ਜਵਾਬ ਦੇ ਦਿਓ ਜੀ।

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲੀ ਗੱਲ ਸੰਧਵਾਂ ਸਾਹਿਬ ਨੂੰ ਇਹ ਦੱਸਣੀ ਚਾਹੁੰਦਾ ਹਾਂ ਕਿ ਮੈਡੀਕਲ ਐਜੂਕੇਸ਼ਨ ਸਬੰਧੀ ਵਿਭਾਗ ਸ਼੍ਰੀ ਓਮ ਪ੍ਰਕਾਸ਼ ਸੋਨੀ ਜੀ ਕੋਲ ਹੈ।ਉਨ੍ਹਾਂ ਕੋਲ ਸਾਰੇ ਕਾਲਜ ਪੈਂਦੇ ਹਨ ਪਰ ਜੋ ਇਨ੍ਹਾਂ ਨੇ ਹਸਪਤਾਲਾਂ ਵਿੱਚ ਡਾਕਟਰ ਭਰਤੀ ਕਰਨ ਬਾਰੇ ਸਵਾਲ ਕੀਤਾ ਹੈ, ਇਹ ਤਾਂ ਜਿਹੜੀ ਪਹਿਲਾਂ ਵਾਲੀ ਸਰਕਾਰ ਸੀ, ਉਨ੍ਹਾਂ ਨੇ ਡਾਕਟਰਾਂ ਨੂੰ 18000 ਰੁਪਿਆ ਪ੍ਰਤੀ ਮਹੀਨਾ ਤਨਖਾਹ ਵਜੋਂ ਦਿੱਤਾ ਸੀ ਪ੍ਰੰਤੂ ਅਸੀਂ ਤਾਂ ਕਿਸੇ ਡਾਕਟਰ ਨੂੰ 45000 ਰੁਪਏ ਤੋਂ ਘੱਟ ਤਨਖਾਹ ਨਹੀਂ ਦੇ ਰਹੇ। ਅਸੀਂ ਮੀਨੀਮਮ ਤਨਖਾਹ 45000 ਰੁਪਿਆ ਦੇ ਰਹੇ ਹਾਂ। ਅਸੀਂ ਪਰਸੋਂ ਵੀ ਇੱਕ ਵਾਕ-ਇੰਨ-ਇੰਟਰਵਿਊ ਕੀਤੀ ਹੈ, ਉਸ ਵਿੱਚ 700 ਬੱਚਿਆਂ ਨੇ ਪਾਰਟੀਸੀਪੇਟ ਕੀਤਾ ਹੈ। ਅਸੀਂ ਤਾਂ ਹਸਪਤਾਲਾਂ ਵਿੱਚ ਡਾਕਟਰ ਪੂਰੇ ਕਰਨ ਵਾਸਤੇ 60 ਸਾਲ ਦੀ ਉਮਰ ਤੋਂ

Under Print
Not for Legal/Official use

ਵੱਧ ਵਾਲਿਆਂ ਨੂੰ ਵੀ ਰੀਇੰਪਲਾਇਮੈਂਟ ਵਾਸਤੇ ਸੱਦਿਆ ਹੈ ਕਿ ਆਉ ਤੇ ਪੰਜਾਬ ਦੀ ਸੇਵਾ ਵਿੱਚ ਲੱਗੋ। ਡਾਕਟਰਾਂ ਨੂੰ ਘੱਟ ਤਨਖਾਹ ਮਿਲਣ ਵਾਲੀ ਤੁਹਾਡੀ ਗੱਲ ਬਿਲਕੁਲ ਵਾਜਬ ਹੈ ਕਿ ਜਿੰਨਾ ਇੱਕ ਡਾਕਟਰ ਨੂੰ ਇਹ ਕੋਰਸ ਕਰਨ ਤੇ ਖਰਚਾ ਆਉਂਦਾ ਹੈ, ਉਸ ਹਿਸਾਬ ਨਾਲ ਨਹੀਂ ਦੇ ਸਕਦੇ। ਪਰ ਇਹ ਗੱਲ ਸੀ.ਐਮ. ਸਾਹਿਬ ਦੇ ਵਿਚਾਰ ਅਧੀਨ ਹੈ ਅਤੇ ਇਨ੍ਹਾਂ ਨੇ ਇਸ ਗੱਲ ਨੂੰ ਮੰਨਿਆ ਵੀ ਹੈ ਕਿ ਅਸੀਂ ਇਨ੍ਹਾਂ ਬਾਰੇ ਜ਼ਰੂਰ ਸੋਚਾਂਗੇ ਔਰ ਇਹ ਸਾਡੇ ਪੰਜਾਬ ਦੇ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ।

---

## ਹਲਕਾ ਬਠਿੰਡਾ ਦਿਹਾਤੀ ਵਿਚ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਦੀ ਰਿਪੇਅਰ ਕਰਨਾ

*2382. **ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਵਿਚ ਸਰਕਾਰੀ ਸਕੂਲਾਂ ਦੀਆਂ ਕਿੰਨੀਆਂ ਇਮਾਰਤਾਂ ਅਸੁਰੱਖਿਅਤ ਹਨ;

(ਅ) ਕੀ ਲੋਕ ਹਿੱਤ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਇਮਾਰਤਾਂ ਦੀ ਰਿਪੇਅਰ ਅਤੇ ਨਵੀਆਂ ਉਸਾਰੀਆਂ ਕਰਨ ਦੀ ਕੋਈ ਤਜਵੀਜ਼ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਵਿਚ ਕਿਸੇ ਵੀ ਸਰਕਾਰੀ ਸਕੂਲ ਦੀ ਇਮਾਰਤ ਅਸੁਰੱਖਿਅਤ ਨਹੀਂ ਹੈ।

(ਅ) ਨੁਕਤਾ 'ੳ' ਨਿੱਲ ਹੋਣ ਕਾਰਨ ਇਹ ਲਾਗੂ ਨਹੀਂ ਹੁੰਦਾ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਮੇਰੀ ਸਪਲੀਮੈਂਟਰੀ ਹੈ। ਸਰ, ਮੈਨੂੰ ਤਾਂ ਬਹੁਤ ਹੈਰਾਨੀ ਹੋ ਰਹੀ ਹੈ ਕਿ ਜਿਹੜੇ ਇਨ੍ਹਾਂ ਤੋਂ ਪਹਿਲਾਂ ਵਾਲੇ ਸਿੱਖਿਆ ਮੰਤਰੀ ਜੀ ਸੀ, ਉਨ੍ਹਾਂ ਨੇ ਤਾਂ ਸਾਡੇ ਤੋਂ ਅਨਸੇਫ/ਅਣਸੁਰੱਖਿਅਤ ਬਿਲਡਿੰਗਾਂ ਬਾਰੇ ਜਾਣਕਾਰੀ ਮੰਗੀ ਸੀ, ਪਰ ਹੁਣ ਵਾਲੇ ਸਿੱਖਿਆ ਮੰਤਰੀ ਜੀ ਕਹਿ ਰਹੇ ਹਨ ਕਿ ਕੋਈ ਬਿਲਡਿੰਗ ਅਣਸੁਰੱਖਿਅਤ ਹੈ ਹੀ ਨਹੀਂ। ਸਰ, ਜਿਹੜੇ ਪਹਿਲਾਂ ਵਾਲੇ ਸਿੱਖਿਆ ਮੰਤਰੀ ਜੀ ਸਨ, ਉਨ੍ਹਾਂ ਨੂੰ ਮੈਂ ਮਿਤੀ 18.1.2019 ਨੂੰ ਐਪਲੀਕੇਸ਼ਨ ਲਿਖੀ ਸੀ ਕਿ ਬਠਿੰਡਾ ਦਿਹਾਤੀ ਦੇ 15 ਸਕੂਲ ਅਣਸੁਰੱਖਿਅਤ ਹਨ। ਮੈਂ ਨਾ ਸਿਰਫ ਫਿਜੀਕਲ ਵੈਰੀਕੇਸ਼ਨ ਹੀ ਕੀਤੀ ਹੈ, ਸਗੋਂ ਮੈਂ ਡੀ.ਈ.ਓ. ਦਫ਼ਤਰ ਵਿੱਚ ਖੁਦ ਗਈ ਸੀ।

ਪੀ.ਡਬਲਿਊ.ਡੀ. ਵਿਭਾਗ ਵੱਲੋਂ 15 ਸਕੂਲ ਅਣਸੁਰੱਖਿਅਤ ਡਿਕਲੇਅਰਡ ਹਨ। ਸਰ, ਮੈਂ ਤੁਹਾਨੂੰ ਵੀ ਇਹ ਲਿਸਟ ਦੇ ਦੇਵਾਂਗੀ।

ਸਪੀਕਰ ਸਾਹਿਬ, ਮੇਰਾ ਮੰਤਰੀ ਸਾਹਿਬ ਤੋਂ ਇਹ ਕੁਐਸਚਨ ਹੈ ਕਿ ਸਕੂਲਾਂ ਦੀਆਂ ਬਿਲਡਿੰਗਾਂ ਸਬੰਧੀ ਤੁਸੀਂ ਦੁਬਾਰਾ ਤੋਂ ਸਰਵੇ ਕਰਵਾਉ ਅਤੇ ਜਿਹੜੀਆਂ ਬਿਲਡਿੰਗਜ਼ ਅਨਸੇਫ ਹਨ, ਉਨ੍ਹਾਂ ਨੂੰ ਸੁਰੱਖਿਅਤ ਬਣਵਾਉ ਤਾਂ ਕਿ ਬੱਚਿਆਂ ਦਾ ਭਵਿੱਖ ਖਤਰੇ ਵਿੱਚ ਨਾ ਪਵੇ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਕਈ ਸਕੂਲਾਂ ਵਿੱਚ ਕਲਾਸ ਰੂਮ ਅਨਸੇਫ ਹੋ ਸਕਦੇ ਹਨ ਪਰ ਜਦੋਂ ਆਪਾਂ ਗੱਲ ਕਰਦੇ ਹਾਂ ਕਿ ਸਾਰੇ ਦੇ ਸਾਰੇ ਸਕੂਲ ਦੀ ਬਿਲਡਿੰਗ ਹੀ ਅਨਸੇਫ ਹੈ, ਮੈਂ ਉਸ ਬਾਰੇ ਕਿਹਾ ਹੈ ਕਿ ਅਜਿਹਾ ਕੋਈ ਅੰਕੜਾ ਨਹੀਂ ਹੈ ਕਿ ਪੂਰੀ ਦੀ ਪੂਰੀ ਬਿਲਡਿੰਗ ਅਨਸੇਫ ਹੈ। ਜਿਥੋਂ ਤੱਕ ਕਮਰੇ ਅਨਸੇਫ ਦੀ ਗੱਲ ਹੈ, ਤੁਹਾਡੇ ਬਠਿੰਡਾ ਰੂਰਲ ਹਲਕੇ ਵਿੱਚ ਅਸੀਂ ਨਾਬਾਰਡ ਦੇ ਅਧੀਨ 15 ਨਵੇਂ ਕਲਾਸ ਰੂਮ ਅਲਾਟ ਕੀਤੇ ਹਨ, ਆਰਟ ਐਂਡ ਕਰਾਫਟ ਕਲਾਸ ਰੂਮ 5 ਅਲਾਟ ਕੀਤੇ ਹਨ, ਨਵੇਂ ਕਮਰੇ 15 ਅਲਾਟ ਕੀਤੇ ਹਨ, ਸਾਇੰਸ ਲੈਬ ਅਲਾਟ ਕੀਤੀ ਹੈ, ਦੋ ਲਾਇਬਰੇਰੀਜ਼ ਅਲਾਟ ਕੀਤੀਆਂ ਹਨ। ਨਾਬਾਰਡ 23 ਸਕੀਮ ਅਧੀਨ ਅਸੀਂ ਤੁਹਾਨੂੰ 8 ਕਮਰੇ ਹੋਰ ਦੇ ਰਹੇ ਹਾਂ ਅਤੇ ਤੁਹਾਡੇ ਬਠਿੰਡਾ ਦਿਹਾਤੀ ਦੇ ਸਕੂਲਾਂ ਵਿੱਚ ਪੈਣ ਵਾਲੇ ਸਕੂਲਾਂ ਨੂੰ ਪੈਸੇ ਦੇਣ ਦੀ ਅਗਰ ਅਸੀਂ ਗੱਲ ਕਰੀਏ ਤਾਂ ਅੰਦਾਜ਼ਨ ਢਾਈ ਕਰੋੜ ਰੁਪਿਆ ਤੁਹਾਡੇ ਬਠਿੰਡਾ ਦਿਹਾਤੀ ਦੇ ਸਕੂਲਾਂ ਵਿੱਚ ਆਉਣ ਵਾਲੇ ਸਮੇਂ ਵਿੱਚ ਖਰਚ ਹੋ ਰਿਹਾ ਹੈ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਤੁਸੀਂ ਕਿਹਾ ਹੈ ਕਿ ਰੂਮਜ ਅਨਸੇਫ ਹਨ ਪਰ ਬੱਚੇ ਤਾਂ ਰੂਮਜ ਵਿੱਚ ਹੀ ਬੈਠਦੇ ਹਨ। ਸਰ, ਤੁਸੀਂ ਖੁਦ ਪਿੰਡ ਫਰੀਦਕੋਟ ਕੋਟਲੀ ਦਾ ਸਕੂਲ ਚੈੱਕ ਕਰ ਲੈਣਾ, ਉਥੇ ਬੱਚੇ ਬਾਹਰ ਬੈਠਦੇ ਹਨ, ਮੈਂ ਉਨ੍ਹਾਂ ਦੇ ਰੂਮਜ ਖੁਦ ਦੇਖੇ ਹਨ। ਕੋਈ ਇਸ ਤਰ੍ਹਾਂ ਨਹੀਂ ਕਿ ਉਨ੍ਹਾਂ ਬੱਚਿਆਂ ਨੇ ਧੁੱਪ ਸੇਕਣੀ ਹੁੰਦੀ ਹੈ, ਉਹ ਗਰਮੀਆਂ ਵਿੱਚ ਵੀ ਦਰਖੱਤਾਂ ਦੇ ਨੀਚੇ ਹੀ ਬੈਠਦੇ ਹਨ। ਸਰ, ਤੁਸੀਂ ਖੁਦ ਜਾ ਕੇ ਦੇਖਿਉ। ਦੂਸਰਾ, ਮੇਰਾ ਸਵਾਲ ਹੈ ਕਿ ਤੁਸੀਂ ਕਿਹਾ ਹੈ ਕਿ ਨਾਬਾਰਡ ਤੋਂ ਫੰਡ ਜਾਰੀ ਕਰਵਾਇਆ ਹੈ, ਮੈਂ ਜਾਣਨਾ ਚਾਹੁੰਦੀ ਹਾਂ ਕਿ ਕੀ ਗੱਲ ਹੈ ਕਿ ਤੁਸੀਂ ਉਧਰੋਂ ਫੰਡ ਜਾਰੀ ਕਰਵਾਉਂਦੇ ਹੋ, ਕੀ ਸਰਕਾਰ ਕੋਲ ਆਪਣਾ ਫੰਡ ਨਹੀਂ ਹੈ? ...(ਵਿਘਨ) ਸਰ, ਮੇਰਾ ਪ੍ਰਸ਼ਨ ਕੰਪਲੀਟ ਹੋ ਜਾਣ ਦਿਉ। ਗਹਿਰੀ ਬੁੱਟਰ ਪਿੰਡ ਦੇ ਵਿੱਚ ਦੋ ਹਾਲ ਵਾਸਤੇ ਡੇਢ ਲੱਖ ਰੁਪਿਆ ਆਇਆ ਹੈ, ਕੀ ਤੁਹਾਨੂੰ ਲਗਦਾ ਹੈ ਕਿ ਡੇਢ ਲੱਖ ਰੁਪਿਆ ਦੋ ਹਾਲ ਬਣਾਉਣ ਲਈ ਸਫੀਸ਼ੈਂਟ ਹੈ?

ਸਰ, ਮੇਰਾ ਸਵਾਲ ਮੰਤਰੀ ਸਾਹਿਬ ਨੂੰ ਇਹ ਹੈ ਕਿ ਸਕੂਲਾਂ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਫੰਡ release ਕਰਵਾਇਆ ਜਾਵੇ ਤਾਂ ਕਿ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ ਨਾ ਹੋ ਸਕੇ। ਇਹ ਵੀ ਐਸ਼ਿਓਰ

ਕਰੋ ਕਿ ਇਹ ਰੂਮਜ ਕਦੋਂ ਤੱਕ ਬਣਨੇ ਸ਼ੁਰੂ ਹੋ ਜਾਣਗੇ ਅਤੇ ਫੰਡਜ਼ ਕਦੋਂ ਤੱਕ ਜਾਰੀ ਕਰ ਦਿਉਗੇ? ਧੰਨਵਾਦ ਜੀ।

**ਮੰਤਰੀ:** ਬੀਬਾ ਜੀ, ਫੰਡਜ਼ ਜਾਰੀ ਹੋ ਚੁੱਕੇ ਹਨ। ਜਿੱਥੋਂ ਤੱਕ ਨਾਬਾਰਡ ਦੇ ਪੈਸੇ ਦੀ ਗੱਲ ਹੈ, ਉਹ ਵੀ ਸੂਬੇ ਦੀ ਸਰਕਾਰ ਦਾ ਹੀ ਪੈਸਾ ਹੁੰਦਾ ਹੈ, ਇਹ ਨਹੀਂ ਕਹਿਣਾ ਚਾਹੀਦਾ ਕਿ ਨਾਬਾਰਡ ਦੇ ਬੈਂਕ ਤੋਂ ਪੈਸਾ ਕਿਉਂ ਲਿਆ ਗਿਆ ਹੈ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਇਹ ਕਦੋਂ ਤੱਕ ਮਿਲ ਜਾਣਗੇ?

**ਮੰਤਰੀ:** ਮੈਂ ਉਹੀ ਦੱਸ ਰਿਹਾ ਹਾਂ। You have given a question. ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਪੈਸੇ ਚਾਹੇ ਨਾਬਾਰਡ ਦੇ ਅਧੀਨ ਮਨਜ਼ੂਰ ਹੋਏ ਹਨ ਅਤੇ ਚਾਹੇ ਸੂਬਾ ਸਰਕਾਰ ਨੇ ਸਮੱਗਰਾ ਸਿੱਖਿਆ ਅਭਿਆਨ ਦੇ ਤਹਿਤ....

**ਮਾਨਯੋਗ ਸਪੀਕਰ:** ਸਿੰਗਲਾ ਜੀ, ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**Minister :** I am sorry, Sir. ਸਰ, ਮੈਂ ਇਹ ਕਹਿ ਰਿਹਾ ਸੀ ਕਿ ਚਾਹੇ ਪੈਸੇ ਨਾਬਾਰਡ ਦੇ ਥਰੂ ਰਿਲੀਜ਼ ਹੋਏ ਹਨ ਅਤੇ ਚਾਹੇ ਸਮੱਗਰਾ ਸਿੱਖਿਆ ਅਭਿਆਨ ਸਕੀਮ ਦੇ ਅਧੀਨ ਪੈਸੇ ਰਿਲੀਜ਼ ਹੋਏ ਹਨ, ਸਾਰੇ ਪੈਸੇ ਇਸੇ ਸਾਲ ਦੇ ਵਿੱਚ ਮੁਕੰਮਲ ਹੋ ਜਾਣਗੇ। ਜਿਵੇਂ ਕਿ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਦੇ ਕੋਲ ਡੇਢ ਲੱਖ ਰੁਪਿਆ ਹਾਲ ਵਾਸਤੇ ਆਇਆ ਹੈ, ਜੇ ਉਥੇ ਫੰਡਜ਼ ਦੀ ਘਾਟ ਹੋਵੇਗੀ ਤਾਂ ਉਥੇ ਹੋਰ ਫੰਡ ਦੇ ਦੇਵਾਂਗੇ ਤਾਂ ਕਿ ਉਹ ਕੰਮ ਕੰਪਲੀਟ ਹੋ ਸਕੇ ਅਤੇ ਬੱਚੇ ਸੇਫ ਬਿਲਡਿੰਗ ਜਾਂ ਸੇਫ ਕਮਰਿਆਂ ਵਿੱਚ ਬੈਠ ਕੇ ਪੜ੍ਹ ਸਕਣ।

**ਮਾਨਯੋਗ ਸਪੀਕਰ:** ਰੂਬੀ ਜੀ, ਦੋਵੇਂ ਗੱਲਾਂ ਆ ਗਈਆਂ ਹਨ। ਜਿਹੜਾ ਤੁਸੀਂ ਪੁੱਛਿਆ ਹੈ ਕਿ ਫੰਡ ਘੱਟ ਹਨ, ਮੰਤਰੀ ਜੀ ਨੇ ਕਿਹਾ ਹੈ ਕਿ ਉਹ ਜ਼ਰੂਰ ਭੇਜ ਦੇਵਾਂਗੇ ਅਤੇ ਬਾਕੀ ਵੀ ਜਿਹੜਾ ਹੈ, ਜਿਥੇ ਜਿਥੇ ਫੰਡਜ਼ ਦੀ ਜ਼ਰੂਰਤ ਹੋਵੇਗੀ, ਉਹ ਕਰ ਦੇਣਗੇ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਇਹ ਐਸ਼ਿਓਰ ਕਰ ਦੇਣ।

**ਮਾਨਯੋਗ ਸਪੀਕਰ:** ਮੰਤਰੀ ਜੀ ਨੇ ਇਹ ਐਸ਼ਿਓਰ ਕਰ ਦਿੱਤਾ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ। ਵੈਸੇ ਮੈਂ ਇਸ ਸਬੰਧੀ ਧਿਆਨ ਦਿਵਾਊ ਮਤਾ ਵੀ ਦਿੱਤਾ ਸੀ ਪਰ ਤੁਸੀਂ ਉਹ ਕੈਂਸਲ ਕਰ ਦਿੱਤਾ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਐਮ.ਐਲ.ਏ., ਐਮ.ਪੀ. ਅਤੇ ਮੰਤਰੀ

Under Print
Not for Legal/Official use

ਸਾਹਿਬਾਨ ਹਨ, ਉਹ ਸਰਕਾਰੀ ਸਕੂਲਾਂ ਦੀ ਬਜਾਏ ਪ੍ਰਾਈਵੇਟ ਸਕੂਲਾਂ ਨੂੰ ਫੰਡ ਕਿਉਂ ਦਿੰਦੇ ਹਨ। ਮੈਂ ਆਪਣੇ ਧਿਆਨ ਦਿਵਾਊ ਮਤੇ ਰਾਹੀਂ ਇਹ ਜਾਣਕਾਰੀ ਮੰਗੀ ਸੀ ਪਰ ਉਹ ਤੁਸੀਂ ਕੈਂਸਲ ਕਰ ਦਿੱਤਾ।ਸੋ, ਮੈਂ ਹੁਣ ਮੰਤਰੀ ਸਾਹਿਬ ਨੂੰ ਹੀ ਇਹ ਸਵਾਲ ਪੁੱਛ ਲੈਂਦਾ ਹਾਂ ਕਿ ਜਿਹੜੇ ਸਾਡੇ ਐਮ.ਐਲ.ਏ., ਐਮ.ਪੀ. ਅਤੇ ਮੰਤਰੀ ਸਾਹਿਬਾਨ ਹਨ, ਉਹ ਪ੍ਰਾਈਵੇਟ ਸਕੂਲਾਂ ਨੂੰ ਕਿਉਂ ਫੰਡ ਜਾਰੀ ਕਰਦੇ ਹਨ। ਮੇਰੇ ਰੋਪੜ ਹਲਕੇ ਵਿਚ ਕਈ ਪ੍ਰਾਈਵੇਟ ਸਕੂਲਾਂ ਨੂੰ ਅਜਿਹੇ ਫੰਡ ਜਾਰੀ ਕੀਤੇ ਗਏ ਹਨ। ਪ੍ਰਾਈਵੇਟ ਸਕੂਲਾਂ ਨੂੰ 5-5 ਲੱਖ ਰੁਪਿਆ ਫੰਡ ਜਾਰੀ ਕੀਤਾ ਜਾਂਦਾ ਹੈ ਪਰ ਸਰਕਾਰੀ ਸਕੂਲਾਂ ਨੂੰ ਕੋਈ ਫੰਡ ਨਹੀਂ ਦਿੱਤਾ ਜਾਂਦਾ।

**ਮਾਨਯੋਗ ਸਪੀਕਰ:** ਇਹ ਪਾਲਿਸੀ ਵਿਚ ਹੈ। ਪਾਲਿਸੀ ਦੇ ਮੁਤਾਬਿਕ ਦੇ ਸਕਦੇ ਹਨ। ਤੁਸੀਂ ਬੈਠੋ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਫਿਰ ਸਰਕਾਰੀ ਸਕੂਲਾਂ ਵਿਚ ਕਿਉਂ ਨਹੀਂ ਦਿੰਦੇ।

**ਮਾਨਯੋਗ ਸਪੀਕਰ:** ਪ੍ਰਾਈਵੇਟ ਸਕੂਲਾਂ ਨੂੰ ਵੀ ਦੇ ਸਕਦੇ ਹਨ। ਇਹ ਸਰਕਾਰ ਦੀ ਪਾਲਿਸੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਬਿਲਕੁਲ ਦੇ ਸਕਦੇ ਹਨ ਪਰ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਫੰਡਾਂ ਦੀ ਬਹੁਤ ਲੋੜ ਹੈ, ਉਥੇ ਕਿਉਂ ਨਹੀਂ ਦਿੰਦੇ।

**ਮਾਨਯੋਗ ਸਪੀਕਰ:** ਤੁਹਾਡੀ ਭਾਵਨਾ ਬਿਲਕੁਲ ਠੀਕ ਹੈ, ਦਰੁਸਤ ਹੈ ਪਰ ਇਹ ਪਾਲਿਸੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਭਾਵਨਾ ਦੀ ਕਦਰ ਵੀ ਕਰ ਲਓ ਜੀ।

**ਮਾਨਯੋਗ ਸਪੀਕਰ:** ਇਹ ਸਭ ਕੁਝ ਪਰੋਸੀਜ਼ਰ ਦੇ ਮੁਤਾਬਿਕ ਹੀ ਹੈ। ਅਗਲਾ ਸਵਾਲ।

---

## ਹਲਕਾ ਨਵਾਂ ਸਹਿਰ ਵਿਚ ਵੁੱਡ ਬੇਸਡ ਇੰਡਸਟਰੀ ਲਗਾਉਣਾ

* 2373 ਸ੍ਰੀ ਅੰਗਦ ਸਿੰਘ :- ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਹਲਕਾ ਨਵਾਂ ਸ਼ਹਿਰ ਵਿਚ ਵੁੱਡ-ਬੇਸਡ ਇੰਡਸਟਰੀ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਕਿ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਿਚ ਪਾਪੂਲਰ ਦੀ ਕਾਫੀ ਵਾਧੂ ਕਾਸ਼ਤ ਹੋਣ ਕਰਕੇ ਇਥੇ ਇਸਦੀ ਖਪਤ ਵਧਾਈ ਜਾ ਸਕੇ; ਜੇਕਰ ਹੈ ਤਾਂ ਵੇਰਵੇ ਦਿੱਤੇ ਜਾਣ?

Under Print
Not for Legal/Official use

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਨਹੀਂ ਜੀ।

**ਸ਼੍ਰੀ ਅੰਗਦ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਵਿਚ ਹਰ ਸਾਲ ਮੈਂ ਇਹ ਸਵਾਲ ਲਗਾਇਆ ਹੈ ਕਿਉਂਕਿ ਮੇਰੇ ਹਲਕੇ ਵਿਚ ਕੋਈ ਵੀ ਵੱਡੀ ਇੰਡਸਟਰੀ ਨਹੀਂ ਹੈ। ਉਥੇ ਹਾਲਾਤ ਬਹੁਤ ਮਾੜੇ ਹਨ, ਬੱਚੇ ਬਾਹਰ ਜਾ ਰਹੇ ਹਨ। ਤੁਸੀਂ ਪ੍ਰੋਗਰੈਸਿਵ ਪੰਜਾਬ ਸਮਿੱਟ ਕੀਤੇ ਹਨ ਪਰ ਮੇਰੀ ਬੇਨਤੀ ਹੈ ਕਿ ਮੈਂ ਪੰਚਾਇਤ ਤੋਂ ਮਤਾ ਪੁਆ ਕੇ ਲਗਭਗ 400 ਏਕੜ ਜ਼ਮੀਨ, ਜਿਸ ਦੀ ਕਨੈਕਟੀਵਿਟੀ ਬਹੁਤ ਅੱਛੀ ਹੈ, ਇੰਡਸਟਰੀ ਵਾਸਤੇ ਉਪਲਬਧ ਕਰਵਾਉਣ ਲਈ ਤੁਹਾਨੂੰ ਮਿਲਿਆ ਸੀ ਅਤੇ ਤੁਸੀਂ ਮੈਨੂੰ ਵਿਸ਼ਵਾਸ ਦਿਵਾਇਆ ਸੀ ਕਿ ਉਥੇ ਕੋਈ ਵੁੱਡ ਬੇਸਡ ਇੰਡਸਟਰੀ ਲਿਆਂਦੀ ਜਾਵੇਗੀ ਕਿਉਂਕਿ ਸਾਡੇ ਕੰਢੀ ਏਰੀਏ ਵਿਚ ਪਾਪੁਲਰ ਬਹੁਤ ਹੁੰਦਾ ਹੈ।

**ਮਾਨਯੋਗ ਸਪੀਕਰ:** ਸਵਾਲ ਪੁੱਛੋ ਜੀ।

**ਸ਼੍ਰੀ ਅੰਗਦ ਸਿੰਘ:** ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਕੀ ਅਸੀਂ ਆਉਣ ਵਾਲੇ ਸਮੇਂ ਵਿਚ ਕੋਈ ਆਸ ਰੱਖ ਸਕਦੇ ਹਾਂ ਕਿ ਜਿਹੜੇ ਅਸੀਂ ਪਿਛੇ ਮਤੇ ਪਾ ਕੇ ਦਿੱਤੇ ਹਨ, ਕੀ ਉਸ ਮੁਤਾਬਿਕ ਕੋਈ ਕਲੱਸਟਰ ਬਣ ਸਕਦਾ ਹੈ ਅਤੇ ਜਿਹੜੀ ਸਾਡੇ ਕੋਲ 400 ਏਕੜ ਜ਼ਮੀਨ ਹੈ, ਉਥੇ ਕੋਈ ਇੰਡਸਟਰੀ ਆ ਸਕਦੀ ਹੈ?

**ਮੰਤਰੀ:** ਸਪੀਕਰ ਸਾਹਿਬ, ਹਾਲ ਦੀ ਘੜੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਹਲਕਾ ਨਵਾਂ ਸ਼ਹਿਰ ਵਿਚ ਵੁੱਡ ਬੇਸਡ ਇੰਡਸਟਰੀ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਪੰਜਾਬ ਸਰਕਾਰ ਵੱਲੋਂ ਸਾਲ 2018 ਵਿਚ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਕ ਪਲਾਈਵੁੱਡ ਪਾਰਕ ਸਥਾਪਿਤ ਕਰਨ ਦੇ ਪ੍ਰਾਜੈਕਟ ਦੀ ਰਾਜ ਦੇ ਲੋਕਾਂ ਦੀ ਮਹੱਤਵਪੂਰਨ ਪ੍ਰਾਜੈਕਟ ਵੱਜੋਂ ਪਹਿਚਾਣ ਕੀਤੀ ਗਈ ਹੈ, ਜਿਸ ਨੂੰ ਸਥਾਪਿਤ ਕਰਨ ਸਬੰਧੀ ਤਜਵੀਜ਼ ਇਸ ਵੇਲੇ ਸਰਕਾਰ ਦੇ ਵਿਚਾਰ ਅਧੀਨ ਹੈ। ਪਲਾਈਵੁੱਡ ਪਾਰਕ ਦੇ ਇਸ ਪ੍ਰਾਜੈਕਟ ਨੂੰ ਆਲ ਇੰਡੀਆ ਪਲਾਈਵੁੱਡ ਮੈਨੂਫੈਕਚਰ ਐਸੋਸੀਏਸ਼ਨ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿੰਡ ਬੱਸੀ ਕਾਸੋਂ ਅਤੇ ਬੱਸੀ ਮਰੂਬ ਵਿਚ 60 ਏਕੜ ਜ਼ਮੀਨ ਤੇ ਸਥਾਪਿਤ ਕੀਤਾ ਜਾਣਾ ਹੈ। ਉਕਤ ਐਸੋਸੀਏਸ਼ਨ ਵੱਲੋਂ ਇਸ ਮੰਤਵ ਲਈ ਸਾਲ 2018 ਦੌਰਾਨ ਕੰਪਨੀਜ਼ ਐਕਟ ਤਹਿਤ ਹੁਸ਼ਿਆਰਪੁਰ ਵੁੱਡ ਪਾਰਕ ਲਿਮਟਿਡ ਨਾਮ ਦੀ ਕੰਪਨੀ ਸਪੈਸ਼ਲ ਪਰਪਜ਼ ਵਹੀਕਲ ਐਸ.ਪੀ.ਵੀ. ਵੱਜੋਂ ਰਜਿਸਟਰਡ ਕਰਵਾਈ ਗਈ ਹੈ। ਇਸ ਵੇਲੇ ਇਸ ਐਸ.ਪੀ.ਵੀ. ਵੱਲੋਂ ਉਕਤ 60 ਏਕੜ ਜ਼ਮੀਨ ਖਰੀਦਣ ਦੀ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਦੇ ਮੁਕੰਮਲ ਹੋਣ ਉਪਰੰਤ ਇਹ ਪਾਰਕ ਸਥਾਪਿਤ ਕਰਨ ਸਬੰਧੀ ਕਾਰਵਾਈ ਆਰੰਭੀ ਜਾਵੇਗੀ। ਹੁਸ਼ਿਆਰਪੁਰ ਵਿਖੇ ਜਦੋਂ ਉਪਰੋਕਤ ਪਲਾਈਵੁੱਡ

Under Print
Not for Legal/Official use

ਪਾਰਕ ਸਥਾਪਿਤ ਹੋਵੇਗਾ ਉਹ ਨਾ ਸਿਰਫ ਹੁਸ਼ਿਆਰਪੁਰ ਨੇੜੇ ਲਗਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਲਈ ਲਾਹੇਵੰਦ ਸਾਬਤ ਹੋਵੇਗਾ ਬਲਕਿ ਪੰਜਾਬ ਦੇ ਬਾਕੀ ਜ਼ਿਲਿਆਂ ਵਿਚ, ਜਿਥੇ ਪਾਪੂਲਰ ਦੀ ਵਾਧੂ ਕਾਸ਼ਤ ਕੀਤੀ ਜਾਂਦੀ ਹੈ, ਦੀ ਖਪਤ ਲਈ ਵੀ ਲਾਭਦਾਇਕ ਹੋਵੇਗਾ।

**ਸ਼੍ਰੀ ਅੰਗਦ ਸਿੰਘ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਨਵਾਂ ਸ਼ਹਿਰ ਜ਼ਿਲ੍ਹਾ 1995 ਵਿਚ ਮੇਰੇ ਗਰੈਂਡ ਫਾਦਰ ਨੇ ਬਣਾਇਆ ਸੀ Which was carved out of Jallandhar and Hoshiarpur. ਹੁਸ਼ਿਆਰਪੁਰ ਨੂੰ ਉਸ ਸਮੇਂ ਪਛੜਿਆ ਹੋਇਆ ਹੋਣ ਕਰਕੇ ਟੈਕਸ ਬੈਨੀਫਿਟ ਦਿੱਤਾ ਗਿਆ ਸੀ। ਉਥੇ ਬਹੁਤ ਸਾਰੀ ਇੰਡਸਟਰੀ ਬਲਾਚੌਰ ਅਤੇ ਹੁਸ਼ਿਆਰਪੁਰ ਏਰੀਆ ਵਿਚ ਪਹਿਲਾਂ ਹੀ ਲੱਗੀ ਹੋਈ ਸੀ ਪਰ ਸਾਡੇ ਹਲਕੇ ਵਿਚ ਪਹਿਲਾਂ ਤੋਂ ਕੋਈ ਵੀ ਇੰਡਸਟਰੀ ਨਹੀਂ ਹੈ।ਬਹੁਤ ਅੱਛੀ ਗੱਲ ਹੈ ਕਿ ਹੁਸ਼ਿਆਰਪੁਰ ਵਿਚ ਇਹ ਕੰਮ ਕੀਤਾ ਜਾ ਰਿਹਾ ਹੈ ਪਰ ਮੇਰੀ ਬੇਨਤੀ ਹੈ ਕਿ ਜਿਹੜੇ ਜ਼ਿਲ੍ਹਿਆਂ ਨੂੰ ਪਹਿਲਾਂ ਹੀ ਇਸ ਚੀਜ਼ ਦਾ ਫਾਇਦਾ ਮਿਲ ਚੁੱਕਾ ਹੈ, ਉਸ ਤੋਂ ਬਾਹਰ ਵੀ ਕਿਸੇ ਹੋਰ ਜ਼ਿਲ੍ਹੇ ਨੂੰ ਵੀ ਪਰੈਫਰੈਂਸ ਦਿੱਤੀ ਜਾਵੇ। ਇਹ ਮੇਰੀ ਬੇਨਤੀ ਹੈ।

**ਮਾਨਯੋਗ ਸਪੀਕਰ:** ਅਰੋੜਾ ਸਾਹਿਬ, ਇਹ ਤਾਂ ਤੁਹਾਡੇ ਕੋਲ ਰਿਕੁਐਸਟ ਹੀ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਦੋਂ ਵੀ ਕੋਈ ਵੁੱਡਬੇਸਡ ਇੰਡਸਟਰੀ ਲਗਦੀ ਹੈ ਤਾਂ ਪਹਿਲਾਂ ਉਸਦਾ ਸਰਵੇ ਹੁੰਦਾ ਹੈ ਕਿ ਇਥੇ ਪਾਪੁਲਰ ਕਿੰਨਾ ਲਗਦਾ ਹੈ, ਕੀ ਇਥੇ ਇੰਡਸਟਰੀ ਕਾਮਯਾਬ ਹੋਵੇਗੀ। ਹੁਸ਼ਿਆਰਪੁਰ ਵਿਚ ਸੈਂਚੁਰੀ ਪਾਰਕ ਲੱਗਿਆ, ਉਸ ਤੋਂ ਬਾਅਦ ਬਹੁਤ ਲੋਕ ਉਥੇ ਪਾਪੂਲਰ ਬੀਜਦੇ ਹਨ। ਇਸ ਕਰਕੇ ਸਰਕਾਰ ਵੱਲੋਂ ਉਥੇ ਵੁੱਡ ਪਾਰਕ ਬਣਾਇਆ ਜਾ ਰਿਹਾ ਹੈ। ਜਿਹੜੀ ਇਨ੍ਹਾਂ ਦੀ 400 ਏਕੜ ਜ਼ਮੀਨ ਹੈ, ਇਹ ਮੈਨੂੰ ਮਿਲੇ ਵੀ ਸੀ, ਅਸੀਂ ਉਥੇ ਦੋ ਪਾਰਟੀਆਂ ਨੂੰ ਭੇਜਿਆ ਵੀ ਹੈ। ਜਲਦੀ ਹੀ ਉਥੇ ਕੋਈ ਨਾ ਕੋਈ ਇੰਡਸਟਰੀ ਦਿੱਤੀ ਜਾਵੇਗੀ।

**ਸ਼੍ਰੀ ਅੰਗਦ ਸਿੰਘ:** ਧੰਨਵਾਦ ਜੀ।

## ਪਠਾਨਕੋਟ ਵਿਖੇ ਖਪਤਕਾਰ ਅਦਾਲਤ ਖੋਲਣਾ

***2472 ਸ਼੍ਰੀ ਅਮਿਤ ਵਿਜ:** ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੰਬੇ ਸਮੇਂ ਤੋਂ ਪਠਾਨਕੋਟ ਵਿਖੇ ਖਪਤਕਾਰ ਅਦਾਲਤ (ਕੰਜ਼ਿਊਮਰ ਕੋਰਟ) ਖੋਲਣ ਦੀ ਮੰਗ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

Under Print
Not for Legal/Official use

**ਸ਼੍ਰੀ ਭਾਰਤ ਭੂਸ਼ਣ ਆਸ਼ੂ:** ਪਠਾਨਕੋਟ ਵਿਖੇ ਖਪਤਕਾਰ ਅਦਾਲਤ ਖੋਲਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸ਼੍ਰੀ ਅਮਿਤ ਵਿਜ:** ਮਾਨਯੋਗ ਸਪੀਕਰ ਸਾਹਿਬ, I just want to request that ਖਪਤਕਾਰ ਅਦਾਲਤ ਖੋਲ੍ਹਣ ਨੂੰ ਕਿੰਨਾ ਕੁਟਾਈਮ ਲੱਗ ਜਾਵੇਗਾ?

**ਮੰਤਰੀ:** ਸਰ, Officer Committee ਨੇ ਹੁਣ ਕਲੀਅਰ ਕਰ ਦਿੱਤਾ ਹੈ ਜੀ, ਇਹ ਐਫ.ਡੀ. ਦੀ ਸਲਾਹ ਨਾਲ ਕੈਬਨਿਟ ਵਿੱਚ ਭੇਜਿਆ ਜਾ ਰਿਹਾ ਹੈ। ਇਸ ਸਾਲ ਦੇ ਅੰਦਰ ਅਸੀਂ ਖੋਲ੍ਹ ਦਿਆਂਗੇ ਜੀ।

**ਸ਼੍ਰੀ ਅਮਿਤ ਵਿਜ:** ਸਪੀਕਰ ਸਹਿਬ, ਕੀ ਮੰਤਰੀ ਸਾਹਿਬ ਇੱਕ ਮਹੀਨੇ ਵਿੱਚ ਕਰ ਸਕਦੇ ਹਨ, ਸਾਲ ਤਾਂ ਬਹੁਤ ਵੱਡਾ ਹੈ।

**ਮੰਤਰੀ:** ਜੋ ਪ੍ਰੋਸੀਜ਼ਰ ਹੈ, ਉਸ ਨੂੰ ਹੀ ਫਾਲੋ ਕਰ ਰਹੇ ਹਾਂ। ਖੋਲ ਦਿਆਂਗੇ।

**ਸ਼੍ਰੀ ਅਮਿਤ ਵਿਜ:** ਧੰਨਵਾਦ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਪੰਜਾਬ ਵਿੱਚ Consumer Forum ਦੇ 11 ਪ੍ਰੈਜ਼ੀਡੈਂਟ ਹਨ, ਉਨ੍ਹਾਂ ਦੀ 24.12.2019 ਨੂੰ ਸਿਲੈਕਸ਼ਨ ਹੋ ਚੁੱਕੀ ਹੈ। 8 judiciary ਦੇ ਮੈਂਬਰ ਹਨ, 11 ਪ੍ਰੈਜੀਡੈਂਟ ਹਨ, 2 ਸਟੇਟ ਦੇ ਹਨ, ਸਾਰੇ ਰਿਟਾਇਰਡ ਡਿਸਟ੍ਰਿਕਟ ਅਤੇ ਸੈਸ਼ਨਜ਼ ਜੱਜ ਹਨ ਪਰ ਮੰਤਰੀ ਸਾਹਿਬ 24.12.2019 ਤੋਂ ਲੈ ਕੇ ਹੁਣ ਤੱਕ ਉਹ ਫਾਈਲ ਲੈ ਕੇ ਬੈਠੇ ਹਨ। ਪਤਾ ਨਹੀਂ ਕੀ ਪ੍ਰਾਬਲਮ ਹੈ। ਮੈਂ ਸੀ.ਐਮ. ਸਾਹਿਬ ਦੇ ਆਫਿਸ ਤੱਕ ਵੀ ਅਪਰੋਚ ਕੀਤਾ ਸੀ। ਮਿਤੀ 24.12.2019 ਤੋਂ ਲੈ ਕੇ ਉਨ੍ਹਾਂ ਦੀ appointment and selection ਹੋਈ ਪਈ ਹੈ, ਉਨ੍ਹਾਂ ਦੀ ਪੋਸਟਿੰਗ ਕਿਉਂ ਨਹੀਂ ਕੀਤੀ ਜਾਂਦੀ? Consumer Forum ਦੇ 11 ਪ੍ਰੈਜ਼ੀਡੈਂਟ ਹਨ, ਉਨ੍ਹਾਂ ਦੀ 24.12.2019 ਨੂੰ ਸਿਲੈਕਸ਼ਨ ਹੋ ਚੁੱਕੀ ਹੈ। 8 judiciary ਦੇ ਮੈਂਬਰ ਹਨ, 11 ਪ੍ਰੈਜੀਡੈਂਟ ਹਨ, 2 ਸਟੇਟ ਦੇ ਹਨ, ਸਾਰੇ ਰਿਟਾਇਰਡ ਡਿਸਟ੍ਰਿਕਟ ਅਤੇ ਸੈਸ਼ਨ ਜੱਜ ਹਨ, ਇਹ ਸਾਡੇ ਮਹਿਕਮੇ ਦਾ ਹਾਲ ਹੈ। ਜੇ ਅਸੀਂ ਜੁਡੀਸ਼ੀਅਲ ਮੈਂਬਰਾਂ ਨੂੰ ਜਿਹੜੇ ਰਿਟਾਇਰਡ ਸੈਸ਼ਨਜ਼ ਜੱਜ ਹਨ। ਤੁਹਾਨੂੰ ਪਤਾ ਕੰਜ਼ਿਊਮਰ ਫੋਰਮ ਲਈ ਇਲੀਜੀਬਲ ਹਨ, ਸਿਲੈਕਸ਼ਨ ਵੀ ਹੋਈ ਪਈ ਹੈ। ਇੰਨਾ ਲੰਮਾ ਅਰਸਾ ਕਿਸ ਚੀਜ਼ ਦੀ ਵੇਟ ਹੋ ਰਹੀ ਹੈ? ਕਿਉਂ ਨਹੀਂ

Under Print
Not for Legal/Official use

ਪੋਸਟਿੰਗ ਕੀਤੀ ਜਾ ਰਹੀ ਹੈ? ਲਗਭਗ ਪੰਜਾਬ ਦੀਆਂ ਅੱਧੀਆਂ ਤੋਂ ਵੱਧ Consumer Courts ਇਸ ਟਾਈਮ ਪ੍ਰੈਜੀਡੈਂਟ ਤੋਂ ਬਿਨਾਂ ਖਾਲੀ ਹਨ, ਮੈਂਬਰਾਂ ਤੋਂ ਬਿਨਾਂ ਖਾਲੀ ਪਈਆਂ ਹਨ। ਤਿੰਨ-ਚਾਰ ਮਹੀਨੇ ਸਿਲੈਕਸ਼ਨ ਹੋਈ ਨੂੰ ਹੋ ਗਏ, ਉਸ ਤੋਂ ਲੰਮਾ ਅਰਸਾ ਪਹਿਲਾਂ ਖਾਲੀ ਪਈਆਂ ਸਨ। ਇਹ ਪੋਸਟਿੰਗ ਕਿਉਂ ਨਹੀਂ ਕੀਤੀ ਜਾ ਰਹੀ? ਮੰਤਰੀ ਸਾਹਿਬ ਜਵਾਬ ਦੇਣ। ਇਹ ਬਹੁਤ ਜ਼ਰੂਰੀ ਹੈ। 11 ਸੈਸ਼ਨਜ਼ ਜੱਜ, 2 ਹੋਰ ਐਡੀਸ਼ਨਲ ਸੈਸ਼ਨਜ਼ ਜੱਜ ਅਤੇ 8 ਰਿਟਾਇਰਡ ਸਬ-ਜੱਜ ਹਨ। ਜੇ ਅਸੀਂ ਜੁਡੀਸ਼ਰੀ ਦਾ ਹੀ ਇਸ ਤਰ੍ਹਾਂ ਕਰਾਂਗੇ ਤਾਂ ਮੈਂ ਸਮਝਦਾ ਹਾਂ ਕਿ ਆਮ ਲੋਕਾਂ ਦੀ ਕੀ value ਹੈ।

**ਮਾਨਯੋਗ ਸਪੀਕਰ:** ਤੁਸੀਂ ਤਿੰਨ-ਚਾਰ ਵਾਰ ਇਹ ਗੱਲ ਕਹਿ ਦਿੱਤੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੰਤਰੀ ਜੀ ਬਿਆਨ ਦੇਣ ਕਿ ਕਦੋਂ ਤੱਕ ਉਹ ਫਾਈਲ ਕਲੀਅਰ ਹੋ ਜਾਏਗੀ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹਾਂਗਾ ਕਿ ਇਹ ਸਵਾਲ ਸੈਪਰੇਟ ਬਣਦਾ ਹੈ, ਇਹ ਜਦੋਂ ਮਰਜ਼ੀ ਦੇ ਦੇਣ। ਪਿਛਲੀ ਸਰਕਾਰ ਦੇ ਟਾਈਮ ਤੋਂ ਪੋਸਟਾਂ ਖਾਲੀ ਸਨ। ਮਾਨਯੋਗ ਹਾਈ ਕੋਰਟ ਵਿੱਚ ਕੇਸ ਚਲਦਾ ਸੀ। ਉਸ ਦੇ ਖਤਮ ਹੋਣ ਤੋਂ ਬਾਅਦ ਜਨਵਰੀ ਦਾ ਪ੍ਰੋਸੈਸ ਚਾਲੂ ਹੋਇਆ ਹੈ। ਇਹ ਪ੍ਰੋਸੈਸ ਚਾਲੂ ਹੁੰਦਿਆਂ ਮੇਰੇ ਕੋਲ ਫਾਈਲ ਆਈ ਹੈ। ਜਦੋਂ ਵੀ ਕੋਈ ਸਿਲੈਕਸ਼ਨ ਕਰਨੀ ਹੈ ਤਾਂ ਸਮਾਂ ਲੱਗਦਾ ਹੈ। ਜੇਕਰ ਕਾਹਲੀ ਵਿੱਚ ਇੱਕ ਦਿਨ ਵਿੱਚ ਫਾਈਲ ਨਿਕਲ ਜਾਵੇ ਤਾਂ ਇਹ ਫਟਾ ਫਟ ਖੜੇ ਹੋ ਜਾਣਗੇ ਕਿ ਪਤਾ ਨਹੀਂ ਕਿਹੜੀ ਕਾਹਲੀ ਸੀ। ਜੱਜ ਲਗਾਉਣੇ ਹਨ, ਪ੍ਰਾਸੈਸ ਵਿੱਚੋਂ ਫਾਈਲ ਨਿਕਲਦੀ ਪਈ ਹੈ। ਸੀ.ਐਮ ਸਾਹਿਬ ਦੀ ਅਪਰੂਵਲ ਲੈ ਕੇ ਅਸੀਂ ਛੇਤੀ ਲਗਾ ਦਿਆਂਗੇ। ਇਸ ਸਰਕਾਰ ਦੀ ਕਾਹਲੀ ਕਰਕੇ ਹੀ ਇਹ ਪੋਸਟਾਂ ਭਰੀਆਂ ਜਾ ਰਹੀਆਂ ਹਨ ਨਹੀਂ ਤਾਂ ਪਹਿਲਾਂ ਕਿੰਨੇ ਸਮੇਂ ਤੋਂ ਇਹ ਖਾਲੀ ਪਈਆਂ ਸਨ।

**ਮਾਨਯੋਗ ਸਪੀਕਰ:** ਮੰਤਰੀ ਸਾਹਿਬ ਕਹਿੰਦੇ ਹਨ ਕਿ ਜਲਦੀ ਭਰ ਦਿਆਂਗੇ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਸਿਲੈਕਸ਼ਨ ਹੋਈ ਪਈ ਹੈ, ਸਰ, ਸਿਲੈਕਸ਼ਨ ਹੋਈ ਪਈ ਹੈ, ਸਿਲੈਕਸ਼ਨ ਦਾ ਕੋਈ ਇਸ਼ੂ ਨਹੀਂ ਹੈ।ਆਰਡਰ ਕਿਉਂ ਨਹੀਂ ਜਾਰੀ ਕਰਦੇ? ਸਾਰਾ ਕੁਝ ਹੋਇਆ ਪਿਆ

Under Print
Not for Legal/Official use

ਹੈ। ਸਰ, ਸਿਲੈਕਸ਼ਨ ਹੋਈ ਪਈ ਹੈ, ਗੱਲ ਤਾਂ ਇਹ ਹੈ ਕਿ ਪੋਸਟਿੰਗ ਕਿਉਂ ਨਹੀਂ ਦਿੱਤੀ ਜਾ ਰਹੀ? ਸਰ, ਸਿਲੈਕਸ਼ਨ ਹੋਈ ਪਈ ਹੈ, ਪੋਸਟਿੰਗ ਕਿਉਂ ਨਹੀਂ ਦਿੱਤੀ ਜਾ ਰਹੀ। ਮੰਤਰੀ ਸਾਹਿਬ ਨੂੰ ਸ਼ਾਇਦ ਜਾਣਕਾਰੀ ਨਹੀਂ ਹੈ, ਸਿਲੈਕਸ਼ਨ ਹੋਈ ਪਈ ਹੈ, ਪੋਸਟਿੰਗ ਕਿਉਂ ਨਹੀਂ ਦਿੱਤੀ ਜਾ ਰਹੀ?

**ਮੰਤਰੀ :** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ:** ਆਸ਼ੂ ਜੀ, ਤੁਸੀਂ ਬੈਠ ਜਾਓ। ਚੀਮਾ ਜੀ, ਤੁਸੀਂ ਖੁਦ ਵਕੀਲ ਹੋ, ਕਾਨੂੰਨ ਦੇ ਵਾਕਫਕਾਰ ਹੋ, ਸਿਲੈਕਸ਼ਨ ਤੋਂ ਬਾਅਦ ਵੀ ਕਈ ਕਿਸਮ ਦੀ ਵੈਰੀਫਿਕੇਸ਼ਨ,ਇੰਟਰਨਲ ਖੁਫੀਆ , ਬਹੁਤ ਕੁਝ ਕਰਨਾ ਹੁੰਦਾ ਹੈ, ਸਿਲੈਕਸ਼ਨ ਤੋਂ ਬਾਅਦ ਥੋੜਾ ਟਾਈਮ ਤਾਂ ਲੱਗਦਾ ਹੈ। ਕਿਉਂਕਿ ਵੈਰੀਫਿਕੇਸ਼ਨ ਵੀ ਹੋਣੀ ਹੈ। ਸਿਲੈਕਸ਼ਨ ਤੋਂ ਬਾਅਦ ਟਾਈਮ ਤਾਂ ਲੱਗਦਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਟਾਈਮ ਬਾਊਂਡ ਕਰ ਦਿਓ ਜੀ। 15-20 ਦਿਨ ਜਾਂ ਕਿੰਨੇ ਦਿਨਾਂ ਵਿੱਚ ਪੋਸਟਿੰਗ ਹੋ ਜਾਵੇਗੀ?

**ਮਾਨਯੋਗ ਸਪੀਕਰ:** ਆਸ਼ੂ ਜੀ, ਕੋਈ ਐਸ਼ਿਓਰੈਂਸ ਦੇ ਸਕਦੇ ਹੋ ਕਿ ਕਿੰਨੇ ਦਿਨਾਂ ਵਿੱਚ ਕਰ ਦਿਓਗੇ?

**ਮੰਤਰੀ:** ਕਮੇਟੀ ਦੀਆਂ ਸਿਫਾਰਸ਼ਾਂ ਸਰਕਾਰ ਨੇ ਮੰਨਣੀਆਂ ਹਨ। ਉਹ ਘੋਖ ਕੇ ਮੰਨਣੀਆਂ ਹਨ। ਛੇਤੀ ਹੀ ਉਨ੍ਹਾਂ ਤੇ decision ਲੈ ਲਿਆ ਜਾਵੇਗਾ।

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ *2401

*2401 **ਸਰਦਾਰ ਨਾਜਰ ਸਿੰਘ ਮਾਨਸ਼ਾਹੀਆ**: ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: -

ੳ) ਕੀ ਇਹ ਠੀਕ ਹੈ ਕਿ ਮਾਨਸਾ ਸ਼ਹਿਰ ਵਿੱਚ ਸਥਿਤ ਬਾਬਾ ਭਾਈ ਗੁਰਦਾਸ ਜੀ ਅਸਥਾਨ ਨੇੜੇ ਛੱਪੜਾਂ ਵਿੱਚ ਸ਼ਹਿਰ ਦਾ ਗੰਦਾ ਕੂੜਾ ਕਰਕਟ ਅਤੇ ਸ਼ਹਿਰ ਦੇ ਸੀਵਰ ਦਾ ਗੰਦਾ ਪਾਣੀ ਪਾਇਆ ਜਾ ਰਿਹਾ ਹੈ ਜੋ ਕਿ ਕਾਨੂੰਨੀ ਤੌਰ ਤੇ ਗਲਤ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਸਬੰਧੀ ਵਿਭਾਗ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਸ਼੍ਰੀ ਬ੍ਰਹਮ ਮਹਿੰਦਰਾ** : (ੳ) ਹਾਂ ਜੀ, ਕੁਝ ਸਮੇਂ ਲਈ ਕੂੜਾ ਸੁੱਟਿਆ ਗਿਆ ਸੀ।

Under Print
Not for Legal/Official use

(ਅ) ਨਗਰ ਕੌਂਸਲ, ਮਾਨਸਾ ਵੱਲੋਂ ਕੁਝ ਸਮੇਂ ਲਈ ਸ਼ਹਿਰ ਵਿੱਚ ਇਕੱਠਾ ਹੁੰਦਾ ਕੂੜਾ ਕਰਕਟ ਮਾਨਸਾ ਸ਼ਹਿਰ ਵਿੱਚ ਸਥਿਤ ਬਾਬਾ ਭਾਈ ਗੁਰਦਾਸ ਜੀ ਅਸਥਾਨ ਨੇੜੇ ਛੱਪੜਾਂ ਤੇ ਸੁੱਟਿਆ ਗਿਆ ਸੀ, ਕਿਉਂਕਿ ਨਗਰ ਕੌਂਸਲ ਵੱਲੋਂ ਸ਼ਹਿਰ ਦੇ ਮੁੱਖ ਕੂੜਾ ਡੰਪ ਵਾਲੀ ਜਗ੍ਹਾ ਜੋ ਕਿ ਰਮਦਿੱਤਾ ਚੌਂਕ ਮਾਨਸਾ ਵਿਖੇ ਹੈ, ਪੂਰੀ ਤਰ੍ਹਾਂ ਨਾਲ ਭਰ ਗਿਆ ਹੈ। ਹੁਣ ਕੂੜਾ ਡੰਪ ਦੇ ਨਾਲ-ਨਾਲ ਸਵੱਛ ਭਾਰਤ ਮਿਸ਼ਨ ਤਹਿਤ ਤਿਆਰ ਕੀਤੇ ਗਏ ਮੈਟੀਰੀਅਲ ਰਿਕਵਰੀ ਫੈਸਲਿਟੀ ਸ਼ੈੱਡਾਂ ਅਤੇ ਐਰੋਬਿਕ ਕੰਪੋਸਟ ਪਿੱਟਾਂ ਤੇ ਭੇਜ ਕੇ ਕੂੜੇ ਤੋਂ ਖਾਦ ਤਿਆਰ ਕੀਤੀ ਜਾ ਰਹੀ ਹੈ ਅਤੇ ਕੂੜੇ ਨੂੰ ਪ੍ਰੋਸੈਸ ਕੀਤਾ ਜਾ ਰਿਹਾ ਹੈ। ਸੀਵਰ ਦਾ ਪਾਣੀ ਇਨ੍ਹਾਂ ਛੱਪੜਾਂ ਵਿੱਚ ਨਹੀਂ ਪੈ ਰਿਹਾ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਸਵਾਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉਤਰ ਦਿੱਤੇ ਗਏ ਸਮਝੇ ਜਾਣ।

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਹਲਕਾ ਗੜ੍ਹਸ਼ੰਕਰ ਵਿੱਚ ਸਰਕਾਰ ਕਾਲਜ ਖੋਲ੍ਹਣਾ

*2378 **ਸਰਦਾਰ ਜੈ ਕ੍ਰਿਸ਼ਨ ਸਿੰਘ**: ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਗੜ੍ਹਸ਼ੰਕਰ ਵਿੱਚ ਕੋਈ ਵੀ ਸਰਕਾਰੀ ਕਾਲਜ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਹਲਕਾ ਗੜ੍ਹਸ਼ੰਕਰ ਵਿੱਚ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਨਹੀਂ ਜੀ।

---

### ਪੀ.ਆਰ.ਟੀ.ਸੀ. ਦੇ ਬੰਦ ਪਏ ਰੂਟ ਦੁਬਾਰਾ ਚਾਲੂ ਕਰਨਾ

*2514 **ਠੇਕੇਦਾਰ ਮਦਨ ਲਾਲ ਜਲਾਲਪੁਰ**: ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿਛਲੇ ਸਮੇਂ ਤੋਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਬੰਦ ਪਏ ਰੂਟ ਜਿਵੇਂ ਕਿ ਸੈਕਟਰ 17 ਚੰਡੀਗੜ੍ਹ ਤੋਂ ਅੰਬਾਲਾ ਵਾਇਆ ਬਨੂੜ-ਤੇਪਲਾ, ਭਵਿੱਖ ਵਿੱਚ ਦੁਬਾਰਾ ਚਾਲੂ ਕਰਨ ਦੀ ਕੋਈ ਤਜਵੀਜ਼ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ**: ਪੀ.ਆਰ.ਟੀ.ਸੀ. ਲਈ ਪ੍ਰਵਾਨ ਕੀਤੇ ਰੂਟ ਪਰਮਿਟਾਂ ਅਨੁਸਾਰ ਹੀ ਬੱਸ ਸੇਵਾ ਚਲਾਈ ਜਾਂਦੀ ਹੈ। ਜਿੱਥੋਂ ਤੱਕ ਸੈਕਟਰ 17, ਚੰਡੀਗੜ੍ਹ ਤੋਂ ਅੰਬਾਲਾ ਵਾਇਆ ਬਨੂੜ ਤੇਪਲਾ ਰੂਟ ਦਾ ਪ੍ਰਬੰਧ ਹੈ, ਪੀ.ਆਰ.ਟੀ.ਸੀ. ਕੋਲ ਇਸ ਰੂਟ ਦਾ ਪ੍ਰਮਾਣਿਤ ਪਰਮਿਟ ਨਾ ਹੋਣ ਕਾਰਨ ਬੱਸ ਸਰਵਿਸ ਨਹੀਂ ਚਲਾਈ ਜਾ ਰਹੀ। ਭਵਿੱਖ ਵਿੱਚ ਇਸ ਰੂਟ ਤੇ ਬੱਸ ਸਰਵਿਸ ਚਲਾਉਣ ਦੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਜੀ।

Under Print
Not for Legal/Official use

---

## ਸੰਗਰੂਰ ਵਿੱਚ ਅਮਰਗੜ੍ਹ ਬਾਈਪਾਸ ਦੀ ਤਜਵੀਜ਼

*2469 **ਸਰਦਾਰ ਸੁਰਜੀਤ ਸਿੰਘ ਧੀਮਾਨ**: ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੰਗਰੂਰ ਜ਼ਿਲ੍ਹੇ ਵਿੱਚ ਅਮਰਗੜ੍ਹ ਬਾਈਪਾਸ ਦੀ ਤਜਵੀਜ਼ ਅਤੇ ਲਾਗਤ ਦੇ ਵੇਰਵੇ ਕੀ ਵੀ ਹੈ ਅਤੇ ਸਰਕਾਰ ਦੁਆਰਾ ਇਸ ਦਿਸ਼ਾ ਵਿੱਚ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ** : ਸ਼੍ਰੀਮਾਨ ਜੀ, ਹਾਲ ਦੀ ਘੜੀ ਜ਼ਿਲ੍ਹਾ ਸੰਗਰੂਰ ਵਿੱਚ ਅਮਰਗੜ੍ਹ ਬਾਈਪਾਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

## ਫਿਰੋਜ਼ਪੁਰ ਦੇ ਪਿੰਡਾਂ ਵਿਖੇ ਰੋਡਵੇਜ਼ ਦੀਆਂ ਬੱਸਾਂ ਚਲਾਉਣਾ

*2578 **ਸਰਦਾਰ ਕੁਲਬੀਰ ਸਿੰਘ ਜ਼ੀਰਾ**: ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਫਿਰੋਜ਼ਪੁਰ-ਮੱਲਾਂਵਾਲਾ-ਕਾਮਲਵਾਲਾ-ਫਤਿਹਗੜ੍ਹ ਸਭਰਾ-ਹਰੀਕੇ ਰੂਟ ਤੇ ਰੋਡਵੇਜ਼ ਦੀ ਬੱਸ ਵੀ ਚੱਲ ਰਹੀ ਹੈ;

(ਅ) ਕੀ ਫਿਰੋਜ਼ਪੁਰ-ਖੋਸਾ ਦਲ ਸਿੰਘ-ਹਰਦਾਸਾ-ਤਲਵੰਡੀ ਭਾਈ ਰੂਟ ਤੇ ਰੋਡਵੇਜ਼ ਦੀ ਬੱਸ ਚੱਲ ਰਹੀ ਹੈ;

(ੲ) ਜੇਕਰ ਨਹੀਂ ਤਾਂ ਇਨ੍ਹਾਂ ਰੂਟਾਂ ਤੇ ਬੱਸਾਂ ਕਦੋਂ ਤੱਕ ਚਲਾ ਦਿੱਤੀਆਂ ਜਾਣਗੀਆਂ?

**ਸ਼੍ਰੀਮਤੀ ਰਜ਼ੀਆ ਸੁਲਤਾਨਾ**: (ੳ) ਹਾਂ ਜੀ, ਇਸ ਰੂਟ ਤੇ ਪੰਜਾਬ ਰੋਡਵੇਜ਼ ਦੀ ਬੱਸ ਚੱਲ ਰਹੀ ਹੈ।

(ਅ) ਹਾਂ ਜੀ। ਇਸ ਰੂਟ ਤੇ ਬੱਸ ਦੀ ਰੂਟ ਰਸੀਟ ਬਹੁਤ ਘੱਟ ਹੋਣ ਕਰਕੇ ਇਹ ਬੱਸ ਬੰਦ ਕਰ ਦਿੱਤੀ ਗਈ ਸੀ, ਪਰੰਤੂ ਲੋਕਾਂ ਦੀ ਸਹੂਲਤ ਨੂੰ ਦੇਖਦੇ ਹੋਏ ਇਸ ਰੂਟ ਤੇ ਪੰਜਾਬ ਰੋਡਵੇਜ਼ ਦੀ ਬੱਸ ਹੁਣ ਚਲਾ ਦਿੱਤੀ ਗਈ ਹੈ।

---

## ਸ੍ਰੀ ਗੁਰੂ ਰਵੀਦਾਰ ਜੀ ਦੇ ਇਤਿਹਾਸਕ ਤਪ ਅਸਥਾਨ ਖੁਰਾਲਗੜ੍ਹ ਸਾਹਿਬ ਵਿਖੇ ਉਸਾਰੀ ਦੇ ਕੰਮ ਨੂੰ ਮੁਕੰਮਲ ਕਰਨਾ

*2406 **ਸ਼੍ਰੀ ਪਵਨ ਕੁਮਾਰ ਟੀਨ**: ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ੍ਰੀ ਗੁਰੂ ਰਵੀਦਾਰ ਜੀ ਦੇ ਇਤਿਹਾਸਕ ਤਪ ਅਸਥਾਨ, ਖੁਰਾਲਗੜ੍ਹ ਸਾਹਿਬ (ਨੇੜੇ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਸ੍ਰੀ ਗੁਰੂ ਰਵੀਦਾਸ ਮੈਮੋਰੀਅਲ ਅਤੇ ਮੀਨਾਰ-ਏ-ਬੇਗਮਪੁਰਾ ਦੀ ਉਸਾਰੀ ਦੇ ਪ੍ਰਾਜੈਕਟ ਤੇ

Under Print
Not for Legal/Official use

ਪਿਛਲੇ ਤਿੰਨ ਸਾਲਾਂ ਦੌਰਾਨ ਸਰਕਾਰ ਨੇ ਕਿੰਨਾ ਕੰਮ ਮੁਕੰਮਲ ਕੀਤਾ ਹੈ, ਇਸ ਪ੍ਰਾਜੈਕਟ ਦੇ ਕੰਮ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਸ ਸਮਾਰਕ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

**ਸਰਦਾਰ ਚਰਨਜੀਤ ਸਿੰਘ ਚੰਨੀ** : ਸ੍ਰੀ ਗੁਰੂ ਰਵੀਦਾਰ ਜੀ ਦੇ ਇਤਿਹਾਸਕ ਤਪ ਅਸਥਾਨ, ਖੁਰਾਲਗੜ੍ਹ ਸਾਹਿਬ (ਨੇੜੇ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਸ੍ਰੀ ਗੁਰੂ ਰਵੀਦਾਰ ਮੈਮੋਰੀਅਲ ਅਤੇ ਮੀਨਾਰ-ਏ-ਬੇਗਮਪੁਰਾ ਦੀ ਉਸਾਰੀ ਦੇ ਪ੍ਰਾਜੈਕਟ ਤੇ ਪਿਛਲੇ ਤਿੰਨ ਸਾਲਾਂ ਦੌਰਾਨ ਰਾਜ ਸਰਕਾਰ ਵੱਲੋਂ 28.96 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਰਾਸ਼ੀ ਜਾਰੀ ਕਰਨ ਉਪਰੰਤ ਇਸ ਸਮਾਰਕ ਦਾ ਲਗਭਗ 60% ਕੰਮ ਮੁਕੰਮਲ ਹੋ ਚੁੱਕਾ ਹੈ। ਇਸ ਸਮਾਰਕ ਨੂੰ ਛੇਤੀ ਮੁਕੰਮਲ ਕਰਨ ਲਈ ਰਾਜ ਸਰਕਾਰ ਵਚਨਬੱਧ ਹੈ।

## UNSTARRED QUESTIONS AND ANSWERS

### Invest Punjab Portal ਉਪਰ ਪ੍ਰਾਪਤ ਹੋਈਆਂ ਅਰਜ਼ੀਆਂ ਦਾ ਵੇਰਵਾ

306. **ਸ੍ਰੀ ਅਮਨ ਅਰੋੜਾ:** - ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਨਿਵੇਸ਼ਕਾਂ ਤੋਂ ਨਿਵੇਸ਼ ਕਰਵਾਉਣ ਦੇ ਮਕਸਦ ਨਾਲ Invest Punjab Portal ਬਣਾਇਆ ਹੋਇਆ ਹੈ;

(ਅ) ਜੇਕਰ ਹਾਂ ਤਾਂ ਹੁਣ ਤੱਕ ਇਸ ਪੋਰਟਲ ਉਪਰ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋ ਚੁੱਕੀਆਂ ਹਨ ਅਤੇ ਉਨ੍ਹਾਂ ਵਿੱਚੋਂ ਕਿੰਨੀਆਂ ਨੂੰ ਸਾਰੀਆਂ ਇਜਾਜ਼ਤਾਂ ਦਿੱਤੀਆਂ ਜਾ ਚੁੱਕੀਆਂ ਹਨ;

(ੲ) ਕੀ ਇਹ ਵੀ ਠੀਕ ਹੈ ਕਿ Invest Punjab Portal ਉਪਰ ਨਿਵੇਸ਼ਕਾਂ ਨੂੰ ਸਾਰੇ ਸਬੰਧਤ ਮਹਿਕਮਿਆਂ ਵੱਲੋਂ ਪਾਸ ਕੀਤੇ ਜਾਣ ਦੀਆਂ ਸਮੇਂ ਸੀਮਾਵਾਂ (Timeline) ਤੈਅ ਹਨ, ਜੇਕਰ ਹਾਂ ਤਾਂ ਵੱਖ ਵੱਖ ਕੰਮਾਂ ਲਈ ਵੱਖ ਵੱਖ Timelines ਕੀ ਹਨ?

**ਸ੍ਰੀ ਸੁੰਦਰ ਸ਼ਾਮ ਅਰੋੜਾ**: (ੳ) ਹਾਂ ਜੀ, ਨਿਵੇਸ਼ਕਾਂ ਦੀ ਸਹੂਲਤ ਲਈ ਇਨਵੈਸਟ ਪੰਜਾਬ ਬਿਜਨਸ ਫਸਟ ਪੋਰਟਲ ਤਿਆਰ ਕੀਤਾ ਗਿਆ ਹੈ।

(ਅ) ਇਨਵੈਸਟ ਪੰਜਾਬ ਬਿਜਨਸ ਫਸਟ ਪੋਰਟਲ 1 ਨਵੰਬਰ, 2018 ਨੂੰ ਲਾਂਚ ਕੀਤਾ ਗਿਆ ਸੀ। ਪੋਰਟਲ ਰਾਹੀਂ ਦਿੱਤੀਆਂ ਗਈਆਂ ਪ੍ਰਵਾਨਗੀਆਂ ਅਤੇ ਸੇਵਾਵਾਂ ਦੇ ਵੇਰਵੇ ਹੇਠ ਦਿੱਤੇ ਅਨੁਸਾਰ ਹਨ: -

| ਇਨਵੈਸਟ ਪੰਜਾਬ ਬਿਜਨਸ ਫਸਟ ਪੋਰਟਲ | ਅਪਲਾਈ ਹੋਏ ਕੇਸ | ਜਾਰੀ/ਪ੍ਰਦਾਨ | ਵਾਪਸ | ਰੱਦ | ਨਿਵੇਸ਼ਕ ਵੱਲ ਬਕਾਇਆ | ਪ੍ਰਕਿਰਿਆ ਅਧੀਨ |
|---|---|---|---|---|---|---|
| ਰੈਗੂਲੇਟਰੀ ਕਲੀਅਰੈਂਸ ਅਤੇ ਸੇਵਾਵਾਂ | 12960 | 10971 | 141 | 471 | 759 | 618 |
| | | | | | | |

Under Print
Not for Legal/Official use

ਉਪਭੋਗਤਾਵਾਂ ਨੇ 1 ਨਵੰਬਰ, 2018 ਤੋਂ 31 ਜਨਵਰੀ, 2020 ਤੱਕ ਇਸ ਪੋਰਟਲ ਤੋਂ ਪ੍ਰਾਪਤ ਪ੍ਰਵਾਨਗੀ/ਸੇਵਾਵਾਂ ਲਈ 5 ਵਿੱਚੋਂ 4.62 ਦੀ ਰੇਟਿੰਗ ਦਿੱਤੀ ਹੈ।

(ੲ) ਪੰਜਾਬ ਟਰਾਂਸਪੇਰੈਂਸੀ ਐਂਡ ਅਕਾਊਂਟੇਬਿਲਟੀ ਇਨ ਡਲਿਵਰੀ ਆਫ ਪਬਲਿਕ ਸਰਵਿਸ ਐਕਟ, (ਪੀ.ਟੀ.ਏ.ਡੀ.ਪੀ.ਐਸ.) 2018 ਦੇ ਅਨੁਸਾਰ ਇਨਵੈਸਟ ਪੰਜਾਬ ਬਿਜਨਸ ਫਸਟ ਪੋਰਟਲ ਤੇ ਸਮਾਂ ਸੀਮਾਵਾਂ ਤੈਅ ਹਨ। ਸਮੇਂ ਸੀਮਾਵਾਂ ਜਿਸ ਵਿੱਚ ਵਿਭਾਗਾਂ ਦੁਆਰਾ ਮਨਜ਼ੂਰੀਆਂ ਦਿੱਤੀਆਂ ਜਾਣੀਆਂ ਹਨ, ਹੇਠ ਲਿਖੇ ਅਨੁਸਾਰ ਹੈ: –

| ਲੜੀ ਨੰਬਰ | ਵਿਭਾਗ ਦਾ ਨਾਂ | ਕਲੀਅਰੈਂਸ ਦਾ ਨਾਂ | ਐਸ.ਐਲ.ਏ.–ਐਕਟ ਅਨੁਸਾਰ ਸਮਾਂ ਸੀਮਾ (ਦਿਨਾਂ ਦੀ ਗਿਣਤੀ) |
|---|---|---|---|
| 1 | ਫਾਇਰ ਸਰਵਿਸਿਜ਼ ਵਿਭਾਗ | ਫਾਈਨਲ ਫਾਇਰ ਸੇਫਟੀ ਸਰਟੀਫਿਕੇਟ ਲਈ ਅਰਜ਼ੀ | 30 |
| 2 | ਫਾਇਰ ਸਰਵਿਸਿਜ਼ ਵਿਭਾਗ | ਪ੍ਰੋਵੀਜ਼ਨਲ ਫਾਇਰ ਸੇਫਟੀ ਸਰਟੀਫਿਕੇਟ ਲਈ ਅਰਜ਼ੀ | 30 |
| 3 | ਜੰਗਲਾਤ ਅਤੇ ਜੰਗਲੀ ਜੀਵ ਵਿਭਾਗ | ਫੌਰੈਸਟ ਐਨ.ਓ.ਸੀ. | 21 |
| 4 | ਉਦਯੋਗ ਅਤੇ ਕਮਰਸ ਵਿਭਾਗ (ਫਰਮ) | ਪਾਰਟਨਰਸ਼ਿਪ ਫਰਮਾਂ ਦੀ ਰਜਿਸਟ੍ਰੇਸ਼ਨ ਲਈ ਅਰਜ਼ੀ | 15 |
| 5 | ਉਦਯੋਗ ਅਤੇ ਵਣਜ ਵਿਭਾਗ (ਸੁਸਾਇਟੀਆਂ) | ਸੁਸਾਇਟੀਆਂ ਦੀ ਰਜਿਸਟ੍ਰੇਸ਼ਨ ਲਈ ਅਰਜ਼ੀ | 15 |
| 6 | ਉਦਯੋਗ ਅਤੇ ਵਣਜ ਵਿਭਾਗ (ਸਟਾਰਟ ਅਪ ਰਜਿਸਟ੍ਰੇਸ਼ਨ) | ਸਟਾਰਟ ਅਪ ਰਜਿਸਟ੍ਰੇਸ਼ਨ | 30 |
| 7 | ਕਿਰਤ ਵਿਭਾਗ | ਲੇਬਰ ਐਕਟ 1970 ਦੇ ਅਧੀਨ ਕੰਮ ਕਰਨ ਵਾਲੇ ਕੰਟਰੈਕਟ ਲੇਬਰ (ਪ੍ਰਿੰਸੀਪਲ ਇੰਪਲਾਇਰ) ਦੀ ਰਜਿਸਟ੍ਰੇਸ਼ਨ ਲਈ ਅਰਜ਼ੀ | 30 |
| 8 | ਕਿਰਤ ਵਿਭਾਗ | ਸਥਾਪਨਾ, ਵਰਕਰਾਂ ਨੂੰ ਰੁਜ਼ਗਾਰ ਦੇਣ ਲਈ ਬਿਲਡਿੰਗ ਅਤੇ ਹੋਰ ਨਿਰਮਾਣ ਕਾਰਜ ਬੀ.ਓ.ਸੀ.ਡਬਲਿਊ. ਐਕਟ 1996 ਅਧੀਨ ਰਜਿਸਟ੍ਰੇਸ਼ਨ ਲਈ ਬਿਨੈ ਪੱਤਰ | 30 |
| 9 | ਕਿਰਤ ਵਿਭਾਗ | ਕੰਟਰੈਕਟ ਲੇਬਰ ਆਰ. ਐਂਡ ਏ. ਐਕਟ 1970 (ਨਿਯਮ 17(1) ਅਧੀਨ ਲਾਇਸੈਂਸ ਦੇਣ ਲਈ ਫਾਰਮ-IV ਲਈ ਅਰਜ਼ੀ। | 30 |
| 10 | ਕਿਰਤ ਵਿਭਾਗ | ਰਜਿਸਟ੍ਰੇਸ਼ਨ ਆਫ ਸ਼ਾਪਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟ ਐਕਟ 1958 | 30 |
| 11 | ਕਿਰਤ ਵਿਭਾਗ (ਡਾਇਰੈਕਟਰ ਆਫ ਫੈਕਟਰੀਜ਼) | ਬਿਲਡਿੰਗ ਪਲੈਨ ਅਪਰੂਵਲ ਫਾਰ ਫੈਕਟਰੀਜ਼ | 30 |
| 12 | ਕਿਰਤ ਵਿਭਾਗ (ਡਾਇਰੈਕਟਰ ਆਫ ਫੈਕਟਰੀਜ਼) | ਸਟੇਬਿਲਟੀ ਸਰਟੀਫਿਕੇਟ | 15 |
| 13 | ਕਿਰਤ ਵਿਭਾਗ (ਡਾਇਰੈਕਟਰ ਆਫ | ਫਾਰਮ–2 ਰਜਿਸਟ੍ਰੇਸ਼ਨ ਅਤੇ | 15 |

Under Print
Not for Legal/Official use

| | | | |
|---|---|---|---|
| | ਫੈਕਟਰੀਜ਼) | ਲਾਇਸੈਂਸ ਦੀ ਨਵੀਨੀਕਰਨ ਲਈ ਧਾਰਾ 6 ਅਤੇ 7 ਲਈ ਅਰਜ਼ੀ | |
| 14 | ਲੀਗਲ ਮੈਟ੍ਰੋਲੋਜੀ ਵਿਭਾਗ | ਨਵੇਂ ਡੀਲਰ ਲਈ ਲਾਇਸੈਂਸ | 30 |
| 15 | ਲੀਗਲ ਮੈਟ੍ਰੋਲੋਜੀ ਵਿਭਾਗ | ਨਵੇਂ ਨਿਰਮਾਤਾ ਲਈ ਲਾਇਯੈਂਸ | 30 |
| 16 | ਲੀਗਲ ਮੈਟ੍ਰੋਲੋਜੀ ਵਿਭਾਗ | ਨਵੇ ਰਿਪੇਅਰ ਲਈ ਲਾਇਸੈਂਸ | 30 |
| 17 | ਪਾਵਰ ਵਿਭਾਗ | ਇਲੈਕਟ੍ਰੀਕਲ ਉਪਕਰਣਾਂ ਲਈ ਪ੍ਰਵਾਨਗੀ | 21 |
| 18 | ਡਾਇਰੈਕਟਰ ਆਫ ਬੋਆਇਲਰਜ਼ | ਬੋਆਇਲਰ ਨੂੰ ਬਣਾਉਣ ਵਾਲਾ ਅਤੇ ਮੁਰੰਮਤ ਕਰਨ ਵਾਲਾ | 30 |
| 19 | ਡਾਇਰੈਕਟਰ ਆਫ ਬੋਆਇਲਰਜ਼ | ਬੋਆਇਲਰ ਫਾਰਮ | 30 |
| 20 | ਡਾਇਰੈਕਟਰ ਆਫ ਬੋਆਇਲਰਜ਼ | ਬੋਆਇਲਰ ਨਿਰਮਾਤਾ | 30 |
| 21 | ਡਾਇਰੈਕਟਰ ਆਫ ਬੋਆਇਲਰਜ਼ | ਬੋਆਇਲਰ ਰਜਿਸਟ੍ਰੇਸ਼ਨ | 30 |
| 22 | ਡਾਇਰੈਕਟਰ ਆਫ ਬੋਆਇਲਰਜ਼ | ਬੋਆਇਲਰ ਰਜਿਸਟ੍ਰੇਸ਼ਨ ਨਵੀਨੀਕਰਣ | 30 |
| 23 | ਡਾਇਰੈਕਟਰ ਆਫ ਬੋਆਇਲਰਜ਼ | ਬੋਆਇਲਰ ਨੂੰ ਬਣਾਉਣ ਅਤੇ ਰਿਪੇਅਰ ਦਾ ਨਵੀਨੀਕਰਣ | 30 |
| 24 | ਕਰ ਅਤੇ ਟੈਕਸ | ਪੀ.ਐਸ.ਡੀ.ਟੀ.-1 | 30 |
| 25 | ਕਰ ਅਤੇ ਟੈਕਸ | ਪੀ.ਐਸ.ਡੀ.ਟੀ.-2 | 30 |
| 26 | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ | ਭੂਮੀ ਦੀ ਵਰਤੋਂ (ਸੀ.ਐਲ.ਯੂ.-ਐਚ.ਯੂ.ਡੀ.) | 60 |
| 27 | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ | ਬਿਲਡਿੰਗ ਪਲੈਨ ਅਪਰੂਵਲ-ਐਚ.ਯੂ.ਡੀ. | 21 |
| 28 | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ | ਪਲਿੰਥ ਲੈਵਲ ਐਚ.ਯੂ.ਡੀ. | 21 |
| 29 | ਸਥਾਨਕ ਸਰਕਾਰ ਵਿਭਾਗ | ਭੂਮੀ ਦੀ ਵਰਤੋਂ (ਸੀ.ਐਲ.ਯੂ.-ਐਲ.ਜੀ.) ਦੀ ਤਬਦੀਲੀ ਲਈ ਪ੍ਰਵਾਨਗੀ ਦੀ ਬੇਨਤੀ ਲਈ ਅਰਜ਼ੀ | 62 |
| 30 | ਸਥਾਨਕ ਸਰਕਾਰ ਵਿਭਾਗ | ਬਿਲਡਿੰਗ ਪਲੈਨ ਅਪਰੂਵਲ-ਸਥਾਨਕ ਸਰਕਾਰ | 60 |
| 31 | ਸਥਾਨਕ ਸਰਕਾਰ ਵਿਭਾਗ | ਨੋਟਿਸ ਆਫ ਕੰਪਲੀਸ਼ਨ ਐਂਡ ਪਰਮਿਸ਼ਨ ਟੂ ਆਕੂਪਾਈ-ਐਲ.ਜੀ. | 15 |
| 32 | ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ | ਸਥਾਪਤ ਕਰਨ ਲਈ ਸਹਿਮਤੀ | 21 |
| 33 | ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ | ਸਥਾਪਤ ਕਰਨ ਲਈ ਸਹਿਮਤੀ -ਵਿਸਥਾਰ | 21 |
| 34 | ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ | ਸਥਾਪਤ ਕਰਨ ਲਈ ਸਹਿਕਤੀ-ਵਿਸਥਾਰ | 21 |
| 35 | ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ | ਸੰਚਾਲਨ ਲਈ ਸਹਿਮਤੀ (ਸੀਟੀਓ) ਹਵਾ | 30 |
| 36 | ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ | ਸੰਚਾਲਨ ਲਈ ਸਹਿਮਤੀ ਹਵਾ (ਸੀਟਓ) (ਵੱਖ ਵੱਖ) | 30 |
| 37 | ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ | ਸੰਚਾਲਨ ਲਈ ਸਹਿਮਤੀ (ਸੀਟੀਓ) ਪਾਣੀ | 30 |
| 38 | ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ | ਸੰਚਾਲਨ ਲਈ ਸਹਿਮਤੀ (ਸਹੀਟੀਓ) ਪਾਣੀ (ਭਿੰਨ ਭਿੰਨ) | 30 |
| 39 | ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ | ਹੈਜ਼ਰਡਸ ਵੇਸਟ ਮੈਨੇਜਮੈਂਟ | 30 |
| 40 | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ | ਬਿਲਡਿੰਗ ਪਲੈਨ ਅਪਰੂਵਲ - ਪੀ.ਐਸ.ਆਈ.ਈ.ਸੀ. | 15 |

Under Print
Not for Legal/Official use

| | | | |
|---|---|---|---|
| 41 | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ | ਪਲਾਟ ਅਲਾਟਮੈਂਟ-ਪੀ.ਐਸ.ਆਈ.ਈ.ਸੀ. | 30 |
| 42 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ | ਐਚ.ਟੀ. ਸਪਲਾਈ - 100 ਕਿ.ਵਾ. ਤੋਂ ਉਪਰ ਦੀ ਸਪਲਾਈ | 120 |
| 43 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ | ਐਚ.ਟੀ. ਸਪਲਾਈ - ਅਸਥਾਈ - 100 ਕਿ.ਵਾ. ਤੋਂ ੳ॥ਪਰ ਦੀ ਸਪਲਾਈ | 75 |
| 44 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ | ਐਲ.ਟੀ. ਸਪਲਾਈ - 100 ਕਿ.ਵਾ. ਤੋਂ ਘੱਟ ਸਪਲਾਈ ! | 37 |
| 45 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ | ਐਲ.ਟੀ. ਸਪਲਾਈ - ਅਸਥਾਈ - 100 ਕਿ.ਵਾ. ਤੋਂ ਘੱਟ ਸਪਲਾਈ | 22 |
| 46 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ | 500 ਕੇ.ਵੀ.ਏ. ਤੋਂ ਵੱਘ ਦੀ ਮੰਗ ਲਈ ਨਿਯਮਤ ਬੇਨਤੀ ਫਾਰਮ | 60 |
| 47 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ | 500 ਕੇ.ਵੀ.ਏ. ਤੋਂ ਵੱਧ ਦੀ ਮੰਗ ਲਈ ਅਸਥਾਈ ਬੇਨਤੀ ਫਾਰਮ | 60 |

## ਸੀਵਰੇਜ ਪਾਉਣ ਦੇ ਪ੍ਰੋਜੈਕਟ ਦੇ ਠੇਕੇ ਸਬੰਧੀ

**307 ਸਰਦਾਰ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ: - ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: -**

(ੳ) ਕੀ ਇਹ ਠੀਕ ਹੈ ਕਿ ਫਰੀਦਕੋਟ ਜ਼ਿਲ੍ਹੇ ਦੇ ਸ਼ਹਿਰ ਫਰੀਦਕੋਟ, ਕਟਕਪੂਰਾ ਅਤੇ ਜੈਤੋਂ ਵਿਖੇ ਸੀਵਰੇਜ ਪਾਉਣ ਦਾ ਪ੍ਰਾਜੈਕਟ ਇੱਕ ਪ੍ਰਾਈਵੇਟ ਕੰਪਨੀ ਨੂੰ ਠੇਕੇ ਤੇ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਪ੍ਰਾਜੈਕਟ ਕਦੋਂ ਇਸ ਕੰਪਨੀ ਨੂੰ ਅਲਾਟ ਕੀਤਾ ਗਿਆ;

(ਅ) ਇਸ ਪ੍ਰਾਜੈਕਟ ਨੂੰ ਮੁਕੰਮਲ ਹੋਣ ਲਈ ਕਿੰਨਾ ਸਮਾਂ ਨਿਰਧਾਰਤ ਕੀਤਾ ਗਿਆ ਸੀ ਅਤੇ ਇਸ ਦਾ ਕਿੰਨਾ ਕੰਮ ਬਾਕੀ ਹੈ ਅਤੇ ਇਸ ਨੂੰ ਮੁਕੰਮਲ ਹੋਣ ਲਈ ਕਿੰਨਾ ਸਮਾਂ ਹੋਰ ਲੱਗੇਗਾ;

(ੲ) ਇਸ ਪ੍ਰਾਜੈਕਟ ਅਧੀਨ ਹੁਣ ਤੱਕ ਹੋਏ ਕੰਮ ਦੀ ਜਾਣਕਾਰੀ ਦਿੱਤੀ ਜਾਵੇ;

(ਸ) ਕੀ ਨਿਰਧਾਰਤ ਸਮੇਂ ਅਤੇ ਨਿਯਮਾਂ ਤੋਂ ਜ਼ਿਆਦਾ ਸਮਾਂ ਲੱਗਣ ਤੇ ਇਸ ਕੰਪਨੀ ਨੂੰ ਕਾਰਵਾਈ ਤਹਿਤ ਕੋਈ ਜੁਰਮਾਨਾ ਕੀਤਾ ਗਿਆ; ਜੇਕਰ ਜੁਰਮਾਨਾ ਕੀਤਾ ਗਿਆ ਹੈ ਤਾਂ ਇਸ ਨੂੰ ਵਸੂਲਣ ਲਈ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਅਤੇ ਕੀ ਜੁਰਮਾਨੇ ਦੇ ਖਿਲਾਫ ਕਿਸੇ ਵੀ ਪੱਧਰ ਤੇ ਕੰਪਨੀ ਵੱਲੋਂ ਕੋਈ ਅਪੀਲ ਹੋਈ ਹੈ; ਜੇਕਰ ਹੋਈ ਹੈ ਤਾਂ ਉਸ ਦਾ ਵੇਰਵਾ ਦਿੱਤਾ ਜਾਵੇ;

(ਹ) ਇਸ ਪ੍ਰਾਜੈਕਟ ਦਾ ਠੇਕਾ CSR ਰੇਟ ਤੋਂ ਕਿੰਨਾ ਵੱਧ ਜਾਂ ਘੱਟ ਦਿੱਤਾ ਗਿਆ?

Under Print
Not for Legal/Official use

**ਸ਼੍ਰੀ ਬ੍ਰਹਮ ਮਹਿੰਦਰਾ :** (ੳ) ਜੀ ਹਾਂ, ਫਰੀਦਕੋਟ ਜ਼ਿਲ੍ਹੇ ਦੇ ਸ਼ਹਿਰ ਫਰੀਦਕੋਟ, ਕੋਟਕਪੂਰਾ ਅਤੇ ਜੈਤੋਂ ਵਿਖੇ ਸੀਵਰੇਜ ਪਾਉਣ ਦਾ ਪ੍ਰਾਜੈਕਟ ਦਾ ਕੰਮ ਇੱਕ ਪ੍ਰਾਈਵੇਟ ਕੰਪਨੀ ਨੂੰ ਠੇਕੇ ਤੇ ਦਿੱਤਾ ਗਿਆ ਸੀ। ਇਹ ਪ੍ਰਾਜੈਕਟ ਪ੍ਰਾਈਵੇਟ ਕੰਪਨੀ ਮੈਸਰਜ਼ ਸ਼ਾਹਪੂਰਜੀ ਪਾਲੋਨਜੀ ਨੂੰ ਠੇਕੇ ਤੇ ਦਿੱਤਾ ਗਿਆ ਹੈ ਅਤੇ ਇਹ ਪ੍ਰਾਜੈਕਟ ਮਿਤੀ 16.06.2016 ਨੂੰ ਅਲਾਟ ਕੀਤਾ ਗਿਆ ਸੀ।

(ਅ) ਇਹ ਕੰਮ ਨੂੰ ਮੁਕੰਮਲ ਹੋਣ ਲਈ 18 ਮਹੀਨੇ ਦਾ ਸਮਾਂ ਯਾਨੀ ਕਿ ਮਿਤੀ 15.12.2017 ਤੱਕ ਨਿਰਧਾਰਤ ਕੀਤਾ ਗਿਆ ਸੀ। ਇਸ ਪ੍ਰਾਜੈਕਟ ਅਧੀਨ ਫਰੀਦਕੋਟ ਸ਼ਹਿਰ ਵਿਖੇ ਸੀਵਰੇਜ ਦਾ ਕੰਮ ਮਿਤੀ 30.09.2020 ਤੱਕ ਅਤੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਕੰਮ ਮਿਤੀ 30.06.2021 ਤੱਕ ਮੁਕੰਮਲ ਹੋ ਜਾਵੇਗਾ। ਜੈਤੋਂ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ ਮੁਕੰਮਲ ਹੋ ਚੁੱਕਾ ਹੈ ਅਤੇ ਸੀਵਰੇਜ ਦਾ ਕੰਮ ਮਿਤੀ 30.09.2020 ਤੱਕ ਮੁਕੰਮਲ ਹੋ ਜਾਵੇਗਾ। ਕੋਟਕਪੂਰਾ ਵਿਖੇ ਸੀਵਰੇਜ਼ ਦਾ ਕੰਮ ਮਿਤੀ 30.09.2020 ਤੱਕ ਅਤੇ ਸੀਵੇਜ ਟਰੀਟਮੈਂਟ ਪਲਾਂਟ ਦਾ ਕੰਮ ਮਿਤੀ 30.06.2020 ਤੱਕ ਮੁਕੰਮਲ ਹੋ ਜਾਵੇਗਾ।

(ੲ) ਪ੍ਰਾਜੈਕਟ ਅਧੀਨ ਹੋਏ ਕੰਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ: –

ਜੈਤੋਂ ਸ਼ਹਿਰ

| ਲੜੀ ਨੰਬਰ | ਵਿਵਰਣ | ਸਕੋਪ | ਪ੍ਰਗਤੀ |
|---|---|---|---|
| 1. | ਮੇਨ ਸੀਵਰ | 2.82 ਕਿਲੋਮੀਟਰ | 2.82 ਕਿਲੋਮੀਟਰ |
| 2 | ਬਰਾਂਚ ਸੀਵਰ | 41.46 ਕਿਲੋਮੀਟਰ | 36.92 ਕਿਲੋਮੀਟਰ |
| 3 | ਸੜਕਾਂ | ਇੱਕ ਪੂਰਾ ਕੰਮ | 55% |
| 4 | ਸੀਵੇਜ ਟਰੀਟਮੈਂਟਰ ਪਲਾਂਟ (6 ਮਿਲੀਅਨ ਲੀਟਰ ਪ੍ਰਤੀ ਦਿਨ ਸਮਰੱਥਾ) | 1 ਨੰਬਰ | 100% |
| 5 | ਸਟਰੀਟ ਲਾਈਟਸ | 195 ਨੰਬਰ | 77 ਨੰਬਰ |
| 6 | ਸੀਵਰ ਹਾਊਸ ਕੁਨੈਕਸ਼ਨ | 6166 ਨੰਬਰ | 3412 ਨੰਬਰ |

ਕੋਟਕਪੂਰਾ ਸ਼ਹਿਰ

| ਲੜੀ ਨੰਬਰ | ਵਿਵਰਣ | ਸਕੋਪ | ਪ੍ਰਗਤੀ |
|---|---|---|---|
| 1. | ਵਾਟਰ ਸਪਲਾਈ ਪਾਈਪ ਲਾਈਨ | 9.59 ਕਿਲੋਮੀਟਰ | 9.297 ਕਿਲੋਮੀਟਰ |
| 2 | ਮੇਨ ਸੀਵਰ | 10.690 ਕਿਲੋਮੀਟਰ | 6.56 ਕਿਲੋਮੀਟਰ |
| 3 | ਬਰਾਂਚ ਸੀਵਰ | 81.639 ਕਿਲੋਮੀਟਰ | 45.60 ਕਿਲੋਮੀਟਰ |
| 4 | ਸੜਕਾਂ | ਇੱਕ ਪੂਰਾ ਕੰਮ | 50% |
| 5 | ਸੀਵੇਜ ਟਰੀਟਮੈਂਟ ਪਲਾਂਟ (8 ਮਿਲੀਅਨ ਲੀਟਰ ਪ੍ਰਤੀ ਦਿਨ | 2 ਨੰਬਰ | 85% |

Under Print
Not for Legal/Official use

| | | | |
|---|---|---|---|
| | ਸਮਰੱਥਾ ਦਾ ਅਤੇ 6 ਮਿਲੀਅਨ ਲੀਟਰ ਪ੍ਰਤੀ ਦਿਨ ਸਮਰੱਥਾ ਦਾ) | | |
| 6 | ਸਟਰੀਟ ਲਾਈਟਸ | 290 ਨੰਬਰ | 148 ਨੰਬਰ |
| 7 | ਸੀਵਰ ਹਾਊਸ ਕੁਨੈਕਸ਼ਨ | 14509 ਨੰਬਰ | 4761 ਨੰਬਰ |

ਫਰੀਦਕੋਟ ਸ਼ਹਿਰ

| ਲੜੀ ਨੰਬਰ | ਵਿਵਰਣ | ਸਕੋਪ | ਪ੍ਰਗਤੀ |
|---|---|---|---|
| 1. | ਮੇਨ ਸੀਵਰ | 8.59 ਕਿਲੋਮੀਟਰ | 3.66 ਕਿਲੋਮੀਟਰ |
| 2 | ਬਰਾਂਚ ਸੀਵਰ | 85.90 ਕਿਲੋਮੀਟਰ | 64.54 ਕਿਲੋਮੀਟਰ |
| 3 | ਸੜਕਾਂ | ਇੱਕ ਪੂਰਾ ਕੰਮ | 40% |
| 4 | ਸੀਵੇਜ ਟਰੀਟਮੈਂਟ ਪਲਾਂਟ (14 ਮਿਲੀਅਨ ਲੀਟਰ ਪ੍ਰਦੀ ਦਿਨ ਸਮਰੱਥਾ) | 1 ਨੰਬਰ | ਕਾਰਵਾਈ ਅਧੀਨ ਹੈ। |
| 5 | ਸਟਰੀਟ ਲਾਈਟਨਸ | 350 ਨੰਬਰ | 43 ਨੰਬਰ |
| 6 | ਸੀਵਰ ਹਾਊਸ ਕੁਨੈਕਸ਼ਨ | 11500 ਨੰਬਰ | 3851 ਨੰਬਰ |

---

(ਸ) ਏਜੰਸੀ ਨੂੰ ਐਗਰੀਮੈਂਟ ਦੀਆਂ ਧਾਰਾਵਾਂ ਮੁਤਾਬਕ ਕੰਮ ਨੂੰ ਸਮੇਂ ਸਿਰ ਪੂਰਾ ਨਾ ਕਰਨ ਲਈ ਲਿਕੁਈਡੇਟਿਡ ਡੈਮੇਜਿਜ਼ (ਪੈਨੇਲਟੀ) 10.58 ਕਰੋੜ ਰੁਪਏ ਲਗਾਈ ਗਈ ਹੈ ਜੀ, ਜਿਸ ਵਿਰੁੱਧ ਹੁਣ ਤੱਕ 2.40 ਕਰੋੜ ਰੁਪਏ ਏਜੰਸੀ ਦੇ ਬਿੱਲਾਂ ਵਿੱਚੋਂ ਵਸੂਲੇ ਜਾ ਚੁੱਕੇ ਹਨ। ਕੰਪਨੀ ਵੱਲੋਂ ਮਿਤੀ 22.10.2019 ਰਾਹੀਂ ਨਿਗਰਾਨ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਹਲਕਾ ਬਠਿੰਡਾ ਨੂੰ ਅਪੀਲ ਕੀਤੀ ਗਏ. ਹੈ, ਜਿਸ ਵਿੱਚ ਏਜੰਸੀ ਨੂੰ ਪੈਨੇਲਟੀ ਮਾਫ ਕਰਨ ਲਈ ਅਪੀਲ ਕੀਤੀ ਗਏ. ਹੈ ਜੋ ਕਿ ਸੁਣਵਾਈ ਅਧੀਨ ਹੈ।

(ਹ) ਇਸ ਪ੍ਰਾਜੈਕਟ ਅਧੀਨ ਕੰਮ ਸੀ.ਐਸ.ਆਰ. ਤੋਂ 18.085% ਵੱਧ ਰੇਟਾਂ ਤੇ ਅਲਾਟ ਕੀਤਾ ਗਿਆ ਸੀ।

---

## ਪੋਸਟ ਮੈਟ੍ਰਿਕ ਵਜ਼ੀਫਾ ਰਾਸ਼ੀ ਜਾਰੀ ਕਰਨਾ

308 **ਸਰਦਾਰ ਕੁਲਤਾਰ ਸਿੰਘ ਸੰਧਵਾਂ** : ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਦਲਿਤਾਂ ਅਤੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜ਼ੀਫਾ ਰਾਸ਼ੀ ਸਾਲ 2016-17 ਤੋਂ ਹੁਣ ਤੱਕ ਕਰੀਬ 2400 ਕਰੋੜ ਰੁਪਏ ਬਣਦੀ ਹੈ, ਪੰਜਾਬ ਸਰਕਾਰ ਵੱਲੋਂ ਜਾਰੀ ਨਹੀਂ ਕੀਤੀ ਗਈ;

Under Print
Not for Legal/Official use

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਰਾਸ਼ੀ ਦੇ ਨਾ ਜਾਰੀ ਕਰਨ ਨਾਲ ਪ੍ਰਭਾਵਿਤ ਹੋਣ ਵਾਲੇ ਵਿਦਿਆਰਥੀਆਂ ਦੀ ਫੀਸ ਦੀ ਪ੍ਰਤੀ ਪੂਰਤੀ ਕਿਸ ਤਰ੍ਹਾਂ ਕੀਤੀ ਗਈ ਹੈ;

ੲ) ਪੰਜਾਬ ਸਰਕਾਰ ਪੋਸਟ ਮੈਟ੍ਰਿਕ ਵਜ਼ੀਫਾ ਰਾਸ਼ੀ ਕਦੋਂ ਜਾਰੀ ਕਰ ਦੇਵੇਗੀ?

---

**ਸਰਦਾਰ ਸਾਧੂ ਸਿੰਘ ਧਰਮਸੋਤ** : (ੳ) ਪੰਜਾਬ ਰਾਜ ਵਿੱਚ ਦਲਿਤ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜ਼ੀਫਾ ਦੇਣ ਲਈ ਸਾਲ 2016-17 ਤੋਂ 2018-19 ਤੱਕ 1374.76 ਕਰੋੜ ਰੁਪਏ ਦੀ ਰਾਸ਼ੀ ਲੋੜੀਂਦੀ ਹੈ। ਇਹ ਰਾਸ਼ੀ ਭਾਰਤ ਸਰਕਾਰ ਪਾਸੋਂ ਸਕਾਲਰਸ਼ਿਪ ਦੇ ਫੰਡ ਪ੍ਰਾਪਤ ਹੋਣ ਉਪਰੰਤ ਰਾਜ ਸਰਕਾਰ ਵੱਲੋਂ ਜਾਰੀ ਕੀਤੀ ਜਾਣੀ ਹੈ। ਘੱਟ ਗਿਣਤੀ ਵਰਗਾਂ ਨਾਲ ਸਬੰਧਤ ਵਿਦਿਆਰਥੀਆਂ ਦੇ ਵਜ਼ੀਫੇ ਦੀ ਸਾਲ 2018-19 ਤੱਕ ਸਰਕਾਰ ਵੱਲ ਕੋਈ ਦੇਣਦਾਰੀ ਨਹੀਂ ਹੈ, ਇਸ ਲਈ ਇਨ੍ਹਾਂ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜ਼ੀਫਾ ਦੇਣ ਲਈ ਕੋਈ ਰਾਸ਼ੀ ਰਾਜ ਸਰਕਾਰ ਤੋਂ ਰਿਲੀਜ਼ ਕਰਵਾਉਣ ਦੀ ਲੋੜ ਨਹੀਂ ਹੈ। ਇਨ੍ਹਾਂ ਸਕੀਮਾਂ ਤਹਿਤ ਸਾਲ 2019-20 ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜ਼ੀਫਾ ਦੇਣ ਲਈ ਲੋੜੀਂਦੀ ਰਾਸ਼ੀ ਨੂੰ ਵਰਕ ਆਊਟ ਕਰਨ ਦਾ ਪ੍ਰਾਸੈਸ ਚੱਲ ਰਿਹਾ ਹੈ।

(ਅ) ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਦੁਆਰਾ ਜਾਰੀ ਕੀਤੀਆਂ ਅਗਵਾਈ ਲੀਹਾਂ ਸਬੰਧਿਤ ਲਾਗੂਕਰਤਾ ਵਿਭਾਗਾਂ ਨੂੰ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦੇ ਸਨਮੁੱਖ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦਾ ਦਾਖਲਾ ਨਿਰਵਿਘਨ ਹੋ ਰਿਹਾ ਹੈ।

(ੲ) ਭਾਰਤ ਸਰਕਾਰ ਤੋਂ ਵਜੀਫੇ ਦੀ ਰਾਸ਼ੀ ਪ੍ਰਾਪਤ ਹੋਣ ਉਪਰੰਤ ਰਾਸ਼ੀ ਵਿਦਿਆਰਥੀਆਂ ਨੂੰ ਜਾਰੀ ਕਰ ਦਿੱਤੀ ਜਾਵੇਗੀ।

## ਪੀਣ ਵਾਲੇ ਪਾਣੀ ਦਾ ਪ੍ਰਬੰਧ

309 **ਸਰਦਾਰ ਕੁਲਤਾਰ ਸਿੰਘ ਸੰਧਵਾਂ :** - ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਫਾਜ਼ਿਲਕਾ ਦੇ ਸਰਹੱਦੀ ਪਿੰਡ ਚੂੜੀਵਾੜਾ ਚਿਸ਼ਤੀ ਵਿੱਚ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਨਹੀਂ ਹੈ ਅਤੇ ਲੋਕ ਕਰੀਬ 3 ਕਿਲੋਮੀਟਰ ਦੂਰ ਲੱਗੇ ਨਲਕਿਆਂ ਤੋਂ ਪਾਣੀ ਲੈ ਕੇ ਆਉਣ ਲਈ ਮਜਬੂਰ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਹੁਣ ਤੱਕ ਪੰਜਾਬ ਸਰਕਾਰ ਨੇ ਇਸ ਪਿੰਡ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕੀ ਉਪਰਾਲੇ ਕੀਤੇ ਹਨ;

(ੲ) ਪੰਜਾਬ ਵਿੱਚ ਅਜਿਹੇ ਕਿੰਨੇ ਪਿੰਡ ਹਨ ਜਿਨ੍ਹਾਂ ਵਿੱਚ ਪੀਣ ਵਾਲੇ ਸਾਫ ਪਾਣੀ ਦੀ ਸਹੂਲਤ ਨਹੀਂ ਹੈ ਅਤੇ ਸਰਕਾਰ ਇਹ ਸਹੂਲਤ ਕਦੋਂ ਤੱਕ ਮੁਹੱਈਆ ਕਰਵਾ ਦੇਵੇਗੀ?

Under Print
Not for Legal/Official use

**ਸ਼੍ਰੀਮਤੀ ਰਜ਼ੀਆ ਸੁਲਤਾਨਾ** : (ੳ) ਜੀ ਨਹੀਂ, ਇਹ ਠੀਕ ਨਹੀਂ ਹੈ। ਇਸ ਪਿੰਡ ਵਿੱਚ ਪੀਣ ਵਾਲੇ ਸਾਫ ਪਾਣੀ ਲਈ ਆਰ.ਓ. ਪਲਾਂਟ ਲੱਗਿਆ ਹੋਇਆ ਹੈ ਜੋ ਕਿ ਚਾਲੂ ਹਾਲਤ ਵਿੱਚ ਹੈ ਪਰੰਤੂ ਪਾਈਪਡ ਵਾਟਰ ਸਪਲਾਈ ਉਪਲਬਧ ਨਹੀਂ ਹੈ।

(ਅ) ਪਿੰਡ ਚੂੜੀਵਾਲਾ ਚਿਸ਼ਤੀ ਅਤੇ ਖਾਨ ਵਾਲਾ ਨੂੰ ਪਾਣੀ ਦੀ ਸਪਲਾਈ ਤਿੰਨ ਨੰਬਰ ਪਿੰਡਾਂ ਦੀ ਇਕੱਠੀ ਟਿਊਬਵੈੱਲ ਬੇਸਡ ਜਲ ਸਪਲਾਈ ਮੁੱਠਿਆਂ ਵਾਲੀ ਵਿਖੇ ਬਣਾ ਕੇ ਦਿੱਤੀ ਗਈ ਹੈ। ਇਸ ਤੋਂ ਬਾਅਦ ਜਲ ਸਪਲਾਈ ਮੁੱਠਿਆਂ ਵਾਲੀ ਦਾ ਟਿਊਬਵੈੱਲ ਫੇਲ੍ਹ ਹੋਣ ਕਾਰਨ ਅਤੇ ਧਰਤੀ ਹੇਠਲਾ ਪਾਣੀ ਖਰਾਬ ਹੋਣ ਕਾਰਨ ਪਿੰਡ ਮੁੱਠਿਆਂ ਵਾਲੀ ਨੂੰ ਕੈਨਾਲ ਬੇਸਡ ਜਲ ਸਪਲਾਈ ਸਕੀਮ ਕਰਨੀ ਖੇੜਾ ਨਾਲ ਜੋੜ ਦਿੱਤਾ ਗਿਆ ਸੀ ਅਤੇ ਪਿੰਡ ਚੂੜੀਵਾਲਾ ਚਿਸ਼ਤੀ ਅਤੇ ਖਾਨ ਵਾਲਾ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਪਿੰਡ ਵਿੱਚ ਆਰ.ਓ. ਪਲਾਂਟ ਇਨਸਟਾਲ ਕਰਕੇ ਦਿੱਤੀ ਜਾ ਰਹੀ ਹੈ। ਇਸ ਤੋਂ ਬਾਅਦ ਪਿੰਡ ਚੂੜੀਵਾਲਾ ਚਿਸ਼ਤੀ ਅਤੇ ਖਾਨ ਵਾਲਾ ਲਈ ਇਕੱਠਾ ਵਾਟਰ ਵਰਕਸ ਪਿੰਡ ਖਾਨ ਵਾਲਾ ਵਿਖੇ ਬਣਾਉਣ ਲਈ ਤਜਵੀਜ਼ ਬਾਰਡਰ ਏਰੀਆ ਡਿਵੈਲਪਮੈਂਟ ਪ੍ਰੋਗਰਾਮ ਮੱਦ ਅਧੀਨ ਤਿਆਰ ਕਰਕੇ ਭੇਜੀ ਗਈ ਸੀ, ਪਰ ਉਸ ਮੱਦ ਅਧੀਨ ਇਸ ਦੇ ਫੰਡ ਪ੍ਰਾਪਤ ਨਹੀਂ ਹੋਏ। ਹੁਣ ਪਿੰਡ ਖਾਨ ਵਾਲਾ ਦੀ ਪੰਚਾਇਤ ਵੱਲੋਂ ਦਿੱਤੇ ਮਤੇ ਅਨੁਸਾਰ ਪਿੰਡ ਖਾਨ ਵਾਲਾ ਲਈ ਵੱਖਰਾ ਵਾਟਰ ਵਰਕਸ ਬਣਾਉਣ ਸਬੰਧੀ ਵਰਲਡ ਬੈਂਕ ਮੱਦ ਅਧੀਨ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ ਅਤੇ ਪਿੰਡ ਚੂੜੀਵਾਲਾ ਚਿਸ਼ਤੀ ਲਈ ਵੱਖਰਾ ਵਾਟਰ ਵਰਕਸ ਬਣਾਉਣ ਲਈ ਪਿੰਡ ਦੀ ਪੰਚਾਇਤ ਨਾਲ ਤਾਲਮੇਲ ਕੀਤਾ ਗਿਆ, ਪਰ ਉਨ੍ਹਾਂ ਵੱਲੋਂ ਅਜੇ ਤੱਕ ਵਾਟਰ ਵਰਕਸ ਲਈ ਕੋਈ ਵੀ ਢੁੱਕਵੀਂ ਜਗ੍ਹਾ ਉਪਲਬਧ ਨਹੀਂ ਕਰਵਾਈ ਗਈ ਹੈ।

(ੲ) ਪੰਜਾਬ ਦੇ ਸਾਰੇ ਪਿੰਡਾਂ ਵਿੱਚ ਪੀਣ ਯੋਗ ਪਾਣੀ ਦੀ ਸਪਲਾਈ ਟਿਊਬਵੈਲ ਬੇਸਡ ਪਾਈਪਡ ਵਾਟਰ ਸਪਲਾਈ, ਕੈਨਾਲ ਬੇਸਡ ਵਾਟਰ ਸਪਲਾਈ, ਆਰ.ਓ. ਜਾਂ ਹੈਂਡ ਪੰਪਾਂ ਰਾਹੀਂ ਮੁਹੱਈਆ ਕਰਵਾਈ ਜਾ ਰਹੀ ਹੈ।

## <u>ਕਰੋਨਾਵਾਇਰਸ ਦੀ ਰੋਕਥਾਮ</u>

310 **ਸਰਦਾਰ ਕੁਲਤਾਰ ਸਿੰਘ ਸੰਧਵਾਂ – ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ਕਿਰਪਾ ਕਰਕੇ ਦੱਸਣਗੇ ਕਿ –**

(ੳ) ਪੰਜਾਬ ਵਿੱਚ ਜਾਂ ਵਿਦੇਸ਼ਾਂ ਖਾਸ ਕਰਕੇ ਚੀਨ ਵਿੱਚ ਰਹਿੰਦੇ ਕਿੰਨੇ ਪੰਜਾਬੀ ਕਰੋਨਾ ਵਾਇਰਸ ਨਾਲ ਪ੍ਰਭਾਵਿਤ ਹੋਏ ਹਨ:

(ਅ) ਪੰਜਾਬ ਰਾਜ ਵਿਚ ਇਸ ਵਾਇਰਸ ਦੀ ਰੋਕਥਾਮ ਲਈ ਕੀ ਉਪਰਾਲੇ ਕੀਤੇ ਗਏ ਹਨ?

Under Print
Not for Legal/Official use

**ਸਰਦਾਰ ਬਲਬੀਰ ਸਿੰਘ ਸਿੱਧੂ** : ਸ੍ਰੀ ਮਾਨ ਜੀ, 1. ਵਿਦੇਸ਼ਾਂ ਵਿਚ ਖਾਸ ਕਰਕੇ ਚੀਨ ਵਿਚ ਕਿਸੇ ਵੀ ਪੰਜਾਬ ਦੇ ਵਸਨੀਕ ਦੀ ਪ੍ਰਭਾਵਿਤ ਹੋਣ ਦੀ ਖਬਰ ਨਹੀਂ ਹੈ।

2 ਅੱਜ ਤੱਕ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ ਕਿਸੇ ਕੇਸ ਦੀ ਪੁਸ਼ਟੀ ਨਹੀਂ ਹੋਈ।

3 ਕੋਰੋਨਾ ਵਾਇਰਸ ਤੋਂ ਬਚਾਓ ਲਈ ਪੰਜਾਬ ਰਾਜ ਵਿੱਚ ਹੇਠ ਲਿਖੇ ਉਪਾਅ ਕੀਤੇ ਗਏ ਹਨ

i. ਰਾਜ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਕਰੋਨਾ ਵਾਇਰਸ ਲਈ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ।

ii. ਕੋਰੋਨਾ ਵਾਇਰਸ ਲਈ 3 ਸਰਕਾਰੀ ਮੈਡੀਕਲ ਕਾਲਜਾਂ ਅਤੇ 22 ਜਿਲ੍ਹਾ ਹਸਪਤਾਲਾਂ ਵਿਚ ਆਈਸੋਲੇਸ਼ਨ ਵਾਰਡ ਸਥਾਪਤ ਕੀਤੇ ਗਏ ਹਨ।

iii. ਕੋਰੋਨਾ ਵਾਇਰਸ ਦੀ ਸਕ੍ਰੀਨਿੰਗ ਦੋਵੇਂ ਕੌਮਾਂਤਰੀ ਹਵਾਈ ਅੱਡਿਆਂ (ਅੰਮ੍ਰਿਤਸਰ ਅਤੇ ਮੋਹਾਲੀ) ਵਿਖੇ ਸ਼ੁਰੂ ਕੀਤੀ ਗਈ ਹੈ।

- ਯਾਤਰੀਆਂ ਦੀ ਜਾਂਚ ਲਈ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਥਰਮਲ ਸੈਂਸਰ ਲਗਾਏ ਗਏ ਹਨ।

- ਮੋਹਾਲੀ ਹਵਾਈ ਅੱਡੇ ਤੇ ਸਿਹਤ ਵਿਭਾਗ ਪੰਜਾਬ ਵੱਲੋ ਇੰਫਰਾਰੈਡ ਥਰਮਾਮੀਟਰ ਮੁਹੱਈਆ ਕਰਵਾਏ ਗਏ ਹਨ ਤਾਂ ਜੋ ਯਾਤਰੀਆਂ ਦੀ ਸਕਰੀਨਿੰਗ ਹੋ ਸਕੇ।

iv. ਅੰਮ੍ਰਿਤਸਰ ਵਿਚ ਅਟਾਰੀ / ਵਾਹਗਾ ਬਾਰਡਰ ਅਤੇ ਗੁਰਦਾਸਪੁਰ ਵਿਚ ਡੇਰਾ ਬਾਬਾ ਨਾਨਕ ਵਿਖੇ ਵੀ ਯਾਤਰੀਆਂ ਦੀ ਸਕਰੀਨਿੰਗ ਲਈ ਚੈਕ ਪੋਸਟਾਂ ਸਥਾਪਤ ਕੀਤੀਆਂ ਗਈਆਂ ਹਨ।

v. ਕੋਰੋਨਾ ਵਾਇਰਸ ਲਈ ਦਿਸ਼ਾ-ਨਿਰਦੇਸ਼ ਸਾਰੇ ਜਿਲ੍ਹਿਆਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।

vi. ਕੋਰੋਨਾ ਵਾਇਰਸ ਦੀ ਜਾਗਰੂਕਤਾ ਦੀਆਂ ਗਤੀਵਿਧੀਆਂ ਸਿਹਤ ਵਿਭਾਗ ਦੇ ਫੀਲਡ ਸਟਾਫ ਦੁਆਰਾ ਆਮ ਲੋਕਾਂ ਲਈ ਕੀਤੀਆਂ ਜਾ ਰਹੀਆਂ ਹਨ।

vii. ਹੈਲਪਲਾਈਨ ਨੰਬਰ 104 ਕੋਰੋਨਾ ਵਾਇਰਸ ਸਬੰਧੀ ਕਿਸੇ ਵੀ ਪ੍ਰਸ਼ਨਾਂ ਲਈ ਪੂਰੀ ਤਰ੍ਹਾਂ ਕਾਰਜਸ਼ੀਲ ਹੈ।

viii. ਰਾਜ ਅਤੇ ਜਿਲ੍ਹਿਆਂ ਵਿੱਚ ਲੌਜਿਸਟਿਕਸ ਜਿਵੇਂ ਮਾਸਕ ਅਤੇ ਨਿੱਜੀ ਸੁਰੱਖਿਆ ਉਪਕਰਣ (ਪੀ.ਪੀ.ਈ ਕਿੱਟਾਂ) ਲੋੜੀਂਦੀ ਮਾਤਰਾ ਵਿਚ ਉਪਲਬਧ ਹਨ।

ix. 18 ਫਰਵਰੀ, 2020 ਤੱਕ 1701 ਯਾਤਰੀਆਂ ਨੂੰ ਨਿਗਰਾਨੀ ਹੇਠ ਰੱਖਿਆ ਗਿਆ ਹੈ।

Under Print
Not for Legal/Official use

- ਅੱਜ ਤੱਕ ਕੋਰੋਨਾ ਵਾਇਰਸ ਲਈ 39 ਨਮੂਨਿਆਂ ਦੀ ਜਾਂਚ ਕੀਤੀ ਗਈ ਅਤੇ ਸਾਰੇ ਨਕਾਰਾਤਮਕ ਹਨ।
- 1099 ਯਾਤਰੀਆਂ ਨੇ 28 ਦਿਨਾਂ ਦੇ ਨਿਰੀਖਣ ਨੂੰ ਪੂਰਾ ਕੀਤਾ ਹੈ ਅਤੇ ਠੀਕ ਹਨ।
- 489 ਯਾਤਰੀ ਘਰਾਂ ਵਿੱਚ ਆਈਸੋਲੇਸ਼ਨ ਵਿਚ ਹਨ।

x. ਸਾਰੇ ਡਿਪਟੀ ਕਮਿਸ਼ਨਰਾਂ, ਰਾਜ ਸਰਕਾਰ ਦੇ ਸਾਰੇ ਵਿਭਾਗਾਂ ਖਾਸ ਕਰਕੇ ਟੂਰਿਜ਼ਮ ਅਤੇ ਸਕੂਲ ਸਿੱਖਿੱਆ ਵਿਭਾਗ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ । ਸਕੂਲ ਵਿਚ ਵਿਦਿਆਰਥੀਆਂ / ਬੱਚਿਆਂ ਦੇ ਸੰਵੇਦਨਸ਼ੀਲਤਾ ਲਈ ਸਕੂਲ ਸਿੱਖਿਆ ਵਿਭਾਗ ਨੂੰ ਵੀ ਲਿਖਿਆ ਗਿਆ ਹੈ।

## ਹਲਕਾ ਬਠਿੰਡਾ ਦਿਹਾਤੀ ਦੇ ਵਿਕਾਸ ਕਾਰਜਾਂ ਲਈ ਜ਼ਾਰੀ ਹੋਈ ਗਰਾਂਟ ਦਾ ਵੇਰਵਾ

311. ਸ੍ਰੀਮਤੀ ਰੁਪਿੰਦਰ ਕੌਰ ਰੂਬੀ : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਦੇ ਵਿਕਾਸ ਕਾਰਜਾਂ ਲਈ ਮਿਤੀ 01-04-2017 ਤੋਂ 31-01-2020 ਤੱਕ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵੱਲੋਂ ਕਿੰਨੀ ਗਰਾਂਟ ਜਾਰੀ ਕੀਤੀ ਗਈ ?

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ :** ਹਲਕਾ ਬਠਿੰਡਾ ਦੇ ਦਿਹਾਤੀ ਵਿਕਾਸ ਕਾਰਜਾਂ ਲਈ ਮਿਤੀ 01-04-2017 ਤੋਂ 31-01-2020 ਤੱਕ ਕੁੱਲ 1085.90 ਲੱਖ ਰੁਪਏ (ਕੇਂਦਰ ਸਰਕਾਰ ਵਲੋਂ 592.35 ਲੱਖ ਰੁਪਏ ਅਤੇ ਰਾਜ ਸਰਕਾਰ ਵਲੋਂ 493.55 ਲੱਖ ਰੁਪਏ) ਦੀਆਂ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ।

## ਮਹਾਰਾਜਾ ਰਣਜੀਤ ਸਿੰਘ ਜੀ ਦਾ ਬੁੱਤ ਲਗਵਾਉਣ ਅਤੇ ਕਿਲ੍ਹੇ ਦੇ ਬੁਰਜ ਦੀ ਸਾਂਭ-ਸੰਭਾਲ ਕਰਨਾ

**312. ਸ਼੍ਰੀ ਅਮਨ ਅਰੋੜਾ :** ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਜਨਮ ਅਸਥਾਨ ਪਿੰਡ ਬਡਰੁਖਾਂ, ਜਿਲ੍ਹਾ ਸੰਗਰੂਰ ਵਿਖੇ ਸਾਲ 1997 ਵਿੱਚ ਉਸ ਸਮੇਂ ਦੀ ਸਰਕਾਰ ਦੁਆਰਾ ਮਹਾਰਾਜਾ ਰਣਜੀਤ ਸਿੰਘ ਜੀ ਦਾ ਬੁੱਤ ਲਗਾਉਣ ਬਾਰੇ ਵਾਅਦਾ ਕੀਤਾ ਸੀ ਜੋ ਕਿ ਹੁਣ ਤੱਕ ਵੀ ਪੂਰਾ ਨਹੀਂ ਕੀਤਾ ਗਿਆ।

(ਅ) ਕੀ ਇਹ ਵੀ ਠੀਕ ਹੈ ਕਿ ਉਹਨਾਂ ਦੇ ਕਿਲ੍ਹੇ ਦੇ ਬੁਰਜ ਦੀ ਹਾਲਤ ਵੀ ਕਾਫੀ ਖਸਤਾ ਹੋ ਚੁੱਕੀ ਹੈ।

Under Print
Not for Legal/Official use

(ੲ) ਕੀ ਪੰਜਾਬ ਸਰਕਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਅਸਥਾਨ ਵਿਖੇ ਬੁੱਤ ਲਗਵਾਉਣ ਅਤੇ ਉਹਨਾਂ ਦੇ ਕਿਲ੍ਹੇ ਦੇ ਬੁਰਜ ਦੀ ਸਾਂਭ-ਸੰਭਾਲ ਲਈ ਕੋਈ ਉਪਰਾਲੇ ਕਰ ਰਹੀ ਹੈ।

ਸ) ਜੇਕਰ ਉਪਰੋਕਤ ਭਾਗ (ੳ) (ਅ) ਅਤੇ (ੲ) ਦੇ ਉੱਤਰ ਹਾਂ ਜਾਂ ਨਾ ਵਿਚ ਹਨ ਤਾਂ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾਵੇ।

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਇਸ ਵਿਸ਼ੇ ਸਬੰਧੀ ਸਾਲ 1997 ਦੀ ਕਿਸੇ ਘੋਸ਼ਣਾ ਜਾਂ ਵਾਅਦੇ ਦੀ ਕੋਈ ਜਾਣਕਾਰੀ ਵਿਭਾਗ ਵਿੱਚ ਉਪਲਬਧ ਨਹੀਂ ਹੈ ਅਤੇ ਨਾ ਹੀ ਕੋਈ ਪੱਤਰ ਵਿਹਾਰ ਵਿਭਾਗ ਵਿੱਚ ਮੌਜੂਦ ਹੈ।

(ਅ) ਜੀ ਹਾਂ, ਇਹ ਠੀਕ ਹੈ ਕਿ ਕਿਲ੍ਹੇ ਦੇ ਬੁਰਜ ਦੀ ਹਾਲਤ ਕਾਫੀ ਖਸਤਾ ਹੋ ਚੁੱਕੀ ਹੈ।

(ੲ) ਮੌਜੂਦਾ ਸਮੇਂ ਸਰਕਾਰ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਅਸਥਾਨ ਵਿਖੇ ਬੁੱਤ ਲਗਾਉਣ ਦੀ ਤਜਵੀਜ਼ ਵਿਚਾਰ ਅਧੀਨ ਹੈ। ਕਿਲ੍ਹੇ ਅਤੇ ਉਸ ਦੇ ਬੁਰਜ ਦੀ ਸਾਂਭ-ਸੰਭਾਲ ਮਾਲਕਾਂ ਵੱਲੋਂ ਹੀ ਕੀਤੀ ਜਾ ਰਹੀ ਹੈ।

(ਸ) ਕੋਈ ਟਿੱਪਣੀ ਨਹੀਂ।

## ਪੰਜਾਬ ਵਿੱਚ ਡਰਾਈਵਿੰਗ ਲਾਇਸੈਂਸ ਬਣਾਉਣ ਲਈ ਟ੍ਰੇਨਿੰਗ ਸਕੂਲਾਂ ਦੀ ਗਿਣਤੀ

313. **ਸ੍ਰੀ ਅਮਨ ਅਰੋੜਾ** – ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਪੰਜਾਬ ਵਿੱਚ ਹੈਵੀ ਡਰਾਈਵਿੰਗ ਲਾਇਸੈਂਸ ਬਣਾਉਣ ਲਈ ਕਿੰਨੇ ਅਤੇ ਕਿੱਥੇ-ਕਿੱਥੇ ਟ੍ਰੇਨਿੰਗ ਸਕੂਲ ਹਨ ਅਤੇ ਇਹਨਾਂ ਸਕੂਲਾਂ ਦਾ ਸੰਚਾਲਨ ਕੌਣ ਕਰਦਾ ਹੈ;

(ਅ) ਕੀ ਰਾਜ ਵਿੱਚ ਨਿਯਮਾਂ ਅਨੁਸਾਰ ਇਹਨਾਂ ਸਕੂਲਾਂ ਦੀ ਗਿਣਤੀ ਪੂਰੀ ਹੈ ਜੇਕਰ ਨਹੀਂ ਤਾਂ ਕਿਉ;

(ੲ) ਸਮੁੱਚੇ ਰਾਜ ਵਿੱਚ ਆਟੋਮੋਟਿਵ ਡਰਾਈਵਿੰਗ ਟੈਸਟ ਟਰੈਕ ਕਿੰਨੇ ਅਤੇ ਕਿੱਥੇ-ਕਿੱਥੇ ਹਨ;

(ਸ) ਕੀ ਡਰਾਈਵਿੰਗ ਟੈਸਟ ਦੇਣ ਲਈ ਕੋਈ ਮੈਡੀਕਲ ਫੀਸ ਲਈ ਜਾਂਦੀ ਹੈ ਅਤੇ ਕੀ ਹਰ ਟਰੈਕ ਵਿਚ ਡਾਕਟਰ ਉਪਲਬਧ ਹਨ;

(ਹ) ਕੀ ਇਹਨਾਂ ਸਾਰਿਆਂ ਟਰੈਕਜ਼ ਵਿੱਚ ਲਾਇਸੈਂਸ ਅਪਲਾਈ ਕਰਨ ਲਈ ਹੈਲਪ ਡੈਸਕ ਬਣੇ ਹੋਏ ਹਨ; ਜੇਕਰ ਨਹੀਂ ਤਾਂ ਕਿਉਂ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** (ੳ) ਪੰਜਾਬ ਵਿਚ 89 ਹੈ ਵੀ ਡਰਾਈਵਿੰਗ ਲਾਇਸੈਂਸ ਬਣਾਉਣ ਦੇ ਟ੍ਰੇਨਿੰਗ ਸਕੂਲ ਹਨ।ਇਨ੍ਹਾਂ ਟ੍ਰੇਨਿੰਗ ਸਕੂਲਾਂ ਦੀ ਸੂਚੀ **ਅਨੁਲੱਗ 'ੳ'** ਤੇ ਹੈ

ਇਨ੍ਹਾਂ ਸਕੂਲਾਂ ਦਾ ਸੰਚਾਲਣ ਨਿੱਜੀ ਫਰਮਾਂ/ਕੰਪਨੀਆਂ/ਸੋਸਾਇਟੀਆਂ ਜਾਂ ਨਿੱਜੀ ਵਿਅਕਤੀਆਂ ਵਲੋਂ ਹੀ ਕੀਤਾ ਜਾਂਦਾ ਹੈ।

Under Print
Not for Legal/Official use

(ਅ) ਕੇਂਦਰੀ ਮੋਟਰ ਵਹੀਕਲ ਰੂਲਜ਼, 1989 ਦੇ ਅਨੁਸਾਰ ਇਨ੍ਹਾਂ ਸਕੂਲਾਂ ਦੀ ਗਿਣਤੀ ਨਿਸ਼ਚਿਤ ਕਰਨ ਸਬੰਧੀ ਕੋਈ ਉਪਬੰਧ ਨਹੀਂ ਹਨ। ਇਹ ਸਕੂਲ ਮੰਗ ਅਨੁਸਾਰ ਖੋਲ੍ਹੇ ਜਾਂਦੇ ਹਨ।

(ੲ) ਸਮੁੱਚੇ ਪੰਜਾਬ ਰਾਜ ਵਿੱਚ ਕੁੱਲ 32 ਆਟੋਮੋਟਿਵ ਡਰਾਈਵਿੰਗ ਟੈਸਟ ਟਰੈਕ ਹਨ। ਇਨ੍ਹਾਂ ਟਰੈਕਾਂ ਦੀ ਸੂਚੀ **ਅਨੁਲੱਗ 'ਅ'** ਤੇ ਹੈ ਜੀ।

(ਸ) ਸਰਕਾਰ ਵਲੋਂ ਡਰਾਈਵਿੰਗ ਟੈਸਟ ਦੇਣ ਲਈ ਕੋਈ ਮੈਡੀਕਲ ਫੀਸ ਨਹੀਂ ਲਈ ਜਾਂਦੀ ਹੈ। 8 ਟਰੈਕਾਂ ਤੇ ਪੰਜਾਬ ਸਟੇਟ ਟਰਾਂਸਪੋਰਟ ਸੁਸਾਇਟੀ ਦੇ ਡਾਕਟਰ ਉਪਲਬਧ ਹਨ।

(ਹ) ਸਾਰੇ ਟਰੈਕਾਂ ਤੇ ਹੈਲਪ ਡੈਸਕ ਉਪਲਬਧ ਹਨ।

## ਅਨੁਲੱਗ ੳ

| ਲੜੀ ਨੰ: | ਹੈਵੀ ਡਰਾਈਵਿੰਗ ਲਾਇਸੰਸ ਬਣਾਉਣ ਲਈ ਸਕੂਲਾਂ ਦੀ ਗਿਣਤੀ (ਆਰ.ਟੀ.ਏ ਵਾਇਜ) | ਸਕੂਲ ਕਿੱਥੇ ਕਿੱਥੇ ਹਨ |
|---|---|---|
| 1 | 6 | 5 ਜਲੰਧਰ, 1 ਕਪੂਰਥਲਾ |
| 2 | 9 | 9 ਲੁਧਿਆਣਾ |
| 3 | 11 | 5 ਗੁਰਦਾਸਪੁਰ, 1 ਦੀਨਾਨਗਰ<br>1 ਪਠਾਨਕੋਟ, 3 ਬਟਾਲਾ ਅਤੇ 1 ਨੋਸ਼ਿਹਰਾ। |
| 4 | 15 | 15 ਅੰਮ੍ਰਿਤਸਰ |
| 5 | 10 | 6 ਹੁਸ਼ਿਆਰਪੁਰ, 2 ਮੁਕੇਰੀਆਂ<br>1 ਦਸੂਹਾ ਅਤੇ 1 ਨਵਾਂ ਸਹਿਰ। |
| 6 | 7 | 1 ਮੁਕਤਸਰ, 1 ਮਲੋਟ, 1 ਮਾਹੂਆਣਾ, 2 ਮੋਗਾ ਅਤੇ 2 ਫਰੀਦਕੋਟ |
| 7 | 3 | 1 ਖਰੜ, 1 ਮੋਹਾਲੀ ਅਤੇ 1 ਰੋਪੜ |
| 8 | 4 | 3 ਫਿਰੋਜ਼ਪੁਰ ਅਤੇ 1 ਫਾਜ਼ਿਲਕਾ |
| 9 | 7 | 3 ਰਾਜਪੁਰਾ, 3 ਪਟਿਆਲਾ, 1 ਪਾਤੜਾ |
| 10 | 7 | 7 ਬਠਿੰਡਾ |
| 11 | 10 | 8 ਸੰਗਰੂਰ , 2 ਬਰਨਾਲਾ |

## ਅਨੁਲੱਗ ਅ

32 ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕਸ ਦੀ ਲਿਸਟ

Under Print
Not for Legal/Official use

| ਲੜੀ ਨੰ: | ਟਰੈਕ ਦਾ ਨਾਮ | ਸਥਾਨ |
|---|---|---|
| 1 | ਅਬੋਹਰ | ਨਿਊ ਗਰੇਨ ਮਾਰਕਿਟ |
| 2 | ਅੰਮ੍ਰਿਤਸਰ | ਨੇੜੇ ਵਿਜੈ ਚੋਕ, ਗੋਬਿੰਦਗੜ੍ਹ ਫੋਰਟ ਨੇੜੇ ਲੋਹਗੜ੍ਹ |
| 3 | ਬਰਨਾਲਾ | ਪੀ.ਆਰ.ਟੀ.ਸੀ. ਵਰਕਸ਼ਾਪ |
| 4 | ਬਟਾਲਾ | ਨੇੜੇ ਜੂਡੀਸ਼ੀਅਲ ਕੋਰਟ ਕੰਪਲੈਕਸ |
| 5 | ਬਠਿੰਡਾ | ਰੈਡ ਕਰਾਸ ਲੈਂਡ ਨੇੜੇ ਪਿੰਡ ਨਰਾਉਨਾ |
| 6 | ਦਸੂਹਾ | ਪਿੰਡ ਖੇੜਾ ਕੋਟਲੀ |
| 7 | ਫਰੀਦਕੋਟ | ਹੋਰਟੀਕਲਚਰ ਡਿਪਾਰਟਮੈਂਟ ਲੈਂਡ ਇੰਨ ਮਿੰਨੀ ਸਕੱਤਰੇਤ |
| 8 | ਫਤਿਹਗੜ੍ਹ ਸਾਹਿਬ | ਪਿੰਡ ਮਹਾਦਿਆਨ |
| 9 | ਫਾਜ਼ਿਲਕਾ | ਪਿੰਡ ਰਾਮਪੁਰਾ ਨੇੜੇ ਡੇਰਾ ਬੱਸੀ |
| 10 | ਫਿਰੋਜ਼ਪੁਰ | ਓਲਡ ਡੀਐਮ ਰੋਡਵੇਜ਼ ਆਫਿਸ |
| 11 | ਗੁਰਦਾਸਪੁਰ | ਨੇੜੇ ਫੀਸਟ ਪਾਰਕ ਪਿੰਡ ਕੋਟਲੀ ਨੰਗਲ |
| 12 | ਹੁਸ਼ਿਆਰਪੁਰ | ਪਰੋਵਿਨਸਿਅਲ ਗੋਰਮਿੰਟ ਲੈਂਡ ਆਨ ਟਾਂਡਾ ਰੋਡ |
| 13 | ਜਗਰਾਉਂ | ਪੰਜਾਬ ਰੋਡਵੇਜ਼ ਵਰਕਸ਼ਾਪ |
| 14 | ਜਲੰਧਰ | ਪੰਜਾਬ ਰੋਡਵੇਜ਼ ਵਰਕਸ਼ਾਪ , ਨੇੜੇ ਬੱਸ ਸਟੈਂਡ |
| 15 | ਕਪੂਰਥਲਾ | ਰੈਵੀਨਿਊ ਡਿਪਾਰਟਮੈਂਟ ਲੈਂਡ ਇੰਨ ਅਜੀਤਨਗਰ ਕਪੂਰਥਲਾ |
| 16 | ਖੰਨਾ | ਪਿੰਡ ਬੁਲੇਪੁਰ |
| 17 | ਲੁਧਿਆਣਾ-1 | ਐਸ.ਸੀ.ਡੀ. ਕਾਲਜ |
| 18 | ਲੁਧਿਆਣਾ-2 | ਸੈਕਟਰ 32 ਲੁਧਿਆਣਾ |
| 19 | ਮਲੇਰਕੋਟਲਾ | ਪਿੰਡ ਟੋਲੇਵਾਲ |
| 20 | ਮਾਨਸਾ | ਪਿੰਡ ਮਾਲਕਪੁਰ ਖਿਆਲਾ |
| 21 | ਮੋਗਾ | ਪਿੰਡ ਸਿੰਗੇਵਾਲਾ |
| 22 | ਪਠਾਨਕੋਟ | ਪੰਜਾਬ ਰੋਡਵੇਜ਼ ਵਰਕਸ਼ਾਪ ਨੇੜੇ ਬੱਸ ਸਟੈਂਡ |
| 23 | ਪਟਿਆਲਾ | ਨਾਭਾ ਰੋਡ ਬੈਕ ਸਾਈਡ ਸੀਈ ਪਬਲਿਕ ਹੈਲਥ ਪਟਿਆਲਾ |
| 24 | ਪਾਤੜਾ | ਬੀ.ਪੀ.ਈ.ਓ. ਆਫਿਸ ਪਾਤੜਾ |
| 25 | ਫਗਵਾੜਾ | ਪਿੰਡ ਬਿਰ ਪੁਆਦ |
| 26 | ਫਿਲੌਰ | ਪਿੰਡ ਦੋਸਾਂਝ ਖੁਰਦ |
| 27 | ਰੋਪੜ | ਪਿੰਡ ਹਵੇਲੀ ਖੁਰਦ |
| 28 | ਐਸ.ਏ.ਐਸ.ਨਗਰ (ਮੋਹਾਲੀ) | ਸਕੈਟਰ 82 |
| 29 | ਐਸ.ਬੀ.ਐਸ ਨਗਰ (ਨਵਾਂ ਸ਼ਹਿਰ) | ਬੱਸ ਸਟੈਂਡ |
| 30 | ਸੰਗਰੂਰ | ਜਿਲ੍ਹਾ ਪਰੀਸ਼ਦ ਲੈਂਡ ਨੇੜੇ ਏਡੀਸੀ ਆਫਿਸ |
| 31 | ਸ਼੍ਰੀ ਮੁਕਤਸਰ ਸਾਹਿਬ | ਨੇੜੇ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਰੋਡ |
| 32 | ਤਰਨਤਾਰਨ | ਰੋਡਵੇਜ਼ ਵਰਕਸ਼ਾਪ |

Under Print
Not for Legal/Official use

**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਨੌਜਵਾਨਾਂ ਨੂੰ ਦਿੱਤੀਆਂ ਨੌਕਰੀਆਂ ਦਾ ਵੇਰਵਾ**

**314. ਸ਼੍ਰੀ ਪਵਨ ਕੁਮਾਰ ਟੀਨੂੰ – ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –**

(ੳ) ਘਰ-ਘਰ ਨੌਕਰੀ ਦੇਣ ਦੀ ਸਕੀਮ ਤਹਿਤ ਰਾਜ ਦੇ ਦਸ ਲੱਖ ਨੌਜਵਾਨਾਂ ਨੂੰ ਨੌਕਰੀ ਦੇਣ ਦਾ ਜੋ ਦਾਅਵਾ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ, ਉਸ ਵਿੱਚੋਂ ਰਾਜ ਦੇ ਕਿੰਨੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆ ਕਰਵਾਈਆਂ ਗਈਆਂ ਹਨ?

(ਅ) ਕੀ ਸਰਕਾਰ ਨੇ ਉਪਰੋਕਤ ਭਾਗ (ੳ) ਵਿੱਚ ਵਰਣਿਤ ਨੌਕਰੀਆਂ ਦੀ ਭਰਤੀ ਵਿੱਚ ਲੇਬਰ ਵਿਭਾਗ ਵੱਲੋਂ ਨਿਰਧਾਰਤ ਕੀਤੀਆਂ ਸ਼ਰਤਾਂ ਅਤੇ ਘੱਟੋ-ਘੱਟ ਉਜਰਤਾਂ ਦੀ ਪਾਲਣਾ ਕੀਤੀ ਗਈ ਹੈ। ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨੌਜਵਾਨਾਂ ਨੂੰ ਐਵਰੇਜ ਤਨਖਾਹ ਕਿੰਨੀ ਦਿੱਤੀ ਜਾ ਰਹੀ ਹੈ ਅਤੇ ਦਸ ਲੱਖ ਦਿੱਤੀ ਗਈ ਨੌਕਰੀ ਵਿੱਚੋਂ ਕਿੰਨੀਆਂ ਨੂੰ ਈ.ਪੀ.ਐਫ.ਓ ਅਤੇ ਈ.ਐਸ.ਆਈ.ਸੀ ਤਹਿਤ ਰਜਿਸਟਰਡ ਕੀਤਾ ਗਿਆ ਹੈ, ਪੂਰਾ ਵੇਰਵਾ ਦੱਸਿਆ ਜਾਵੇ?

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) (1) ਪੰਜਾਬ ਸਰਕਾਰ ਵੱਲੋਂ 01.04.2017 ਤੋਂ ਹੁਣ ਤੱਕ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ/ਕਾਰਪੋਰੇਸ਼ਨਾਂ, ਬੋਰਡਾਂ ਤੇ ਸੁਸਾਇਟੀਆਂ ਵਿੱਚ 57,905 ਵਿਅਕਤੀਆਂ ਨੂੰ ਰੋਜ਼ਗਾਰ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਹੈ ਇਨ੍ਹਾਂ ਵਿੱਚ 33,666 ਵਿਅਕਤੀ ਰੈਗੂਲਰ ਅਤੇ ਬਾਕੀ ਠੇਕੇ/ਆਊਟਸੋਰਸ ਵਗੈਰਾ ਤੇ ਨਿਯੁਕਤ ਕੀਤੇ ਗਏ ਹਨ। ਇਹਨਾਂ ਵਿਅਕਤੀਆਂ ਦੀ ਨਿਯੁਕਤੀ ਸਰਕਾਰ ਦੇ ਵਿਭਾਗਾਂ ਵਿੱਚ ਹੋਈ ਹੈ ਅਤੇ ਸਰਕਾਰੀ ਰਿਜਰਵੇਸ਼ਨ ਨੀਤੀ ਮੁਤਾਬਕ ਕੀਤੀ ਗਈ ਹੈ।

2. ਉਕਤ ਸਮੇਂ ਦੌਰਾਨ 3,96,775 ਵਿਅਕਤੀਆਂ ਨੂੰ ਸਰਕਾਰ ਦੇ ਉਪਰਾਲਿਆਂ ਸਦਕਾ ਪ੍ਰਾਈਵੇਟ ਖੇਤਰ ਵਿੱਚ ਰੋਜ਼ਗਾਰ ਮੁਹੱਈਆ ਕਰਵਾਉਣ ਵਿੱਚ ਮਦਦ ਕੀਤੀ ਗਈ। ਇਹ ਰੋਜ਼ਗਾਰ ਨੋਜਵਾਨਾਂ ਨੂੰ ਪਲੇਸਮੈਂਟ ਕੈਂਪਾਂ/ਰੋਜ਼ਗਾਰ ਮੇਲਿਆਂ ਵਿੱਚ ਬੇਰੋਜ਼ਗਾਰ ਅਤੇ ਰੋਜ਼ਗਾਰ ਦੇਣ ਵਾਲਿਆਂ ਵਿੱਚ ਮੁਲਾਕਾਤਾ ਦੋਰਾਨ ਸਿਰੇ ਚੜਿਆ ਹੈ।ਪ੍ਰਾਈਵੇਟ ਖੇਤਰ ਵਿੱਚ ਰਿਜਰਵੇਸ਼ਨ ਸਬੰਧੀ ਕੋਈ ਨੀਤੀ ਨਹੀਂ ਹੈ।

3. 01.04.2017 ਤੋਂ ਹੁਣ ਤੱਕ ਲਗਭਗ 7,61,289 ਵਿਅਕਤੀਆਂ ਨੂੰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਸਵੈ-ਰੋਜ਼ਗਾਰ ਸ਼ੁਰੂ ਕਰਨ ਵਿੱਚ Facilitate ਕੀਤਾ ਗਿਆ ਹੈ।ਜਿਸ ਸਕੀਮ ਵਿੱਚ ਜਿਸ ਜਿਸ

Under Print
Not for Legal/Official use

ਵਰਗ ਲਈ special provisions ਹਨ ਉਸ ਵਰਗ ਨੂੰ ਉਨ੍ਹਾਂ provisions ਮੁਤਾਬਕ ਲੋਨਿੰਗ (ਰਾਜ ਸਰਕਾਰ/ਕੇਂਦਰ ਸਰਕਾਰ) ਵੱਲੋਂ facilitate ਕੀਤਾ ਗਿਆ ਹੈ।

(ਅ) 1. ਉਪਰੋਕਤ ਭਾਗ (ੳ) ਅਨੁਸਾਰ ਪੰਜਾਬ ਸਰਕਾਰ ਦੇ ਰੈਗੁਲਰ ਅਤੇ ਆਊਟ ਸੋਰਸ ਵਗੈਰਾ ਤੇ ਲਗੇ ਵਿਅਕਤੀਆਂ ਨੂੰ ਸਰਕਾਰ ਦੀ ਤਨਖਾਹ ਨਿਯਤ ਨੀਤੀ ਅਨੁਸਾਰ ਦਿੱਤੀ ਜਾਂਦੀ ਹੈ।

2. ਉਪਰੋਕਤ ਭਾਗ (ੳ) ਅਨੁਸਾਰ ਪ੍ਰਾਈਵੇਟ ਖੇਤਰ ਲਈ ਰੋਜ਼ਗਾਰ ਤੇ ਲਗੇ ਵਿਅਕਤੀਆਂ ਦਾ ਜਿੱਥੇ applicable ਹੋਵੇ ਉੱਥੇ ਉਨਾਂ ਦੇ employer ਵੱਲੋਂ E.P.F.O. ਤੇ E.S.I.C. ਦੀ ਕਟੌਤੀ ਕੀਤੀ ਜਾਂਦੀ ਹੈ ਪ੍ਰੰਤੂ ਇਹ ਵਿਸ਼ਾ ਰਾਜ ਸਰਕਾਰ ਅਧੀਨ ਨਾ ਹੋਣ ਕਾਰਣ ਰਾਜ ਸਰਕਾਰ ਇਸ ਵਿਸ਼ੇ ਤੇ ਕੋਈ ਸੂਚਨਾ (contents) ਨਹੀਂ ਰਖਦੀ ਹੈ।

3. ਸਵੈ-ਰੋਜ਼ਗਾਰ ਨਾਲ ਤਨਖਾਹ ਅਤੇ E.P.F.O. ਤੇ E.S.I.C. ਦਾ ਕੋਈ ਸਬੰਧ ਨਹੀਂ ਹੈ।

**ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 315****

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ)

---

ਸਾਲ 2017, 2018 ਅਤੇ 2019 ਦੌਰਾਨ ਫੂਡ ਐਂਡ ਡਰੱਗ ਅਥਾਰਟੀ ਵਲੋਂ ਖਾਣ ਪੀਣ ਦੀਆਂ ਵਸਤਾਂ ਵਿਚ ਮਿਲਾਵਟਖੋਰੀ ਫੜ੍ਹਣਾ

316. ਸ਼੍ਰੀ ਅਮਨ ਅਰੋੜਾ – ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾਕਰਕੇ ਦੱਸਣਗੇ ਕਿ –

(ੳ) ਪਿਛਲੇ ਤਿੰਨ ਸਾਲਾਂ, 2017,18 ਅਤੇ 2019 (ਹੁਣ ਤੱਕ) ਫੂਡ ਐਂਡ ਡਰੱਗ ਅਥਾਰਟੀ (ਐਫ.ਡੀ.ਏ.) ਪੰਜਾਬ ਜਾਂ ਇਸ ਸਬੰਧੀ ਕਿਸੇ ਹੋਰ ਸਰਕਾਰੀ ਮਹਿਕਮੇ ਵੱਲੋਂ ਖਾਣ-ਪੀਣ ਦੀਆਂ ਵਸਤਾਂ ਵਿਚ ਮਿਲਾਵਟਖੋਰੀ ਫੜ੍ਹਨ ਦੇ ਮਕਸਦ ਨਾਲ ਕਿੰਨੇ ਸੈਂਪਲ ਭਰੇ ਗਏ;

(ਅ) ਇਹਨਾਂ ਭਰੇ ਗਏ ਸੈਂਪਲਾਂ ਵਿਚ ਕਿੰਨੇ ਸੁਰੱਖਿਅਤ, ਸਬ-ਸਟੈਂਡਰਡ ਜਾਂ ਅਸੁਰੱਖਿਅਤ/ਘਾਤਕ ਪਾਏ ਗਏ ਹਨ;

(ੲ) ਇਹਨਾਂ ਵਿਚੋਂ ਕਿੰਨਿਆਂ ਤੋ ਕਿੰਨੀ ਕੁੱਲ ਘੱਟੋ-ਘੱਟ ਅਤੇ ਵੱਧੋ-ਵੱਧ ਜੁਰਮਾਨੇ ਦੀ ਰਕਮ ਵਸੂਲ ਕੀਤੀ ਗਈ ਹੈ;

---

** For Unstarred Question No. 315 and reply thereto, please see…

Under Print
Not for Legal/Official use

(ਸ) ਇਹਨਾਂ ਵਿਚੋਂ ਕਿੰਨੀਆਂ ਉਪਰ ਕਾਨੂੰਨ ਮੁਤਾਬਿਕ ਪਰਚੇ ਦਰਜ ਕੀਤੇ ਗਏ ਹਨ ਅਤੇ ਉਨ੍ਹਾਂ ਦੇ ਸਟੇਟਸ (ਬਰੀ, ਕੇਸ ਕੋਰਟ ਵਿਚ ਵਿਚਾਰ ਅਧੀਨ ਜਾਂ ਸਜਾ) ਦਾ ਵਿਸਥਾਰ ਕੀ ਹੈ;

(ਹ) ਅਸੁਰੱਖਿਅਤ ਪਾਈਆਂ ਗਈਆਂ ਵਸਤੂਆਂ ਲਈ ਕਾਨੂੰਨ ਵਿਚ ਜੁਰਮਾਨਾ ਅਤੇ ਸਜਾ ਦਾ ਕੀ ਕੀ ਪ੍ਰਾਵਧਾਨ ਹਨ;

(ਕ) ਕੀ ਸਰਕਾਰ ਖਾਣ-ਪੀਣ ਦੀਆਂ ਵਸਤਾਂ ਵਿਚ ਮਿਲਾਵਟਖੋਰੀ ਰੋਕਣ ਲਈ ਕੋਈ ਹੋਰ ਪੁੱਖਤਾ ਅਤੇ ਸਖਤ ਕਦਮ ਚੁੱਕਣ ਦਾ ਇਰਾਦਾ ਰੱਖਦੀ ਹੈ; ਇਸਦੇ ਵੇਰਵੇ ਕੀ ਹਨ?

**ਸਰਦਾਰ ਬਲਬੀਰ ਸਿੰਘ ਸਿੱਧੂ :** ਸ਼੍ਰੀਮਾਨ ਜੀ, (ੳ) ਪਿਛਲੇ ਤਿੰਨ ਸਾਲਾਂ 2017, 2018 ਅਤੇ 2019 ਦੋਰਾਨ ਖਾਣ-ਪੀਣ ਦੀਆਂ ਵਸਤਾਂ ਵਿਚ ਮਿਲਾਵਟਖੋਰੀ ਰੋਕਣ ਦੇ ਮਕਸਦ ਨਾਲ ਕ੍ਰਮਵਾਰ (ਜਨਵਰੀ ਤੋ ਦਸੰਬਰ ਤੱਕ) 10366, 12536, 8697 ਸੈਂਪਲ ਭਰੇ ਗਏ ਹਨ।

(ਅ) ਇਨ੍ਹਾਂ ਭਰੇ ਗਏ ਸੈਂਪਲਾਂ ਦੀ ਸਾਲ ਵਾਈਜ ਰਿਪੋਰਟ ਹੇਠ ਦਰਸਾਏ ਅਨੁਸਾਰ ਹੈ:-

| ਸਾਲ | ਸੁਰੱਖਿਅਤ | ਸਬ ਸਟੈਂਡਰਡ | ਅਸੁਰੱਖਿਅਤ |
|---|---|---|---|
| 2017 | 7471 | 2754 | 141 |
| 2018 | 8809 | 3591 | 136 |
| 2019 | 6901 | 1725 | 71 |

(ੲ) ਖਾਣ ਪੀਣ ਦੀਆਂ ਵਸਤੂਆਂ ਵਿਚ ਮਿਲਾਵਟ ਨੂੰ ਰੋਕਣ ਲਈ ਫੂਡ ਸੇਫਟੀ ਵਿੰਗ ਵੱਲੋਂ ਸਮੇਂ ਸਮੇਂ ਤੇ ਖਾਣ ਪੀਣ ਵਾਲੀਆਂ ਵਸਤੂਆਂ ਦੇ ਸੈਂਪਲ ਭਰੇ ਜਾਂਦੇ ਹਨ।ਇਨ੍ਹਾਂ ਵਿਚੋਂ ਸਬ ਸਟੈਂਡਰਡ/ਮਿਸਬਰੈਂਡਰਡ/ਮਿਸਲੀਡਿੰਗ ਪਾਏ ਗਏ ਕੇਸਾਂ ਵਿਚ ਏ.ਡੀ.ਸੀ. ਦੀ ਕੋਰਟ ਵੱਲੋਂ ਜੋ ਜੁਰਮਾਨੇ ਕੀਤੇ ਗਏ ਉਨਾਂ ਦਾ ਵੇਰਵਾ ਹੇਠ ਲਿਖੇ ਅਨਸਾਰ ਹੈ:-

| ਸਾਲ | ਕੇਸ | ਜੁਰਮਾਨੇ ਦੀ ਰਕਮ |
|---|---|---|
| 2017 | 2254 | 1,38,82,700 |
| 2018 | 1724 | 1,24,71,200 |
| 2019 | 2008 | 3,29,68,200 |

Under Print
Not for Legal/Official use

ਸ) ਪੰਜਾਬ ਰਾਜ ਵਿਚ ਬੀਤੇ ਤਿੰਨ ਸਾਲ 2017, 2018 ਅਤੇ 2019 ਦੋਰਾਨ ਖਾਣ ਪੀਣ ਦੀਆਂ ਵਸਤਾਂ ਵਿਚ ਮਿਲਾਵਟ ਕਰਨ ਵਾਲਿਆਂ ਵਿਰੁੱਧ ਫੂਡ ਸੇਫਟੀ ਅਤੇ ਸਟੈਂਡਰਡਐਕਟ 2006 ਤਹਿਤ ਮਾਨਯੋਗ ਸੀ.ਜੇ.ਐਮ./ਜੇ.ਐਮ.ਆਈ.ਸੀ. ਜੀ ਦੀ ਕੋਰਟ ਵਿਚ 348 ਕੇਸ ਦਾਇਰ ਕੀਤੇ ਗਏ। ਉਕਤ ਕੇਸ ਮਾਨਯੋਗ ਸੀ.ਜੇ.ਐਮ./ਜੇ.ਐਮ.ਆਈ.ਸੀ. ਦੀ ਅਦਾਲਤ ਵਿਚ ਵਿਚਾਰ ਅਧੀਨ ਹਨ।ਇਸ ਸਮੇਂ ਦੌਰਾਨ 33 ਕੇਸਾਂ ਵਿਚ ਕੋਰਟ ਵੱਲੋ ਸਜਾਵਾਂ ਦਿੱਤੀਆਂ ਗਈਆਂ ਅਤੇ 54 ਕੇਸਾਂ ਵਿਚ ਦੋਸ਼ੀ ਬਰੀ ਕੀਤੇ ਗਏ ਅਤੇ ਬਾਕੀ ਕੇਸ ਵਿਚਾਰ ਅਧੀਨ ਹਨ।

ਹ) ਖਾਣ ਪੀਣ ਦੀਆਂ ਵਸਤੂਆਂ ਵਿਚ ਮਿਲਾਵਟ ਖੋਰੀ ਕਰਨ ਵਾਲਿਆਂ ਵਿਰੁੱਧ ਫੂਡ ਸੇਫਟੀ ਅਤੇ ਸਟੈਂਡਰਡ ਐਕਟ, 2006 ਦੀ ਧਾਰਾ 59 ਤਹਿਤ 6 ਮਹੀਨੇ ਤੱਕ ਦੀ ਸਜਾ ਅਤੇ 1 ਲੱਖ ਰੁਪਏ ਤੱਕ ਦੇ ਜੁਰਮਾਨੇ ਦਾ ਪ੍ਰਾਵਧਾਨ ਹੈ।

ਕ) ਪੰਜਾਬ ਰਾਜ ਵਿਚ ਫੂਡ ਸੇਫਟੀ ਵਿੰਗ ਮਿਲਾਵਟ ਖੋਰੀ ਨੂੰ ਨਕੇਲ ਪਾਉਣ ਲਈ ਵਚਨਬੱਧ ਹੈ ਜਿਸ ਦੇ ਤਹਿਤ ਫੂਡ ਸੇਫਟੀ ਵਿੰਗ ਵੱਲੋਂ ਫੂਡ ਖੋਰੀ ਦਾ ਕੰਮ ਕਰਨ ਵਾਲਿਆਂ ਉਤੇ ਪੈਨੀ ਨਜ਼ਰ ਰੱਖੀ ਜਾਦੀ ਹੈ ਅਤੇ ਅਚਨਚੇਤ ਚੈਕਿੰਗ ਕੀਤੀ ਜਾਂਦੀ ਹੈ। ਆਮ ਜਨਤਾ ਨੂੰ ਮਿਲਾਵਟੀ ਸਮਾਨ ਸਬੰਧੀ ਜਾਗਰੂਕ ਕਰਨ ਲਈ ਫੂਡ ਸੇਫਟੀ ਵਿੰਗ ਵੱਲੋ ਹਰੇਕ ਹਫਤੇ ਕੈਂਪ ਲਗਾਏ ਜਾਂਦੇ ਹਨ ਅਤੇ ਪ੍ਰੈਸ ਰਾਹੀਂ ਜਾਣਕਾਰੀ ਦਿੱਤੀ ਜਾਂਦੀ ਹੈ। ਤੰਦੁਰੁਸਤ ਮਿਸ਼ਨ, ਪੰਜਾਬ ਸ਼ੁਰੂ ਕੀਤਾ ਗਿਆ ਹੈ ਜਿਸ ਅਧੀਨ ਰਾਜ ਦੇ ਬਸ਼ਿੰਦਿਆਂ ਨੂੰ ਸਾਫ ਪਾਣੀ ਸ਼ੁੱਧ ਭੋਜਨ ਪਦਾਰਥ ਅਤੇ ਸਾਫ ਵਾਤਾਵਰਣ ਦੇਣ ਦਾ ਪ੍ਰਾਵਧਾਨ ਹੈ।

## ਵੰਨ ਟਾਈਮ ਸੈਟਲਮੈਂਟ ਅਧੀਨ ਕਾਲੋਨੀਆਂ ਅਤੇ ਪਲਾਟਾਂ ਨੂੰ ਰੈਗੂਲਰ ਕਰਨ ਲਈ ਪ੍ਰਾਪਤ ਕੀਤੀਆਂ ਅਰਜ਼ੀਆਂ

**317 ਸ਼੍ਰੀ ਅਵਤਾਰ ਸਿੰਘ ਜੂਨੀਅਰ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: -

ੳ) ਵੰਨ ਟਾਈਮ ਸੈਟਲਮੈਂਟ ਅਧੀਨ ਕਾਲੋਨੀਆਂ ਅਤੇ ਪਲਾਟਾਂ ਨੂੰ ਰੈਗੂਲਰ ਕਰਨ ਲਈ ਹਰੇਕ ਕੈਟਾਗਰੀ ਅਤੇ ਹਰੇਕ ਜ਼ਿਲ੍ਹੇ ਵਿੱਚ ਹੁਣ ਤੱਕ ਪ੍ਰਾਪਤ ਅਰਜ਼ੀਆਂ ਦੀ ਕੁੱਲ ਗਿਣਤੀ ਕਿੰਨੀ ਹੈ?

ਅ) ਉਪਰੋਕਤ ਸਕੀਮ ਅਧੀਨ ਹੁਣ ਤੱਕ ਪ੍ਰਾਪਤ ਅਰਜ਼ੀਪਆਂ ਤੇ ਜਾਰੀ ਕੀਤੇ ਗਏ ਇਤਰਾਜ਼ਹੀਣਤਾ ਸਰਟੀਫਿਕੇਟਾਂ ਦੀ ਕੁੱਲ ਗਿਣਤੀ ਕਿੰਨੀ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ** -

Under Print
Not for Legal/Official use

| | | |
|---|---|---|
| ੳ) | ਕਲੋਨੀਆਂ ਪ੍ਰਤੀ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਕੁੱਲ ਗਿਣਤੀ | 1461 (ਵਿਸਥਾਰ ਸਹਿਤ ਵੇਰਵਾ ਅਨੈਕਸਚਰ ਏ ਤੇ ਨੱਥੀ ਹੈ। |
| | ਪਲਾਟਾਂ ਪ੍ਰਤੀ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਕੁੱਲ ਗਿਣਤੀ | 53275 |
| ਅ) | ਕਲੋਨੀਆਂ ਸਬੰਧੀ ਜਾਰੀ ਕੀਤੇ ਗਏ ਇਤਰਾਜ਼ਹੀਣਤਾ ਸਰਟੀਫਿਕੇਟਾਂ ਦੀ ਕੁੱਲ ਗਿਣਤੀ | 53 |
| | ਪਲਾਟਾਂ ਸਬੰਧੀ ਜਾਰੀ ਕੀਤੇ ਗਏ ਸਰਟੀਫਿਕੇਟਾਂ ਦੀ ਕੁੱਲ ਗਿਣਤੀ | 18323 |

ਅਨੈਕਸਚਰ – ਏ

ਵੰਨ ਟਾਈਮ ਸੈਟਲਮੈਂਟ ਪਾਲਿਸੀ 2018 ਅਧੀਨ ਕਲੋਨੀਆਂ ਅਤੇ ਪਲਾਟਾਂ ਨੂੰ ਰੈਗੂਲਰ ਕਰਨ ਲਈ ਪ੍ਰਾਪਤ ਕੀਤੀਆਂ ਅਰਜ਼ੀਆਂ

| ਲੜੀ ਨੰਬਰ | ਜ਼ਿਲ੍ਹਾ | ਕਲੋਨੀਆਂ | | ਪਲਾਟ | |
|---|---|---|---|---|---|
| | | ਅਰਜ਼ੀਆਂ | ਸਰਟੀਫਿਕੇਟ | ਅਰਜ਼ੀਆਂ | ਸਰਟੀਫਿਕੇਟ |
| 1. | ਜਲੰਧਰ | 116 | 5 | 1364 | 233 |
| 2. | ਕਪੂਰਥਲਾ | 36 | 0 | 1035 | 140 |
| 3. | ਹੁਸ਼ਿਆਰਪੁਰ | 98 | 2 | 205 | 33 |
| 4. | ਅੰਮ੍ਰਿਤਸਰ | 41 | 3 | 5887 | 3723 |
| 5. | ਤਰਨ ਤਾਰਨ | 26 | 0 | 41 | 18 |
| 6. | ਗੁਰਦਾਸਪੁਰ | 74 | 1 | 517 | 312 |
| 7. | ਪਠਾਨਕੋਟ | 43 | 0 | 33 | 22 |
| 8. | ਬਠਿੰਡਾ | 61 | 16 | 1610 | 1337 |
| 9. | ਮਾਨਸਾ | 5 | 0 | 101 | 61 |
| 10. | ਸ੍ਰੀ ਮੁਕਤਸਰ ਸਾਹਿਬ | 32 | 2 | 718 | 640 |
| 11. | ਫਰੀਦਕੋਟ | 29 | 3 | 669 | 374 |
| 12. | ਫਾਜ਼ਿਲਕਾ | 100 | 9 | 3740 | 2970 |
| 13. | ਪਟਿਆਲਾ | 104 | 0 | 9702 | 4891 |
| 14. | ਸੰਗਰੂਰ | 10 | 0 | 1089 | 598 |
| 15. | ਬਰਨਾਲਾ | 3 | 0 | 90 | 32 |
| 16. | ਸ੍ਰੀ ਫਤਿਹਗੜ੍ਹ ਸਾਹਿਬ (ਪਟਿਆਲਾ) | 4 | 0 | 209 | 81 |

Under Print
Not for Legal/Official use

| | | | | | |
|---|---|---|---|---|---|
| 17. | ਲੁਧਿਆਣਾ | 482 | 11 | 23395 | 2557 |
| 18. | ਫਿਰੋਜ਼ਪੁਰ | 27 | 0 | 165 | 12 |
| 19. | ਫਿਲੌਰ | 37 | 0 | 78 | 14 |
| 20. | ਮੋਗਾ | 14 | 1 | 133 | 28 |
| 21. | ਸ਼ਹੀਦ ਭਗਤ ਸਿੰਘ ਨਗਰ | 21 | 0 | 61 | 7 |
| 22. | ਐਸ.ਏ.ਐਸ. ਨਗਰ | 62 | 0 | 1524 | 113 |
| 23. | ਰੂਪਨਗਰ | 13 | 0 | 83 | 4 |
| 24. | ਸ੍ਰੀ ਫਤਿਹਗੜ੍ਹ ਸਾਹਿਬ (ਗਮਾਡਾ) | 23 | 0 | 826 | 123 |
| | ਕੁੱਲ ਗਿਣਤੀ | 1461 | 53 | 53275 | 18323 |

## ਖਰੜ ਦੇ ਫਲਾਈਓਵਰ ਦਾ ਪ੍ਰਾਜੈਕਟ ਮੁਕੰਮਲ ਕਰਨਾ

ਸ਼੍ਰੀ ਕੰਵਰ ਸੰਧੂ: ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਜ਼ਿਲ੍ਹਾ ਐਸ. ਏ. ਐਸ. ਨਗਰ ਵਿੱਚ ਖਰੜ ਫਲਾਈਓਵਰ ਪ੍ਰਾਜੈਕਟ (ਬਲੌਂਗੀ ਤੋਂ ਖਾਨਪੁਰ ਤੱਕ) ਦੇ ਮੁਕੰਮਲ ਹੋਣ ਵਿੱਚ ਹੋਈ ਦੇਰ ਦੇ ਕੀ ਕਾਰਨ ਹਨ ਅਤੇ ਇਸ ਨੂੰ ਕਦੋਂ ਤੱਕ ਪੂਰਾ ਕਰਨ ਦੀ ਸੰਭਾਵਨਾ ਹੈ;

ਅ) ਕੀ ਕੰਮ ਵਿੱਚ ਤੇਜ਼ੀ ਲਿਆਉਣ ਲਈ ਪ੍ਰਾਜੈਕਟ ਨਾਲ ਜੁੜੇ ਵੱਖ ਵੱਖ ਵਿਭਾਗਾਂ ਜਿਵੇਂ ਕਿ ਐਨ.ਐਚ.ਏ.ਆਈ, ਐਲ ਅਤੇ ਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਿਚਕਾਰ ਵਧੇਰੇ ਤਾਲਮੇਲ ਲਿਆਉਣ ਲਈ ਕਿਸੇ ਸੀਨੀਅਰ ਅਧਿਕਾਰ ਨੂੰ ਨੋਡਲ ਅਫ਼ਸਰ ਵਜੋਂ ਨਿਯੁਕਕ ਕੀਤਾ ਗਿਆ ਹੈ?

**ਸ਼੍ਰੀ ਵਿਜੇ ਇੰਦਰ ਸਿੰਗਲਾ** : ਸ਼੍ਰੀਮਾਨ ਜੀ, (ੳ) ਖਰੜ ਫਲਾਈਓਵਰ ਪ੍ਰਾਜੈਕਟ (ਬਲੌਂਗੀ ਤੋਂ ਖਾਨਪੁਰ ਤੱਕ ) ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਮੋਹਾਲੀ ਵੱਲੋਂ ਉਸਾਰਿਆ ਜਾ ਰਿਹਾ ਹੈ। ਪ੍ਰਾਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਮੋਹਾਲੀ ਨੇ ਸੂਚਿਤ ਕੀਤਾ ਹੈ ਕਿ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਖਰੜ ਫਲਾਈਓਵਰ ਪ੍ਰਾਜੈਕਟ (ਬਲੌਂਗੀ ਤੋਂ ਖਾਨਪੁਰ ਤੱਕ) ਦੇ ਮੁਕੰਮਲ ਹੋਣ ਵਿੱਚ ਹੋਈ ਦੇਰੀ ਦੇ ਮੁੱਖ ਕਾਰਨ ਹੇਠ ਅਨੁਸਾਰ ਹਨ: –

1. ਪਹਿਲਾਂ ਇਹ ਐਲੀਵੇਟਿਡ ਫਲਾਈਓਵਰ ਦਾਰਾ ਸਟੂਡੀਓ ਤੋਂ ਸ਼ੁਰੂ ਹੋਣਾ ਸੀ ਪਰ ਜੂਨ, 2016 ਵਿੱਚ ਲੋਕਾਂ ਵੱਲੋਂ ਵਿਰੋਧ ਕਰਨ ਤੇ ਪੰਜਾਬ ਸਰਕਾਰ ਨਾਲ ਸਲਾਹ ਮਸ਼ਵਰੇ ਉਪਰੰਤ ਇਹ ਫਲਾਈਓਵਰ ਬਲੌਂਗੀ ਤੋਂ ਸ਼ੁਰੂ ਕਰਨ ਦੀ ਸਹਿਮਤੀ ਹੋਈ। ਜਿਸ ਦੀ ਦੁਬਾਰਾ ਮਨਜ਼ੂਰੀ ਸਤੰਬਰ, 2016 ਵਿੱਚ ਪ੍ਰਾਪਤ ਹੋਈ। ਇਸ ਨਾਲ ਪ੍ਰਾਜੈਕਟ ਦੇ ਸ਼ੁਰੂ ਹੋਣ ਵਿੱਚ ਦੇਰੀ ਹੋ ਗਈ।

2. ਪ੍ਰਾਜੈਕਟ ਦੇ ਦੌਰਾਨ ਜ਼ਮੀਨ ਪ੍ਰਾਪਤ ਕਰਨ, ਭੌਂ ਮਾਲਕਾਂ ਨੂੰ ਮੁਆਵਜ਼ਾ ਵੰਡਣ ਅਤੇ ਸੰਵੇਦਨਸ਼ੀਲ ਇਮਾਰਤਾਂ ਨੂੰ ਢਾਉਣ ਵਿੱਚ ਲੱਗੇ ਸਮੇਂ ਕਾਰਨ ਵੀ ਦੇਰੀ ਹੋਈ ਹੈ।

Under Print
Not for Legal/Official use

3. ਇਸ ਸੜਕ ਉਪਰ ਭਾਰੀ ਟਰੈਫਿਕ ਕਾਰਨ ਪੁਲ ਦੀ ਉਸਾਰੀ ਲਈ ਦਿਨ ਸਮੇਂ ਭਾਰੀ ਮਸ਼ੀਨਾਂ ਦੀ ਵਰਤੋਂ ਨਹੀਂ ਹੋ ਸਕਦੀ ਅਤੇ ਟਰੈਫਿਕ ਨੂੰ ਪੂਰੀ ਤਰ੍ਹਾਂ ਹੋਰ ਕਿਸੇ ਰਸਤੇ ਨਹੀਂ ਤਬਦੀਲ ਕੀਤਾ ਜਾ ਸਕਦਾ।

ਹੁਣ ਇਸ ਫਲਾਈਓਵਰ ਦਾ ਕੰਮ ਸਤੰਬਰ, 2020 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਅ) ਕੰਮ ਵਿੱਚ ਤੇਜ਼ੀ ਲਿਆਉਣ ਲਈ ਪ੍ਰਾਜੈਕਟ ਨਾਲ ਜੁੜੇ ਵੱਖ ਵੱਖ ਵਿਭਾਗਾਂ ਜਿਵੇਂ ਕਿ ਐਨ.ਐਚ.ਏ.ਆਈ., ਐਲ.ਐਂਡ.ਟੀ. ਅਤੇ ਜ਼ਿਲ੍ਹਾ ਪ੍ਰਸ਼ਾਸਨ ਵਿਚਕਾਰ ਵਧੇਰੇ ਤਾਲਮਾਲ ਲਿਆਉਣ ਲਈ ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਤਰਫੋਂ ਸਮੇਂ ਸਮੇਂ ਸਿਰ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ।

## ਘਨੌਰ ਦੇ ਪਿੰਡਾਂ ਲਈ ਲਿਫਟ ਸਿੰਚਾਈ ਸਕੀਮ ਪ੍ਰਾਜੈਕਟ ਸਬੰਧੀ ਐਕੁਆਇਰ ਜ਼ਮੀਨ ਦਾ ਮੁਆਵਜ਼ਾ

333 **ਠੇਕੇਦਾਰ ਮਦਨ ਲਾਲ ਜਲਾਲਪੁਰ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: –

(ੳ) ਸਾਲ 1996 ਦੌਰਾਨ ਸਰਾਲਾ ਕਲਾਂ ਅਤੇ ਸਾਲ 2006 ਦੌਰਾਨ ਹਲਕਾ ਘਨੌਰ ਦੇ ਪਿੰਡ ਕਪੂਰੀ, ਕਮਾਲਪੁਰ, ਲੋਹ ਸਿੰਬਲੀ ਅਤੇ ਹੋਰ ਪਿੰਡਾਂ ਲਈ ਲਿਫਟ ਸਿੰਚਾਈ ਸਕੀਮ ਪ੍ਰਾਜੈਕਟ ਨੇੜੇ ਸਿੰਚਾਈ ਪ੍ਰਾਜੈਕਟਾਂ ਲਈ ਕਿਸਾਨਾਂ ਤੋਂ ਕਿੰਨੀ ਜ਼ਮੀਨ ਐਕੁਆਇਰ ਕੀਤੀ ਗਈ ਸੀ ਅਤੇ ਮੁਆਵਜ਼ੇ ਦੀ ਕਿੰਨੀ ਰਾਸ਼ੀ ਦਿੱਤੀ ਗਈ;

(ਅ) ਕੀ ਇਸ ਨੂੰ ਮੁੜ ਬਣਾਉਣ ਕੀ ਕੋਈ ਤਜਵੀਜ਼ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ** : (ੳ) ਇਸ ਸਕੀਮ ਸਬੰਧੀ ਕੋਈ ਜ਼ਮੀਨ ਐਕੁਆਇਰ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਕੋਈ ਮੁਆਵਜ਼ਾ ਦਿੱਤਾ ਗਿਆ ਹੈ।

ਅ) ਹਾਲ ਦੀ ਘੜੀ ਇਹ ਸਕੀਮ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

## ਕਰਤਾਰ ਸਿੰਘ ਸਰਾਭਾ ਨੂੰ ਸ਼ਹੀਦ ਦਾ ਦਰਜਾ ਦੇਣ ਸਬੰਧੀ

**338. ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ, ਜਿਸ ਨੇ ਸਭ ਤੋਂ ਛੋਟੀ ਉਮਰ ਵਿੱਚ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਦਿੱਤੀ ਸੀ। ਕੀ ਉਨ੍ਹਾਂ ਨੂੰ ਸਰਕਾਰ ਦੁਆਰਾ ਸ਼ਹੀਦ ਦਾ ਦਰਜਾ ਦਿੱਤਾ ਜਾਵੇਗਾ?

**ਅਜ਼ਾਦੀ ਘੁਲਾਟੀਏ ਮੰਤਰੀ (ਸ਼੍ਰੀ ਓਮ ਪ੍ਰਕਾਸ਼ ਸੋਨੀ) :** ਨਹੀਂ ਜੀ। ਭਾਰਤ ਦੇਸ਼ ਦੇ ਸੰਵਿਧਾਨ ਵਿਚਲੇ ਅਨੁਛੇਦ–18 ਦੀ ਧਾਰਾ (1) ਅਨੁਸਾਰ ਰਾਜ ਵੱਲੋਂ ਮਿਲਟਰੀ ਜਾਂ ਅਕਾਦਮਿਕ ਅੰਤਰ ਤੋਂ ਇਲਾਵਾ ਕੋਈ ਵੀ ਦਰਜਾ ਪ੍ਰਦਾਨ ਨਹੀਂ ਕੀਤਾ ਜਾ ਸਕੇਗਾ।

## ਰਿਟੇਨਿੰਗ ਵਾਲਜ਼ ਬਣਾਉਣ ਲਈ ਬਜਟ ਦਾ ਉਪਬੰਧ ਕਰਨਾ

Under Print
Not for Legal/Official use

**340. ਸ਼੍ਰੀ ਅਮਿਤ ਵਿਜ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਠਾਨਕੋਟ ਦੇ ਵੱਖ ਵੱਖ ਖੇਤਰਾਂ ਅਰਥਾਤ ਬਜਰੀ ਕੰਪਨੀ, ਸੈਲੀ ਕੁਲੀਆ, ਡਿਫੈਂਸ ਕਲੋਨੀ, ਦਿਵਾਰ ਘਰਾਟ ਅਤੇ ਮਾਮੂਨ ਦੇ ਰਹਿਣ ਵਾਲੇ ਗਰੀਬ ਲੋਕਾਂ ਦੇ ਘਰਾਂ ਨੂੰ ਬਚਾਉਣ ਲਈ ਸੁਰੱਖਿਅਤ ਕੰਧਾਂ (retaining walls) ਬਣਾਉਣ ਲਈ 10 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਜਾਰੀ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ** : ਜ਼ਿਲ੍ਹਾ ਪਠਾਨਕੋਟ ਦੇ ਵਿੱਚ ਸਾਲ 2019-20 ਦੇ ਦੌਰਾਨ ਚੱਕੀ ਦਰਿਆ ਦੇ ਸੱਜੇ ਪਾਸੇ ਵਾਰਡ ਨੰਬਰ 20 ਦੀ ਪ੍ਰੋਟੈਕਸ਼ਨ ਦੇ ਵਾਸਤੇ ਹੜ੍ਹ ਰੋਕੂ ਮੰਮ ਕਰਵਾਏ ਗਏ ਸਨ, ਜਿਨ੍ਹਾਂ ਤੇ 3.52 ਕਰੋੜ ਰੁਪਏ ਖਰਚ ਹੋਏ ਸਨ। ਜ਼ਿਲ੍ਹਾ ਪਠਾਨਕੋਟ ਦੇ ਵੱਖ ਵੱਖ ਖੇਤਰਾਂ ਅਰਥਾਤ ਬਜਰੀ ਕੰਪਨੀ, ਸੈਲੀ ਕੁਲੀਆ, ਡਿਫੈਂਸ ਕਲੋਨੀਪ, ਦਿਵਾਰ ਘਰਾਟ ਅਤੇ ਮਾਮੂਨ ਦੇ ਵਿੱਚ ਰਹਿਣ ਵਾਲੇ ਲੋਕਾਂ ਦੇ ਘਰਾਂ ਨੂੰ ਬਣਾਉਣ ਦੇ ਲਈ ਰਿਟੇਨਿੰਗ ਵਾਲ/ਹੜ੍ਹ ਰੋਕੂ ਕੰਮ ਕਰਵਾਉਣ ਲਈ ਮੌਜੂਦਾ ਵਿੱਤੀ ਸਾਲ ਦੌਰਾਨ ਬਜਟ ਉਪਲਬਧ ਨਹੀਂ ਹੈ।

## 8 ਅਪ੍ਰੈਲ ਨੂੰ ਛੁੱਟੀ ਘੋਸ਼ਿਤ ਕਰਨਾ

**341. ਸ਼੍ਰੀ ਅਮਿਤ ਵਿਜ** - ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੁਰੂ ਸ਼੍ਰੀ ਨਾਭਾ ਦਾਸ ਜੀ ਦੇ ਪੈਰੋਕਾਰਾਂ ਦੀ ਹਰ ਸਾਲ 08 ਅਪ੍ਰੈਲ ਨੂੰ ਛੁੱਟੀ ਘੋਸ਼ਿਤ ਕਰਨ ਦੀ ਮੰਗ ਕਦੋਂ ਤੱਕ ਪੂਰੀ ਕੀਤੀ ਜਾਵੇਗੀ?

**ਕੈਪਟਨ ਅਮਰਿੰਦਰ ਸਿੰਘ** : ਗੁਰੂ ਸ਼੍ਰੀ ਨਾਭਾ ਦਾਸ ਜੀ ਦੇ ਜਨਮ ਦਿਵਸ ਦੇ ਅਵਸਰ ਤੇ ਹਰ ਸਾਲ 08 ਅਪ੍ਰੈਲ ਨੂੰ ਰਾਖਵੀਂ ਛੁੱਟੀ ਘੋਸ਼ਿਤ ਕੀਤੀ ਗਈ ਹੈ।

## ਬੰਦ ਪਈ ਲਾਈਨ ਨੂੰ ਡਿਸਮੈਂਨਟੱਲ ਕਰਨਾ

**342. ਸ਼੍ਰੀ ਅਮਿਤ ਵਿਜ –** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਤੋਂ ਨੰਗਲ ਭੂਰ ਪਿੰਡ ਤੱਕ 33 ਕੇ.ਵੀ.ਏ. ਦੀ ਬੰਦ ਪਈ ਲਾਈਨ ਨੂੰ ਕਦੋਂ ਤੱਕ ਡਿਸਮੈਂਟਲ ਕਰ ਦਿੱਤਾ ਜਾਵੇਗਾ?

**ਕੈਪਟਨ ਅਮਰਿੰਦਰ ਸਿੰਘ :** 33 ਕੇ.ਵੀ. ਪਠਾਨਕੋਟ ਨੰਗਲ ਭੂਰ ਲਾਈਨ ਲਗਭਗ 13 ਕਿਲੋਮੀਟਰ ਲੰਬੀ ਹੈ। ਇਹ ਲਾਈਨ ਲਗਭਗ 3 ਮਹੀਨਿਆਂ ਦੇ ਅੰਦਰ ਅੰਦਰ ਡਿਸਮੈਂਟਲ ਕਰ ਦਿੱਤੀ ਜਾਵੇਗੀ।

## ਪਠਾਨਕੋਟ ਸ਼ਹਿਰ ਵਿਖੇ ਸਟੇਡੀਅਮ ਲਈ ਬਜਟ ਦਾ ਉਪਬੰਧ ਕਰਨਾ

**343. ਸ਼੍ਰੀ ਅਮਿਤ ਵਿਜ :** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਸ਼ਹਿਰ ਵਿਖੇ ਬਹੁਤ ਮੰਤਵੀ ਸਟੇਡੀਅਮ ਲਈ ਬਕਾਇਆ ਲਗਭਗ 4 ਕਰੋੜ ਦੇ ਬਜਟ ਦਾ ਉਪਬੰਧ ਕਦੋਂ ਤੱਕ ਕਰ ਦਿੱਤਾ ਜਾਵੇਗਾ?

Under Print
Not for Legal/Official use

**ਰਾਣਾ ਗੁਰਮੀਤ ਸਿੰਘ ਸੋਢੀ :** ਪਠਾਨਕੋਟ ਸ਼ਹਿਰ ਵਿਖੇ ਬਹੁਮੰਤਵੀ ਸਟੇਡੀਅਮ ਲਈ ਬਕਾਇਆ ਲੱਗਭਗ 4.00 ਕਰੋੜ ਰੁਪਏ ਦਾ ਨਹੀ ਹੈ, ਬਲਕਿ 96.00 ਲੱਖ ਰੁਪਏ ਦਾ ਹੈ। ਬਜਟ ਦਾ ਉਪਬੰਧ ਵਿੱਤ ਵਿਭਾਗ ਵੱਲੋਂ ਸਾਲ 2020-21 ਦੇ ਬਜਟ ਅਨੁਮਾਨਾਂ ਦੀ ਰਾਸ਼ੀ 35.00 ਕਰੋੜ ਰੁਪਏ ਦੇ ਫੰਡ ਉਪਲਬਧ ਹੋਣ ਉਪਰੰਤ ਕਰ ਦਿੱਤਾ ਜਾਵੇਗਾ।

---

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ ਖੜ੍ਹੇ ਹਨ।

## ANNOUNCEMENT BY THE CHIEF MINISTER REGARDING BEHBAL KALAN AND BARGARI ISSUE

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ, ਮੈਂ ਇੱਕ ਐਲਾਨ ਕਰਨਾ ਚਾਹੁੰਦਾ ਹਾਂ, ਮੇਰਾ ਖਿਆਲ ਹੈ ਕਿ ਸਾਰਾ ਹਾਊਸ ਹੀ ਇਸ ਨੂੰ ਐਪਰੀਸ਼ੀਏਟ ਕਰੇਗਾ ਕਿ ਸਾਰਿਆਂ ਨੂੰ ਪਤਾ ਹੀ ਹੈ ਕਿ ਜਿਹੜਾ ਬਹਿਬਲ ਕਲਾਂ, ਬਰਗਾੜੀ ਦਾ ਮਸਲਾ ਸੀ, ਉਹ ਬਹੁਤ ਦੇਰ ਤੋਂ ਚੱਲ ਰਿਹਾ ਸੀ। ਉਸ ਬਾਰੇ Contradictions ਰਹੀਆਂ। ਕੋਈ ਕੋਰਟ ਵਿੱਚ ਚਲਾ ਜਾਂਦਾ ਸੀ; ਕੋਈ ਕਿਤੇ ਹੋਰ ਚਲਾ ਜਾਂਦਾ ਸੀ। ਅਸੀਂ ਉਸ ਦੀ ਇਨਵੈਸਟੀਗੇਸ਼ਨ ਸ਼ੁਰੂ ਕੀਤੀ ਸੀ। ਸਾਡੇ ਤੋਂ ਪਹਿਲਾਂ ਜਿਹੜੀ ਸਰਕਾਰ ਸੀ, ਉਹ ਇਸ ਕੇਸ ਨੂੰ ਸੀ.ਬੀ.ਆਈ. ਨੂੰ ਦੇ ਬੈਠੇ ਸਨ; ਫਿਰ ਸੀ.ਬੀ.ਆਈ. ਨੇ ਲੋਅਰ ਕੋਰਟ ਵਿੱਚ ਇੱਕ ਕਲੋਜ਼ਰ ਰਿਪੋਰਟ ਵੀ ਫਾਈਲ ਕਰ ਦਿੱਤੀ ਸੀ। ਉਸ ਤੋਂ ਬਾਅਦ ਜਾ ਕੇ ਸੁਪਰੀਮ ਕੋਰਟ ਵਿੱਚ ਸੀ.ਬੀ.ਆਈ. ਨੇ ਕੇਸ ਮੂਵ ਕਰ ਦਿੱਤਾ ਕਿ this matter should be looked at by them. ਅੱਜ ਖੁਸ਼ੀ ਇਸ ਗੱਲ ਦੀ ਹੈ ਕਿ ਜੋ ਹਾਊਸ ਦਾ ਫੈਸਲਾ ਸੀ, ਉਹ ਸੁਪਰੀਮ ਕੋਰਟ ਨੇ ਅਪਹੋਲਡ ਕਰ ਦਿੱਤਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**Mr. Speaker** : Vindicate ਹੋ ਗਿਆ ਹੈ।

**ਮੁੱਖ ਮੰਤਰੀ** : ਸੀ.ਬੀ.ਆਈ. ਕੇਸ ਹਾਰ ਗਈ ਹੈ। ਹੁਣ ਇਸ ਦਾ ਜੋ ਨਿਚੋੜ ਕੱਢਣਾ ਹੈ, ਅਸੀਂ ਕੱਢਾਂਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

Under Print
Not for Legal/Official use

**ਮਾਨਯੋਗ ਸਪੀਕਰ** : ਐਲਾਨ। (ਵਿਘਨ) (ਸ਼ੋਰ) ਮੈਂ ਇੱਕ ਅਨਾਊਂਸਮੈਂਟ ਕਰ ਦੇਵਾਂ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬੋਲਣ ਲਈ ਆਗਿਆ ਮੰਗ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ)

**ਮਾਨਯੋਗ ਸਪੀਕਰ** : ਮੈਂ ਇੱਕ ਅਨਾਊਂਸਮੈਂਟ ਕਰ ਦੇਵਾਂ। ਇੱਕ ਅਨਾਊਂਸਮੈਂਟ ਕਰ ਦੇਵਾਂ। (ਵਿਘਨ) (ਸ਼ੋਰ) ਬੋਲੋ ਕੀ ਬੋਲਣਾ ਹੈ। (ਸ਼ੋਰ) ਮੈਂ ਇੱਕ ਐਲਾਨ ਕਰਨਾ ਹੈ। ਉਸ ਤੋਂ ਬਾਅਦ ਤੁਸੀਂ ਬੋਲ ਲਿਉ। (ਵਿਘਨ) (ਸ਼ੋਰ) ਸਿਰਫ ਇੱਕ ਐਲਾਨ ਕਰਨਾ ਹੈ। ਮੇਰੀ ਇਕ ਅਨਾਊਂਸਮੈਂਟ ਹੈ। (ਸ਼ੋਰ) ਜ਼ੀਰੋ ਆਵਰ ਕਰ ਲੈਣਾ। ਕਿਹੜਾ ਕਹਿੰਦਾ ਹਾਂ ਕਿ ਜ਼ੀਰੋ ਆਵਰ ਨਹੀਂ ਹੈ? ਜ਼ੀਰੋ ਆਵਰ ਹੋਵੇਗਾ। (ਵਿਘਨ) (ਸ਼ੋਰ) ਜ਼ੀਰੋ ਆਵਰ ਹੋਵੇਗਾ, ਮੈਨੂੰ ਇੱਕ ਐਲਾਨ ਕਰ ਲੈਣ ਦਿਉ, ਉਸ ਤੋਂ ਬਾਅਦ ਜ਼ੀਰੋ ਆਵਰ ਹੈ।

## ANNOUNCEMENT BY THE SPEAKER REGARDING PANEL OF CHAIRMEN

**ਮਾਨਯੋਗ ਸਪੀਕਰ** : ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਦੇ ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਦੇ ਲਈ ਨਾਮਜ਼ਦ ਕਰਦਾ ਹਾਂ: –

1. ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ
2. ਸਰਦਾਰ ਗੁਰਕੀਰਤ ਸਿੰਘ ਕੋਟਲੀ
3. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ
4. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ

**ਮਾਨਯੋਗ ਸਪੀਕਰ** : ਸਕੱਤਰ ਦੁਆਰਾ ਐਲਾਨ।

Under Print
Not for Legal/Official use

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਇੱਕ ਮਿੰਟ ਇਨ੍ਹਾਂ ਤੋਂ ਬਾਅਦ। ਇੱਕ ਮਿੰਟ ਤਾਂ ਦੇ ਦਿਉ ਨਾ।

## ANNOUNCEMENT BY THE SECRETARY

**ਮਾਨਯੋਗ ਸਪੀਕਰ :** ਹੁਣ ਸਕੱਤਰ ਸਾਹਿਬ ਅਨਾਊਂਸਮੈਂਟ ਕਰਨਗੇ।

**ਸਕੱਤਰ :** ਸ਼੍ਰੀਮਾਨ ਜੀ, ਮੈਂ 15ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਦਸਵੇਂ ਵਿਸ਼ੇਸ਼ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦੀ ਹਾਂ :-

1. ਪੰਜਾਬ ਕਾਰੋਬਾਰ ਦਾ ਅਧਿਕਾਰ ਬਿਲ, 2020
2. ਪੰਜਾਬ ਜਲ ਸਰੋਤ (ਪ੍ਰਬੰਧਕ ਅਤੇ ਵਿਨਿਯਮਨ) ਬਿਲ, 2020

ਧੰਨਵਾਦ।

---

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ (ਸਰਦਾਰ ਸਾਧੂ ਸਿੰਘ)** : ਸਪੀਕਰ ਸਾਹਿਬ, ਇੱਕ ਰੈਜ਼ੋਲਿਊਸ਼ਨ ਮੂਵ ਕਰਨਾ ਹੈ।

**ਮਾਨਯੋਗ ਸਪੀਕਰ** : ਪਹਿਲਾਂ ਜ਼ੀਰੋ ਆਵਰ ਹੋ ਲੈਣ ਦਿਉ। ਉਸ ਤੋਂ ਬਾਅਦ ਕਰ ਲੈਣਾ। Thank you. ਢਿੱਲੋਂ ਸਾਹਿਬ ਪਹਿਲਾਂ ਖੜ੍ਹੇ ਹਨ। ਢਿਲੋਂ ਸਾਹਿਬ, ਹੁਣ ਦੱਸੋ ਜੀ।

## MATTERS RAISED DURING ZERO HOUR AND STATEMENT BY THE CHIEF MINISTER

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ** : ਸਪੀਕਰ ਸਾਹਿਬ, ਅਸੀਂ ਬਿਜਲੀ ਰੇਟਸ ਤੇ ਕੰਮ ਰੋਕੂ ਪ੍ਰਸਤਾਵ ਲੈ ਕੇ ਆਏ ਸੀ।

**ਮਾਨਯੋਗ ਸਪੀਕਰ** : ਹਾਂ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ** : ਉਹ ਤੁਸੀਂ ਰਿਜੈਕਟ ਕਰ ਦਿੱਤਾ ਹੈ।

**ਮਾਨਯੋਗ ਸਪੀਕਰ** : ਹਾਂ ਜੀ।

Under Print
Not for Legal/Official use

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ** : ਤੁਸੀਂ ਇਹ ਕਹਿ ਦਿੱਤਾ ਕਿ ਇਹ ਤਾਜ਼ਾ ਇਸ਼ੂ ਨਹੀਂ ਹੈ। ਪੰਜਾਬ ਤਾਂ ਮਰ ਰਿਹਾ ਹੈ, ਲੇਕਿਨ ਤੁਸੀਂ ਕਹਿੰਦੇ ਕਿ ਇਹ ਲੇਟੈਸਟ ਇਸ਼ੂ ਨਹੀਂ ਹੈ। ਇਹ ਸਾਡਾ ਪ੍ਰਸਤਾਵ ਤੁਸੀਂ ਰਿਜੈਕਟ ਕੀਤਾ, ਇਹ ਬਿਲਕੁਲ ਗਲਤ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਸਪੀਕਰ** : ਅਮਨ ਜੀ, ਮੈਨੂੰ ਪਹਿਲਾਂ ਉਨ੍ਹਾਂ ਨਾਲ ਗੱਲ ਕਰ ਲੈਣ ਦਿਉ। ਬਾਅਦ ਵਿੱਚ ਤੁਸੀਂ ਕਰ ਲੈਣਾ। ਢਿੱਲੋਂ ਸਾਹਿਬ, ਤੁਸੀਂ ਆਪਣੀ ਗੱਲ ਕਹਿ ਲਈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ** : ਹਾਂ ਜੀ।

**ਮਾਨਯੋਗ ਸਪੀਕਰ** : ਹੁਣ ਮੇਰੀ ਗੱਲ ਸੁਣ ਲਉ। ਕਿਉਂਕਿ ਇਹ ਬਜਟ ਇਜਲਾਸ ਹੈ, ਬਜਟ ਤੇ ਡਿਸਕਸ਼ਨ ਹੋਣੀ ਹੈ, ਗਵਰਨਰ ਐਡਰੈਸ ਤੇ ਡਿਸਕਸ਼ਨ ਹੋਣੀ ਹੈ। ਹਾਊਸ ਚਾਲੂ ਹੈ। ਇਸ ਕਰਕੇ ਤੁਹਾਡਾ ਐਡਜਰਨਮੈਂਟ ਮੋਸ਼ਨ ਨਹੀਂ ਬਣਦਾ। (ਵਿਘਨ) (ਸ਼ੋਰ) ਇਸ ਕਰਕੇ ਰਿਜੈਕਟ ਕੀਤਾ ਹੈ। (ਵਿਘਨ) (ਸ਼ੋਰ) ਹਾਂ ਜੀ ਸ਼੍ਰੀ ਅਮਨ ਅਰੋੜਾ ਸਾਹਿਬ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਤੁਸੀਂ ਲਿਖਿਆ ਹੈ ਕਿ ਤਾਜ਼ਾ ਮੁੱਦਾ ਨਹੀਂ ਹੈ, ਇਹ ਚਿੱਠੀ ਤਾਂ ਪੜ੍ਹ ਲਉ ਜੀ।(ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਕੰਮ ਰੋਕੂ ਪ੍ਰਸਤਾਵ ਨਾਮਨਜ਼ੂਰ ਕਰਨ ਤੇ ਰੋਸ ਵਜੋਂ **ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ** : ਤੁਸੀਂ ਗਵਰਨਰ ਐਡਰੈਸ ਤੇ ਬੋਲ ਲੈਣਾ। (ਵਿਘਨ) (ਸ਼ੋਰ) ਬੋਲ ਲੈਣਾ। ਤੁਸੀਂ ਬੋਲ ਲੈਣਾ ਜੀ। (ਵਿਘਨ) (ਸ਼ੋਰ) ਸ਼੍ਰੀ ਅਮਨ ਅਰੋੜਾ ਜੀ, ਤੁਸੀਂ ਸ਼ੁਰੂ ਕਰੋ।

**ਸ਼੍ਰੀ ਅਮਨ ਅਰੋੜਾ** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। (ਸ਼ੋਰ) ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਪਹਿਲਾਂ ਤਾਂ ਤੁਹਾਡੇ ਜ਼ਰੀਏ ਸਰਕਾਰ ਦਾ, ਸੀ.ਐਮ. ਸਾਹਿਬ ਦਾ ਧੰਨਵਾਦ ਕਿ ਉਨ੍ਹਾਂ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਵਿੱਚੋਂ ਬਹਿਬਲ ਕਲਾਂ, ਬਰਗਾੜੀ ਦੇ ਕੇਸਿਜ਼ ਵਾਪਸ ਆ ਗਏ ਹਨ। ਇੱਕ ਵਾਰ ਤਾਂ ਮੈਂ ਪਹਿਲਾਂ ਇਹ ਚਾਹਾਂਗਾ..... ਸ਼ਾਇਦ ਸੀ.ਐਮ. ਸਾਹਿਬ ਬਿਜ਼ੀ ਹਨ......

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ।

---

** Not recorded as ordered by the Chair

Under Print
Not for Legal/Official use

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਐਡਜਰਨਮੈਂਟ ਮੋਸ਼ਨ ਰਿਜੈਕਟ ਕਰਨ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ**** **** ਨਾਅਰੇ ਲਗਾ ਰਹੇ ਸਨ।)

**ਸ਼੍ਰੀ ਅਮਨ ਅਰੋੜਾ:** ਜਾਰੀ.... ਸਰ, ਮੇਰੀ ਗੱਲ ਨਹੀਂ ਸੁਣੀ ਜਾ ਰਹੀ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਸੁਣ ਰਿਹਾ ਹੈ, ਸਭ ਨੂੰ ਸੁਣ ਰਿਹਾ ਹੈ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਸਰਕਾਰ ਦਾ ਧੰਨਵਾਦ, ਸੀ.ਐਮ. ਸਾਹਿਬ ਨੇ ਜਾਣਕਾਰੀ ਦਿੱਤੀ ਹੈ ਕਿ ਸੁਪਰੀਮ ਕੋਰਟ ਤੋਂ ਬਹਿਬਲ ਕਲਾਂ ਅਤੇ ਬਰਗਾੜੀ ਦੇ ਕੇਸਿਜ਼ ਵਾਪਸ ਆ ਗਏ ਹਨ। ਮੈਂ ਸੀ.ਐਮ. ਸਾਹਿਬ ਨੂੰ ਇੱਕੋ ਬੇਨਤੀ ਕਰਾਂਗਾ ਕਿ ਇਹ ਕਲੀਅਰ ਕਰ ਦੇਣ ਕਿਉਂਕਿ ਬਹਿਬਲ ਕਲਾਂ ਦੇ ਨਾਲ-ਨਾਲ ਦੋਨੋਂ ਡਿਫਰੈਂਟ ਕੇਸਿਜ਼ ਹਨ। ਬਹਿਬਲ ਕਲਾਂ ਵਾਲੇ ਬਾਅਦ ਵਿੱਚ ਗਏ ਸੀ, ਜਿਹੜੇ ਹਾਊਸ ਦੇ ਵਿੱਚ ਰਿਜ਼ਾਲਵ ਕੀਤੇ ਗਏ ਸੀ ਕਿ ਵਾਪਸ ਮੰਗਵਾਏ ਜਾਣ। ਸਰ, ਕੀ ਮੇਰੀ ਆਵਾਜ਼ ਸਮਝ ਆ ਰਹੀ ਹੈ? Am I audible? ਸਰ, ਮੈਂ ਸੀ.ਐਮ. ਸਾਹਿਬ ਨੂੰ ਆਡੀਬਲ ਨਹੀਂ ਹਾਂ, ਮੈਂ ਸੀ.ਐਮ. ਸਾਹਿਬ ਨੂੰ ਆਡੀਬਲ ਨਹੀਂ ਹਾਂ। ਇਨ੍ਹਾਂ ਨੂੰ ਦੋ ਮਿੰਟ.... (ਵੈੱਲ ਆਫਿ ਦਿ ਹਾਊਸ ਵਿੱਚ ਖੜ੍ਹੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) (ਵਿਘਨ..ਸ਼ੋਰ)

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸ਼੍ਰੀ ਅਮਨ ਅਰੋੜਾ:** ਪਾ ਲੈਣ ਦਿਉ, ਪਾ ਲੈਣ ਦਿਉ, ਪਾ ਲੈਣ ਦਿਉ।(ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਬੈਠੋ, ਬੈਠੋ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਦੋ ਮਿੰਟ ਬੈਠ ਜਾਣ। ਮੈਂ ਦੱਸ ਦੇਵਾਂਗਾ ਕਿ ਯਾਰੀ ਕਿਸ ਦੀ ਹੈ? ਇਨ੍ਹਾਂ ਨੂੰ ਕਹਿ ਦਿਉ ਕਿ ਦੋ ਮਿੰਟ ਬੈਠਣ।

**ਮਾਨਯੋਗ ਸਪੀਕਰ:** ਬੈਠੋ, ਬੈਠੋ।

---

** Not recorded as ordered by the Chair.

Under Print
Not for Legal/Official use

**ਸ਼੍ਰੀ ਅਮਨ ਅਰੋੜਾ:** ਸਰ, ਇਨ੍ਹਾਂ ਨੂੰ ਕਹਿ ਦਿਉ ਕਿ ਦੋ ਮਿੰਟ ਬੈਠਣ। ਮੈਂ ਦੱਸ ਦਿੰਦਾ ਹਾਂ ਕਿ ਯਾਰੀ ਕਿਸ ਦੀ ਹੈ। (ਵਿਘਨ..ਸ਼ੋਰ) ਸਰ, ਮੈਨੂੰ ਲੱਗਦਾ ਹੈ ਕਿ ਇਹ ਬਹਿਬਲ ਕਲਾਂ ਅਤੇ ਬਰਗਾੜੀ ਤੇ ਗੱਲ ਸੁਣਨਾ ਨਹੀਂ ਚਾਹੁੰਦੇ ਕਿ ਕਿਤੇ ਇਹ ਵਿਚ ਇਨਵਾਲਵਡ ਨਾ ਹੋ ਜਾਣ। (ਵਿਘਨ) ਤੁਸੀਂ ਦੋ ਮਿੰਟ ਬੈਠ ਜਾਓ।(ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਬੈਠ ਜਾਓ।

**ਮਾਨਯੋਗ ਸਪੀਕਰ:** ਅਮਨ ਜੀ ਬਹਿਬਲ ਕਲਾਂ ਤੇ ਬਰਗਾੜੀ ਤੇ ਗੱਲ ਕਰ ਰਹੇ ਹਨ। ਤੁਸੀਂ ਸੁਣ ਲਓ। ਸ਼੍ਰੀ ਅਮਨ ਜੀ ਗੱਲ ਕਰ ਰਹੇ ਹਨ, ਤੁਸੀਂ ਜ਼ਰਾ ਸੁਣ ਲਓ।(ਵੈੱਲ ਆਫ ਦਿ ਹਾਊਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ)

**ਸ਼੍ਰੀ ਅਮਨ ਅਰੋੜਾ:** ਸਰ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਹੈ, ਉਸ ਦੇ ਬਾਰੇ ਇਹ ਸੁਣਨਾ ਨਹੀਂ ਚਾਹੁੰਦੇ। 2 ਮਿੰਟ ਬੈਠ ਜਾਓ, ਮੈਂ ਦੱਸ ਦਿੰਦਾ ਹਾਂ। ਸਰ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ **ਗੱਲ ਹੈ, 2 ਮਿੰਟ ਬੈਠ ਜਾਓ। 2 ਮਿੰਟ ਬੈਠ ਜਾਓ। ਮੈਂ ਬਿਜਲੀ ਤੇ ਵੀ ਬੋਲ ਦਿੰਦਾ ਹਾਂ। ਇੱਕ ਮਿੰਟ ਬੈਠ ਜਾਓ। ਸਪੀਕਰ ਸਾਹਿਬ ਜਾਂ ਤਾਂ ਇਨ੍ਹਾਂ ਨੂੰ ਬਾਹਰ ਭੇਜੋ ਜਾਂ ਬਿਠਾ ਦਿਉ ਜੀ। ਕੀ ਇਹ ਕੋਈ ਗੱਲ ਬਣਦੀ ਹੈ? (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਅਮਨ ਜੀ, ਤੁਸੀਂ ਬੋਲੀ ਜਾਓ।

**ਸ਼੍ਰੀ ਅਮਨ ਅਰੋੜਾ:** ਸਰ, ਮੈਂ ਸੀ.ਐਮ. ਸਾਹਿਬ ਨੂੰ ਆਡੀਬਲ ਨਹੀਂ ਹਾਂ। ਮੈਂ ਸੀ.ਐਮ. ਸਾਹਿਬ ਨੂੰ ਆਡੀਬਲ ਨਹੀਂ ਹਾਂ।

**ਮਾਨਯੋਗ ਸਪੀਕਰ:** ਸਭ ਨੂੰ ਆਡੀਬਲ ਹੈ, ਸਭ ਨੂੰ ਆਡੀਬਲ ਹੈ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ..........

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

---

** Not recorded as ordered by the Chair.

Under Print
Not for Legal/Official use

**ਮਾਨਯੋਗ ਸਪੀਕਰ:** ਸਭ ਨੂੰ ਆਡੀਬਲ ਹੈ, ਬੈਠੋ ਚੀਮਾ ਜੀ, ਬੈਠ ਜਾਓ। ਸਰਦਾਰ ਕੁਲਤਾਰ ਸਿੰਘ ਜੀ ਬੈਠੋ, ਚੀਮਾ ਜੀ ਬੈਠੋ। (ਵਿਘਨ, ਸ਼ੋਰ)

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਇਸ ਕਰਕੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸ਼੍ਰੀ ਅਮਨ ਅਰੋੜਾ:** ਪਲੀਜ਼ ਤੁਸੀਂ ਬੈਠ ਜਾਓ, ਮੈਂ ਦੱਸ ਦਿੰਦਾ ਹਾਂ ਕਿਸ ਦੀ ਯਾਰੀ ਹੈ, ਆ ਜਾਓ, ਆ ਜਾਓ ਫਿਰ ਦੱਸਦਾ ਹਾਂ। ਮੇਰੇ ਕੋਲ ਡਾਕੂਮੈਂਟਜ਼ ਹਨ, ਆ ਜਾਓ।

**ਮਾਨਯੋਗ ਸਪੀਕਰ:** ਤੁਸੀਂ ਬੋਲੋ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਚਲੋ ਮੈਂ ਬੋਲ ਦਿੰਦਾ ਹਾਂ। ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਪਹਿਲਾਂ ਤਾਂ ਸਰਕਾਰ ਅਤੇ ਸੀ.ਐਮ. ਸਾਹਿਬ ਦਾ ਧੰਨਵਾਦ ਕਿ ਉਨ੍ਹਾਂ ਨੇ ਹਾਊਸ ਨੂੰ ਇਨਫਾਰਮ ਕੀਤਾ ਹੈ ਕਿ ਸੁਪਰੀਮ ਕੋਰਟ ਤੋਂ ਬਹਿਬਲ ਕਲਾਂ ਅਤੇ ਬਰਗਾੜੀ ਦੇ ਕੇਸਿਜ਼ ਵਾਪਸ ਆ ਗਏ ਹਨ ਅਤੇ ਸਟੇਟ ਨੇ ਇਨਵੈਸਟੀਗੇਟ ਕਰਨੇ ਹਨ। ਸਰ, ਪਿਛਲੇ ਪੰਜ ਸਾਲ ਤੋਂ ਮੈਂ ਇੱਕ ਚੀਜ਼ ਪੁੱਛਣਾ ਚਾਹੁੰਦਾ ਹਾਂ। ਸੀ.ਐਮ. ਸਾਹਿਬ ਇਹ ਕਲੀਅਰ ਕਰ ਦੇਣ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਇੱਕ ਮਿੰਟ, ਇੱਕ ਮਿੰਟ। ਮੈਂ ਮੈਂਬਰਜ਼ ਨੂੰ ਰਿਕੁਐਸਟ ਕਰਦਾ ਹਾਂ ਕਿ ਸੀ.ਐਮ. ਸਾਹਿਬ ਨੂੰ ਗੱਲ ਸੁਣ ਲੈਣ ਦਿਉ। ਸੀ.ਐਮ. ਸਾਹਿਬ ਨੂੰ ਜ਼ਰਾ ਧਿਆਨ ਤਾਂ ਕਰ ਲੈਣ ਦਿਉ। ਬੋਲੋ ਜੀ, ਅਮਨ ਜੀ, ਬੋਲੋ।

**ਸ਼੍ਰੀ ਅਮਨ ਅਰੋੜਾ:** ਸਰ, ਸੀ.ਐਮ. ਸਾਹਿਬ ਵੀ busy ਹਨ। ਇਹ ਕੋਈ ਗੱਲ ਹੈ?

**ਮਾਨਯੋਗ ਸਪੀਕਰ:** ਸ਼੍ਰੀ ਬ੍ਰਹਮ ਮਹਿੰਦਰਾ ਜੀ, ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰ ਲਓ।

**Shri Aman Arora:** Sir, just give me two minutes.

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ ਨੂੰ ਜ਼ਰਾ ਸੁਣ ਲੈਣ ਦਿਉ। ਬੋਲੋ ਜੀ, ਬੋਲੋ।

Under Print
Not for Legal/Official use

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇੱਕ ਤਾਂ ਇਹ ਕਲੀਅਰ ਕਰ ਦੇਣ ਕਿ ਕੀ ਬਹਿਬਲ ਕਲਾਂ ਅਤੇ ਬਰਗਾੜੀ ਦੋਨੋਂ ਕੇਸਿਜ਼ ਵਾਪਸ ਆਏ ਹਨ ਕਿਉਂਕਿ ਦੋਨੋਂ ਡਿਫਰੈਂਟ ਕੇਸਿਜ਼ ਸਨ? ਬਹਿਬਲ ਕਲਾਂ ਵਾਲੇ ਬਾਅਦ ਵਿੱਚ ਗਏ ਸੀ, ਬਰਗਾੜੀ ਵਾਲੇ ਇਨ੍ਹਾਂ ਨੇ ਭੇਜੇ ਹੋਏ ਸੀ। ਦੂਜਾ, ਇਸ ਤਰ੍ਹਾਂ ਹੈ ਕਿ ਪੰਜ ਸਾਲਾਂ ਦੇ ਵਿੱਚ ਇਸ ਇਸ਼ੂ ਉੱਪਰ ਬਹੁਤ ਰਾਜਨੀਤੀ ਹੋ ਚੁੱਕੀ ਹੈ, ਕਈ ਐਫ.ਆਈ.ਆਰਜ਼. ਹੋ ਚੁੱਕੀਆਂ ਹਨ, ਕਈ ਐਸ.ਆਈ.ਟੀਜ਼. ਬਣ ਚੁੱਕੀਆਂ ਹਨ ਅਤੇ ਕਿੰਨੇ ਬੰਦਿਆਂ ਦੀਆਂ ਜਾਨਾਂ ਚਲੀਆਂ ਗਈਆਂ। ਹੁਣ ਪਹਿਲੀ ਗੱਲ ਤਾਂ ਅਸੀਂ ਵਿਸ਼ਵਾਸ ਦੇ ਨਾਲ ਕਹਿੰਦੇ ਹਾਂ ਕਿ ਜੇ ਸਰਕਾਰ ਕੋਲ ਕੇਸਿਜ਼ ਵਾਪਸ ਆ ਗਏ ਤਾਂ ਇਹ ਲੌਜੀਕਲ ਕਨਕਲੂਜ਼ਨ ਤੇ ਪਹੁੰਚਣਗੇ, ਅਸੀਂ ਇਹ ਵਿਸ਼ਵਾਸ ਰੱਖਦੇ ਹਾਂ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ, ਹੁਣ ਬੈਠੋ।

**ਸ਼੍ਰੀ ਅਮਨ ਅਰੋੜਾ:** ਸਰ, ਸੀ.ਐਮ. ਸਾਹਿਬ ਟਾਈਮ-ਬਾਊਂਡ ਕਰ ਦੇਣ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ, ਜ਼ੀਰੋ ਆਵਰ ਹੈ। ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ। ਹਾਂ ਜੀ, ਸਰਦਾਰ ਕੁਲਬੀਰ ਸਿੰਘ ਜੀ, ਹਾਂ ਜੀ, ਕੁਲਬੀਰ ਸਿੰਘ ਜੀ। ਅਮਨ ਜੀ, ਤੁਸੀਂ ਬੈਠੋ ਤੁਹਾਡੀ ਗੱਲ ਆ ਗਈ ਹੈ। (ਵਿਘਨ..ਸ਼ੋਰ)

**ਸਰਦਾਰ ਕੁਲਬੀਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਭ ਤੋਂ ਪਹਿਲਾਂ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਐਸ.ਟੀ.ਐਫ. ਦੇ ਚੀਫ ਦਾ ਵੀ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਪਿਛਲੇ ਦਿਨੀਂ ਪੰਜਾਬ ਦੇ ਵਿੱਚ ਅੰਮ੍ਰਿਤਸਰ ਸ਼ਹਿਰ ਦੇ ਅਨਵਰ ਮਸੀਹ ਕੋਲ ਇੱਕ ਕਰੋੜ ਰੁਪਏ ਦੀ ਹੈਰੋਇਨ ਬਰਾਮਦ ਕੀਤੀ ਔਰ ਉਨ੍ਹਾਂ ਦੇ ਜਿਹੜੇ ਤੁਅੱਲਕ ਹਨ, ਉਹ ** ਦੇ ਨਾਲ ਹਨ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਸਰਦਾਰ ਕੁਲਬੀਰ ਸਿੰਘ :** ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਤੋਂ ਅੱਜ ਮੰਗ ਕਰਦਾ ਹਾਂ ਕਿ ਇਨ੍ਹਾਂ ਦੀ ਇਨਕੁਆਰੀ ਕਰਵਾਈ ਜਾਵੇ ਕਿਉਂਕਿ ਇਸ ਨੂੰ ਜੋ ** ਦਾ ਖਾਸ ਤੇ ਰਾਈਟ ਹੈਂਡ ਬੰਦਾ ਸੀ, ਨੂੰ ਐਸ.ਐਸ.ਬੋਰਡ ਦਾ ਮੈਂਬਰ ਬਣਾਇਆ ਗਿਆ ਸੀ।(ਇਸ ਸਮੇਂ ਮਾਨਯੋਗ ਮੈਂਬਰ ਵੱਲੋਂ ਹਾਊਸ ਵਿਚ ਕੁਝ ਤਸਵੀਰਾਂ ਵੀ ਲਹਿਰਾਈਆਂ ਗਈਆਂ) ਇਨ੍ਹਾਂ ਦੀ ਇਨਕੁਆਰੀ ਕਰਵਾ ਕੇ, ਇਨ੍ਹਾਂ ਤੇ ਬਣਦੀ ਕਾਰਵਾਈ ਕੀਤੀ

---

** Expunged as ordered by the Hon'ble Speaker dated 26.02.2020

Under Print
Not for Legal/Official use

ਜਾਵੇ।(ਵਿਘਨ) ਮੈਂ ਐਸ.ਟੀ.ਐਫ. ਦਾ ਵੀ ਧੰਨਵਾਦ ਕਰਦਾ ਹਾਂ ਕਿ ਜਿਹੜੀਆਂ ਪੁਲਿਸ ਵਿੱਚ ਕੁਝ ਕਾਲੀਆਂ ਭੇਡਾਂ ਸਨ ਜਿਵੇਂ ਐਸ.ਐਚ.ਓ. ਹੈ, ਉਸ ਨੂੰ ਕੱਲ੍ਹ ਫੜਿਆ ਗਿਆ ਹੈ। ਮੈਂ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਦੀ ਇਨਕੁਆਰੀ ਹੋਵੇਗੀ ਜਾਂ ਨਹੀਂ ਹੋਵੇਗੀ? ** ਵਰਗੇ ਲੋਕਾਂ ਨੂੰ ਫੜ ਕੇ ਅੰਦਰ ਦਿੱਤਾ ਜਾਵੇ, ਜਿਨ੍ਹਾਂ ਦੀ ਸਿਫਾਰਸ਼ ਤੇ ਇਹੋ ਜਿਹੇ ਲੋਕਾਂ ਨੂੰ ਐਸ.ਐਸ.ਬੋਰਡ ਦਾ ਮੈਂਬਰ ਲਗਾਇਆ ਗਿਆ।ਮੈਂ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨਕੁਆਰੀ ਮਾਰਕ ਕਰ ਰਹੇ ਹਨ ਜਾਂ ਨਹੀਂ?

**ਮਾਨਯੋਗ ਸਪੀਕਰ:** ਹਾਂ ਜੀ, ਜ਼ੀਰਾ ਜੀ, ਤੁਹਾਡਾ ਹੋ ਗਿਆ ਹੈ ਜਾਂ ਹੋਰ ਬੋਲਣਾ ਹੈ। ਹਾਂ ਜੀ, ਚੀਮਾ ਜੀ, ਤੁਸੀਂ ਕੁਝ ਬੋਲਣਾ ਹੈ? ਚੀਮਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਜਿਹੜਾ ਅਨਵਰ ਮਸੀਹ ਅਤੇ ਇੱਕ ਜਿਹੜਾ ਐਮ.ਸੀ. ਹੈ, ਇਹ ਬਹੁਤ ਵੱਡੇ ਡਰੱਗ ਰੈਕਟ ਵਿੱਚ ਫੜੇ ਗਏ ਹਨ। ਇਨ੍ਹਾਂ ਦੇ ਸਬੰਧ ਕਿਸ ਨਾਲ ਹਨ? ਇਹ ਸਭ ਨੂੰ ਪਤਾ ਹੈ। ਸਾਹਮਣੇ ** ਖੜ੍ਹੇ ਹਨ, ਇਨ੍ਹਾਂ ਦੇ ਰਿਲੇਸ਼ਨ ਉਨ੍ਹਾਂ ਨਾਲ ਹਨ। ਕੀ ਸੀ.ਐਮ. ਸਾਹਿਬ, ਹਾਊਸ ਦੇ ਵਿੱਚ ਦੱਸਣਗੇ ਕਿ ਕੀ ਜਿਹੜੀ ਐਸ.ਟੀ.ਐਫ. ਹੈ, ਉਹ ** ਦੀ ਜਾਂਚ ਕਰੇਗੀ? ਜਿਸ ਕੋਲੋਂ ਇੰਨੀ ਵੱਡੀ ਡਰੱਗ ਦੀ ਖੇਪ ਫੜੀ ਗਈ ਹੈ, ਉਸ ਦਾ ਕੀ ਸਿਆਸੀ ਗਠਜੋੜ ਹੈ?(ਵਿਘਨ)

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ, (ਵਿਘਨ) ਹਾਂ ਜੀ, ਸੀ.ਐਮ. ਸਾਹਿਬ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜੀ ਇਨਕੁਆਰੀ ਬਾਰੇ ਪੁੱਛਿਆ ਹੈ, ਇਹ ਅਸੀਂ definitely ਕਰਵਾਂਗੇ ਔਰ ਇਸ ਨੂੰ to the appropriate authority ਭੇਜਾਂਗੇ।ਇਸ ਦੀ ਇਨਵੈਸਟੀਗੇਸ਼ਨ ਹੋ ਜਾਵੇਗੀ।(ਥੰਪਿੰਗ)

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਸਪੀਕਰ ਸਾਹਿਬ,....(ਵਿਘਨ)

**ਮਾਨਯੋਗ ਸਪੀਕਰ:** ਹਾਂ ਜੀ, ਮਾਣੂਕੇ ਜੀ। (ਵਿਘਨ) ਅਮਨ ਜੀ, ਤੁਸੀਂ ਬੋਲ ਲਏ ਹੋ, ਹੁਣ ਮਾਣੂਕੇ ਜੀ ਨੂੰ ਬੋਲਣ ਦਿਓ।ਜ਼ੀਰੋ ਆਵਰ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ you can't press for it. ਹਾਂ ਜੀ, ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੈਂ ਜ਼ੀਰੋ ਆਵਰ ਤੇ ਬੋਲਣਾ ਚਾਹੁੰਦੀ ਹਾਂ ਕਿ ਸਾਡੇ ਪੰਜਾਬ ਦੇ ਵਿੱਚ ਜਿਹੜੇ ਲੋਕ ਜ਼ਿੰਦਗੀ ਜਿਉਣ ਦੇ ਇੱਛੁਕ ਸਨ, ਅੱਜ ਉਹ ਖੁਦਕੁਸ਼ੀਆਂ ਵੱਲ ਵੱਧ ਰਹੇ ਹਨ। ਅੱਜ

** Expunged as ordered by the Hon'ble Speaker dated 26.02.2020

Under Print
Not for Legal/Official use

ਇਨਸਾਨ ਇੰਨਾ ਬੇਵੱਸ ਅਤੇ ਮਜਬੂਰ ਕਿਵੇਂ ਹੋ ਗਿਆ ਕਿ ਵੱਡੇ-ਵੱਡੇ ਮਸਲੇ ਅੱਜ ਉਸ ਤੇ ਮੁਸੀਬਤ ਬਣ ਗਏ ਹਨ। ਅੱਜ ਇਨਸਾਨ ਜ਼ਿੰਦਗੀ ਅੱਗੇ ਹਾਰ ਕੇ ਮੌਤ ਨੂੰ ਸਰੰਡਰ ਕਰਨ ਲਈ ਮਜਬੂਰ ਹੋ ਰਿਹਾ ਹੈ। ਪੱਤਰਕਾਰ ਅਮਨ ਨੇ ਖੁਦਕੁਸ਼ੀ ਜ਼ਰੂਰ ਕੀਤੀ ਹੈ ਪਰ ਇਸ ਦੀ ਮੌਤ ਨੇ ਇੱਕ ਬਹੁਤ ਵੱਡੀ ਬਹਿਸ ਨੂੰ ਜਨਮ ਦਿੱਤਾ ਹੈ। ਉਸ ਬੱਚੇ ਨੇ ਆਪਣੇ ਸਰੀਰ ਤੇ ਕਿੰਨਾ ਦਰਦ ਅਤੇ ਕਿੰਨੀ ਤਕਲੀਫ ਨੂੰ ਹੰਢਾਇਆ ਹੋਵੇਗਾ ਅਤੇ ਉਹ ਬੱਚਾ ਜਿਹੜਾ ਜ਼ਿੰਦਗੀ ਜਿਊਣ ਦਾ ਇੱਛੁਕ ਸੀ, ਅੱਜ ਮਹਿੰਗੇ ਇਲਾਜ ਕਾਰਨ ਆਪਣੀ ਜ਼ਿੰਦਗੀ ਤੋਂ ਹਾਰ ਗਿਆ। ਉਸ ਨੇ ਮੌਤ ਨੂੰ ਸਰੰਡਰ ਕਰ ਦਿੱਤਾ। ਸਪੀਕਰ ਸਾਹਿਬ, ਜਦੋਂ ਵੀ ਕੋਈ ਕਿਸਾਨ ਖੁਦਕੁਸ਼ੀ ਕਰਦਾ ਹੈ, ਜਦੋਂ ਇੰਨੀਆਂ ਜ਼ਹਿਰਲੀਆਂ ਦਵਾਈਆਂ ਦੇ ਢੱਕਣ ਖੋਲ੍ਹ ਕੇ ਸਪਰੇਅ ਪਾਉਂਦਾ ਹੈ ਤਾਂ ਉਸ ਨੂੰ ਇੱਕ ਗੱਲ ਦਾ ਜ਼ਰੂਰ ਪਤਾ ਹੁੰਦਾ ਹੈ ਕਿ ਇਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿਤੇ ਨਾਲ ਕਿਤੇ ਨੁਕਸਾਨ ਜ਼ਰੂਰ ਹੋਣਾ ਹੈ। ਸਰ, ਮੇਰੀ ਹਾਊਸ ਨੂੰ ਇਕੋ ਹੀ ਬੇਨਤੀ ਹੈ ਕਿ ਅਮਨ ਦਾ ਜਾਣਾ ਅਤੇ ਕਿਸਾਨਾਂ ਦਾ ਜਾਣਾ ਸਾਡੇ ਲਈ ਬਹੁਤ ਹੀ ਦਰਦਨਾਕ ਹੈ। ਇਸ ਤੇ ਬਹਿਸ ਲਈ ਇੱਕ ਦਿਨ ਰੱਖ ਲਈਏ ਕਿਉਂਕਿ ਸਾਡੇ ਬੱਚੇ ਜਿਹੜੇ ਜ਼ਿੰਦਗੀ ਜਿਊਣ ਦੇ ਇੱਛੁਕ ਸਨ, ਅੱਜ ਉਹ ਕਿਉਂ ਮਰਨ ਵੱਲ ਵੱਧ ਰਹੇ ਹਨ। ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਇਸ ਲਈ ਸਿਰਫ ਇੱਕ ਦਿਨ ਰੱਖ ਲਓ ਤਾਂ ਕਿ ਸਾਨੂੰ ਇਹ ਪਤਾ ਲੱਗ ਜਾਵੇ ਕਿ ਪੰਜਾਬ ਵਿੱਚ ਅਸੀਂ ਤ੍ਰਾਸਦੀਆਂ ਨੂੰ ਨਿਬੇੜਦੇ-ਨਿਬੇੜਦੇ ਆਪਣੀਆਂ ਡਿਊਟੀਆਂ ਖਤਮ ਕਰਦੇ ਜਾ ਰਹੇ ਹਾਂ। ਸਾਡੇ ਬੱਚੇ ਬੁਰੀ ਤਰ੍ਹਾਂ ਆਪਣੇ ਆਪ ਨੂੰ ਖਤਮ ਕਰਦੇ ਜਾ ਰਹੇ ਹਨ। ਮੇਰੀ ਹਾਊਸ ਨੂੰ ਬੇਨਤੀ ਹੈ ਕਿ ਇੱਕ ਦਿਨ ਰੱਖ ਕੇ ਆਪਾਂ ਇਸ ਟੌਪਿਕ ਤੇ ਬਹਿਸ ਕਰੀਏ ਕਿ ਕੀ ਸਾਡੇ ਬੱਚੇ ਜ਼ਿੰਦਗੀ ਜਿਊਣ ਤੋਂ ਭੱਜ ਰਹੇ ਹਨ ਅਤੇ ਇਸ ਦੇ ਕੀ ਕਾਰਨ ਹਨ? ਧੰਨਵਾਦ ਜੀ।

**ਮਾਨਯੋਗ ਸਪੀਕਰ:** ਪਲੀਜ਼ ਤੁਸੀਂ ਆਪਣੀਆਂ ਆਪਣੀਆਂ ਸੀਟਾਂ ਤੇ ਆ ਜਾਓ। (ਵਿਘਨ) ਕਾਲ ਅਟੈਂਸ਼ਨ। ਪ੍ਰੋਫੈਸਰ ਬਲਜਿੰਦਰ ਕੌਰ ਜੀ। ਬਲਜਿੰਦਰ ਕੌਰ ਜੀ। ਅਗਲੀ ਆਈਟਮ, ਕਾਲ ਅਟੈਂਸ਼ਨ ਨੋਟਿਸ। ਪ੍ਰੋਫੈਸਰ ਬਲਜਿੰਦਰ ਕੌਰ ਜੀ।

## CALLING ATTENTION NOTICES UNDER RULE 66

### ਕ੍ਰਮ ਨੰ. 1

1. **ਪ੍ਰੋਫੈਸਰ ਬਲਜਿੰਦਰ ਕੌਰ**
2. **ਸਰਦਾਰ ਜੈ ਕ੍ਰਿਸ਼ਨ ਸਿੰਘ**

ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਅਰਥਾਤ ਪੀ.ਐਸ.ਟੀ.ਸੀ.ਐਲ. ਕੰਪਨੀ ਦੁਆਰਾ ਬਲਾਂਵਾਲੀ ਥਰਮਲ ਪਲਾਂਟ ਤੋਂ

Under Print
Not for Legal/Official use

ਤਲਵੰਡੀ ਸਾਬੋ ਰਿਫਾਇਨਰੀ ਤੱਕ ਕਿਸਾਨਾਂ ਦੀਆਂ ਜ਼ਮੀਨਾਂ ਉੱਤੇ ਬਿਜਲੀ ਦੇ ਵੱਡੇ ਅਤੇ ਛੋਟੇ ਖੰਭੇ ਬਿਨਾਂ ਕਿਸੇ ਪੂਰਵ ਸੂਚਨਾ ਤੋਂ ਲਗਾ ਕੇ ਉਨ੍ਹਾਂ ਉੱਪਰ ਵਿੱਤੀ ਤੌਰ ਤੇ ਸਰਕਾਰ ਵੱਲੋਂ ਭਾਰੀ ਬੋਝ ਪਾਇਆ ਜਾ ਰਿਹਾ ਹੈ। ਕਿਸਾਨ ਤਾਂ ਪਹਿਲਾਂ ਹੀ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਬਿਜਲੀ ਦੀਆਂ ਤਾਰਾਂ ਇਸ ਤਰੀਕੇ ਨਾਲ ਵਿਛਾਈਆਂ ਜਾ ਰਹੀਆਂ ਹਨ ਕਿ ਇੱਕ ਖੰਭਾ ਲਗਭਗ 40 ਵਾਇਆ 40 ਫੁੱਟ ਜਗ੍ਹਾ ਘੇਰਦਾ ਹੈ, ਜਿਸ ਨਾਲ ਕਿਸਾਨਾਂ ਦੀ ਜ਼ਮੀਨ ਅਜਾਈਂ ਖਰਾਬ ਹੋ ਰਹੀ ਹੈ ਪਰ ਕਿਸਾਨਾਂ ਨੂੰ ਇਸ ਦਾ ਕੋਈ ਵੀ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ ਹੈ।ਇਹ ਖੰਭੇ ਲਗਾਉਣ ਨਾਲ ਕਿਸਾਨਾਂ ਦੀਆਂ ਜ਼ਮੀਨਾਂ ਦੇ ਰੇਟ ਵਿੱਚ ਵੀ ਗਿਰਾਵਟ ਆ ਰਹੀ ਹੈ। ਸੋ ਸਥਾਨਕ ਕਿਸਾਨਾਂ ਵਿੱਚ ਇਸ ਸਬੰਧੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਿਸਾਨ ਇਸ ਨੁਕਸਾਨ ਦੀ ਭਰਪਾਈ ਲਈ ਐਕੁਆਇਰ ਕੀਤੀ 40/40 ਵਿੱਚ ਜ਼ਮੀਨ ਪ੍ਰਤੀ ਖੰਭਾ 15 ਲੱਖ ਰੁਪਏ ਮੁਆਵਜ਼ੇ ਦੀ ਮੰਗ ਕਰਦੇ ਹਨ। ਕਿਰਪਾ ਕਰਕੇ ਸਬੰਧਤ ਮੰਤਰੀ ਇਸ ਸਬੰਧੀ ਸਦਨ ਵਿੱਚ ਬਿਆਨ ਦੇਣ।
(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ ਇਹ ਜਿਹੜੀ ਬਠਿੰਡੇ ਵਿੱਚ ਰਿਫਾਇਨਰੀ ਲੱਗੀ ਹੈ, HPCL-Mittal Energy Limited, ਉੱਥੇ 400 ਕਿਲੋਵਾਟ ਤੋਂ 200 ਮੈਗਾਵਾਟ ਬਿਜਲੀ ਦਿੱਤੀ ਜਾਣੀ ਸੀ। ਇਸ ਦੇ ਨਾਲ ਕਈ ਪਿੰਡ ਕਵਰ ਹੁੰਦੇ ਸੀ। ਉੱਥੇ ਤਾਰ ਲਿਜਾਈ ਜਾ ਰਹੀ ਸੀ ਅਤੇ ਉੱਥੇ ਇਸ ਸਬੰਧੀ ਇੱਕ ਰਿਕੁਐਸਟ ਆਈ ਹੈ ਕਿ ਤਾਰਾਂ ਦੇ ਥੱਲੇ ਔਰ ਖੰਭਿਆਂ ਦੇ ਥੱਲੇ ਜਿਹੜੀ ਜ਼ਮੀਨ ਆਈ ਹੈ ਉਸ ਦੀ ਕਿਸਾਨਾਂ ਨੂੰ compensation ਦਿੱਤੀ ਜਾਵੇ। ਜਿੱਥੇ ਤੱਕ ਤਾਰਾਂ ਦਾ ਸਵਾਲ ਹੈ, 105 ਲੱਖ ਕਿੱਲੇ ਜ਼ਮੀਨ ਪੰਜਾਬ ਦੀ ਤਾਰਾਂ ਦੇ ਥੱਲੇ ਹੈ। ਤਾਰਾਂ ਦੇ ਥੱਲੇ ਵਾਲੀ ਜ਼ਮੀਨ ਤੇ ਕੋਈ compensation ਨਹੀਂ ਬਣਦੀ। ਇਹ ਕਦੇ ਵੀ ਨਹੀਂ ਬਣੀ ਅਤੇ ਨਾ ਹੀ ਕਦੇ ਬਣ ਸਕਦੀ ਹੈ ਕਿ ਪੂਰੇ ਪੰਜਾਬ ਦੇ ਵਿੱਚ ਤਾਰਾਂ ਦੇ ਥੱਲੇ ਅਸੀਂ ਜ਼ਮੀਨਾਂ ਨੂੰ compensation ਦੇਈਏ। ਲੇਕਿਨ ਜਿਹੜੇ ਨਵੇਂ ਖੰਭੇ ਲੱਗ ਰਹੇ ਹਨ ਉਨ੍ਹਾਂ ਦੇ ਬਾਰੇ ਤਾਂ ਅਸੀਂ ਸੋਚ ਸਕਦੇ ਹਾਂ। ਲੇਕਿਨ ਖੰਭਿਆਂ ਦੇ ਥੱਲੇ ਜਿਹੜੀ ਜ਼ਮੀਨ ਹੈ we can consider giving compensation for that ਉਸ ਤੇ ਮੈਂ agree ਕਰਦਾ ਹਾਂ।

**ਪ੍ਰੋਫੈਸਰ ਬਲਜਿੰਦਰ ਕੌਰ:** ਧੰਨਵਾਦ, ਸਪੀਕਰ ਸਾਹਿਬ। ਮੈਂ ਇਸ ਨਾਲ related question ਸੀ.ਐਮ. ਸਾਹਿਬ ਨੂੰ ਕਰਨਾ ਚਾਹੁੰਦੀ ਹਾਂ ਕਿ ਇਨ੍ਹਾਂ ਨੇ ਆਂਸਰ ਦਿੱਤਾ ਹੈ ਕਿ ਜਿਹੜੀ ਖੰਭਿਆਂ ਦੇ ਰਿਗਾਰਡਿੰਗ compensation ਹੈ ਉਹ ਨਹੀਂ ਬਣਦੀ। ਜੇਕਰ compensation ਨਹੀਂ ਬਣਦੀ ਤਾਂ ਕਿਸਾਨਾਂ ਨੂੰ ਕਿਹੜਾ

** Not recorded as ordered by the Chair.

other alternate ਹੈ ਅਤੇ ਕਿੱਥੇ ਅਸੀਂ ਉਨ੍ਹਾਂ ਦੀ help ਕਰ ਸਕਦੇ ਹਾਂ ਕਿਉਂਕਿ ਇਹ ਤਾਂ ਸਿੱਧਾ ਸਿੱਧਾ ਕਿਸਾਨਾਂ ਉੱਤੇ ਗੌਰਮਿੰਟ ਦਾ ਫਰਦਰ ਅਟੈਕ ਹੈ। ਉਸ ਦੀ ਭਰਪਾਈ ਕਿਵੇਂ ਹੋ ਸਕਦੀ ਹੈ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਜਿਹੜਾ Indian Telegraph Act, 1885 ਹੈ ਉਸ ਮੁਤਾਬਿਕ ਕੋਈ compensation ਨਹੀਂ ਬਣਦੀ ਸੀ। ਲੇਕਿਨ ਜਿੱਥੇ ਖੰਭੇ ਹਨ, ਪੁਰਾਣੇ ਖੰਭਿਆਂ ਦੀ ਗੱਲ ਨਹੀਂ, ਜਿਹੜੇ ਹੁਣ ਲੱਗ ਰਹੇ ਹਨ ਅਤੇ ਅੱਗੇ ਲੱਗਣਗੇ ਉਸ ਦੇ ਵਾਸਤੇ ਅਸੀਂ ਇੱਕ ਪਾਲਿਸੀ ਬਣਾ ਸਕਦੇ ਹਾਂ।

**ਪ੍ਰੋਫੈਸਰ ਬਲਜਿੰਦਰ ਕੌਰ:** ਸਰ ਇਸ ਦੇ ਵਿੱਚ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ......

**ਮਾਨਯੋਗ ਸਪੀਕਰ:** ਪ੍ਰੋਫੈਸਰ ਬਲਜਿੰਦਰ ਕੌਰ ਜੀ, ਬਲਜਿੰਦਰ ਜੀ ਤੁਸੀਂ ਇੱਕੋ ਹੀ ਸਵਾਲ ਪੁੱਛ ਸਕਦੇ ਹੋ।

**ਪ੍ਰੋਫੈਸਰ ਬਲਜਿੰਦਰ ਕੌਰ:** ਸਰ, ਦੋ ਪੁੱਛ ਸਕਦੇ ਹਾਂ। ਮੈਨੂੰ ਪੁੱਛ ਲੈਣ ਦਿਓ ਜੀ। ਇੱਕ ਲਾਸਟ ਪੁੱਛ ਲੈਣ ਦਿਓ।

**ਮਾਨਯੋਗ ਸਪੀਕਰ:** ਚਲੋ ਪੁੱਛ ਲਓ।

**ਪ੍ਰੋਫੈਸਰ ਬਲਜਿੰਦਰ ਕੌਰ:** ਇਹ ਮੇਰੀ ਸੁਜੈਸ਼ਨ ਵੀ ਹੈ ਅਤੇ ਮੇਰਾ ਸਵਾਲ ਵੀ ਹੈ ਕਿ ਜਿੱਥੇ ਵੀ ਖੰਭੇ ਲੱਗਦੇ ਹਨ ਮੈਂ ਚਾਹੁੰਦੀ ਹਾਂ ਕਿ ਇੱਕ ਪਾਲਿਸੀ ਦੇ ਅਧੀਨ ਤੁਸੀਂ ਇੰਨੀ ਕੁ ਐਡਜਸਟਮੈਂਟ ਕਰ ਲਵੋ ਕਿ ਕਿਸਾਨਾਂ ਨੂੰ ਪਤਾ ਲੱਗੇ ਕਿ ਉਨ੍ਹਾਂ ਦੀ ਜ਼ਮੀਨ ਦੇ ਵਿੱਚ ਖੰਭੇ ਲੱਗ ਰਹੇ ਹਨ। ਮਤਲਬ ਹਾਲੇ ਤੱਕ ਉਨ੍ਹਾਂ ਨੂੰ ਕੋਈ ਨਾਲਿਜ ਹੀ ਨਹੀਂ ਹੈ। ਉਨ੍ਹਾਂ ਨੂੰ ਬਿਨਾਂ ਦੱਸੇ ਬਿਨਾਂ ਇਨਫਾਰਮ ਕੀਤੇ ਖੰਭੇ ਲਗਾ ਦਿੱਤੇ ਜਾਂਦੇ ਹਨ। Second thing ਜਿਹੜੀ ਮੁਆਵਜ਼ੇ ਬਾਰੇ ਪਾਲਿਸੀ ਹੈ, ਇਸ ਨੂੰ kindly consider ਕਰ ਲਓ ਕਿ ਉਨ੍ਹਾਂ ਦੀ ਅਸੀਂ ਕਿਤੇ ਨਾ ਕਿਤੇ ਜਾ ਕੇ ਜਿਸ ਤਰ੍ਹਾਂ ਦੀ ਵੀ ਹੈਲਪ ਸਰਕਾਰ ਕਰ ਸਕਦੀ ਹੈ ਉਨ੍ਹਾਂ ਦੀ ਹੈਲਪ ਕਰੀਏ। ਕਿਉਂਕਿ ਜਿਹੜਾ ਉਹ ਇਲਾਕਾ ਹੈ ਉਹ ਪਹਿਲਾਂ ਹੀ ਕਰਜ਼ੇ ਦੇ ਬੋਝ ਦੇ ਥੱਲੇ ਬੁਰੀ ਤਰ੍ਹਾਂ ਦੱਬਿਆ ਹੋਇਆ ਹੈ। Thank you.

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਹ ਦੋ ਸੈਕਸ਼ਨਾਂ ਦੇ ਵਿੱਚ ਬਣ ਰਹੇ ਹਨ। ਇੱਕ ਤਾਂ ਜਗ੍ਗਾ ਰਾਮ ਤੀਰਥ ਤੋਂ ਲੈ ਕੇ ਪਿੰਡ ਬਹਿਬਲ ਜੱਸਾ ਸਿੰਘ ਤੱਕ ਹੈ। ਇਹ 9 ਪਿੰਡ ਹਨ ਅਤੇ ਫਿਰ ਸਾਡੇ ਕੋਲ 11 ਪਿੰਡ ਹੋਰ ਹਨ। ਜੱਸਾ ਸਿੰਘ ਤੋਂ ਲੈ ਕੇ HPCL-Mittal Energy Limited ਰਿਫਾਇਨਰੀ ਤੱਕ ਹਨ। ਹੁਣ ਤਕਰੀਬਨ ਇਨ੍ਹਾਂ ਵਿੱਚੋਂ ਕਾਫੀ ਖੰਭੇ ਲੱਗ ਚੁੱਕੇ ਹਨ। ਜਿਹੜਾ ਅਸੀਂ ਅੱਗੇ ਤੋਂ ਬਣਾ ਰਹੇ ਹਾਂ, we can consider

Under Print
Not for Legal/Official use

compensation for that. ਤਾਰਾਂ ਦੇ ਥੱਲੇ ਨਹੀਂ ਕਰ ਸਕਾਂਗੇ। ਉਸ ਵਿੱਚ ਤਾਂ ਸਾਰਾ ਪੰਜਾਬ ਵਿੱਚ ਕਵਰ ਹੋ ਜਾਵੇਗਾ। That is not possible.

**ਪ੍ਰੋਫੈਸਰ ਬਲਜਿੰਦਰ ਕੌਰ:** ਥੈਂਕ ਯੂ ਸਰ।ਤੁਸੀਂ ਸ਼ੁਰੂ ਹੀ ਸਾਡੇ ਪਿੰਡ ਤੋਂ ਕੀਤਾ ਹੈ। ਤੁਹਾਨੂੰ kindly consider ਕਰਨਾ ਪਵੇਗਾ।

**ਮਾਨਯੋਗ ਸਪੀਕਰ:** ਮਾਸਟਰ ਬਲਦੇਵ ਸਿੰਘ ਜੀ।ਬੈਠੋ ਬਲਜਿੰਦਰ ਕੌਰ ਜੀ।ਬਲਜਿੰਦਰ ਜੀ ਬੈਠ ਜਾਓ।ਹਾਂ ਜੀ, ਮਾਸਟਰ ਬਲਦੇਵ ਸਿੰਘ ਜੀ।ਮਾਸਟਰ ਬਲਦੇਵ ਸਿੰਘ ਜੀ ਦਾ ਮਾਇਕ ਖੋਲ੍ਹੋ ਜੀ। ਤੁਸੀਂ ਆਪਣੇ ਕੋਲ ਦੇਖੋ ਕਿ ਤੁਹਾਡੇ ਕੋਲ ਖੁੱਲ੍ਹਾ ਹੈ।

---

( **ਕ੍ਰਮ ਨੰ.** 2 )

1. **ਸਰਦਾਰ ਬਲਦੇਵ ਸਿੰਘ ਕਲਿਆਣ**
2. **ਸ਼੍ਰੀ ਬੁੱਧ ਰਾਮ**
3. **ਸਰਦਾਰ ਕੁਲਵੰਤ ਸਿੰਘ ਪੰਡੋਰੀ**

} ਬਹੁਤ ਹੀ ਧੰਨਵਾਦ ਜੀ, ਸਪੀਕਰ ਸਾਹਿਬ ਤੁਸੀਂ ਧਿਆਨ ਦਿਵਾਊ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਪਿਛਲੇ ਦਿਨੀਂ ਰਾਜ ਸਰਕਾਰ ਵੱਲੋਂ 1300 ਸਰਕਾਰੀ ਪ੍ਰਾਇਮਰੀ ਸਕੂਲ ਚੁੱਪ-ਚੁਪੀਤੇ ਬੰਦ ਕਰ ਦਿੱਤੇ ਗਏ ਹਨ ਜਿਸ ਕਰਕੇ ਸੂਬੇ ਦੇ ਬੱਚਿਆਂ ਦਾ ਭਵਿੱਖ ਹਨੇਰੇ ਵੱਲ ਧੱਕਿਆ ਜਾ ਰਿਹਾ ਹੈ। ਅਜਿਹਾ ਕਰਕੇ ਬੇਰੁਜ਼ਗਾਰੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਜਿਸ ਕਾਰਨ ਸੂਬੇ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਰਕਾਰ ਇਸ ਫੈਸਲੇ ਨੂੰ ਜਲਦ ਤੋਂ ਜਲਦ ਵਾਪਸ ਲਵੇ ਤਾਂ ਕਿ ਬੱਚਿਆਂ ਦਾ ਭਵਿੱਖ ਬਚਾਇਆ ਜਾ ਸਕੇ। ਸਿੱਖਿਆ ਮੰਤਰੀ ਇਸ ਸਬੰਧੀ ਸਦਨ ਵਿੱਚ ਆਪਣਾ ਬਿਆਨ ਦੇਣ ਦੀ ਕਿਰਪਾਲਤਾ ਕਰਨ ਜੀ। (ਵਿਘਨ ...ਸ਼ੋਰ)

(ਇਸ ਸਮੇਂ ਵੀ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਵਿਜੈ ਇੰਦਰ ਸਿੰਗਲਾ ਜੀ, ਕਾਲ ਅਟੈਂਸ਼ਨ ਦਾ ਜਵਾਬ ਦਿਓ।

---

** Not recorded as ordered by the Chair.

Under Print
Not for Legal/Official use

**ਸਿੱਖਿਆ ਮੰਤਰੀ (ਸ਼੍ਰੀ ਵਿਜੈ ਇੰਦਰ ਸਿੰਗਲਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ 1300 ਸਕੂਲਾਂ ਦੀ ਗੱਲ ਕੀਤੀ ਗਈ ਹੈ, ਇਹ 1300 ਸਕੂਲ ਸਰਕਾਰ ਵੱਲੋਂ ਕੋਈ ਬੰਦ ਨਹੀਂ ਕੀਤੇ ਗਏ ਹਨ। ਸਰ, ਕੇਵਲ 7 ਸਕੂਲ ਬੰਦ ਕੀਤੇ ਗਏ ਹਨ ਅਤੇ 105 ਸਕੂਲਾਂ ਨੂੰ ਮਰਜ ਕੀਤਾ ਗਿਆ ਹੈ। ਇਸ ਕਰਕੇ ਜਿਹੜਾ ਇਹ 1300 ਸਕੂਲਾਂ ਦਾ ਅੰਕੜਾ ਦੇ ਰਹੇ ਹਨ, ਇਹ ਸਹੀ ਨਹੀਂ ਹੈ, ਨਾ ਹੀ ਕੋਈ ਸਕੂਲ ਬੰਦ ਕੀਤੇ ਗਏ ਹਨ ਅਤੇ ਨਾ ਹੀ ਇਸ ਤਰ੍ਹਾਂ ਦੀ ਕੋਈ ਤਜਵੀਜ਼ ਹੈ। (ਵਿਘਨ..ਸ਼ੋਰ)

**ਸਰਦਾਰ ਬਲਦੇਵ ਸਿੰਘ ਕਲਿਆਣ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹਾਂਗਾ ਕਿ ਚਾਹੀਦਾ ਤਾਂ ਇਹ ਸੀ ਕਿ ਗਰੀਬ ਬੱਚਿਆਂ ਨੂੰ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ। ਅੱਜ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਵਿੱਚ ਗਰੀਬ ਮਜ਼ਦੂਰ ਅਤੇ ਗਰੀਬ ਕਿਸਾਨਾਂ ਦੇ ਬੱਚੇ ਪੜ੍ਹ ਰਹੇ ਹਨ। ਉਨ੍ਹਾਂ ਤੋਂ ਸਕੂਲਾਂ ਦੀ ਦੂਰੀ ਹੋਰ ਵਧਾ ਦਿੱਤੀ ਗਈ ਹੈ। ਮੰਤਰੀ ਸਾਹਿਬ ਸਕੂਲਾਂ ਨੂੰ ਮਰਜ ਕਰਨ ਦੀ ਗੱਲ ਕਰਦੇ ਹਨ, ਕੀ ਇਸ ਤਰ੍ਹਾਂ ਕਰਕੇ ਅਸੀਂ ਬੱਚਿਆਂ ਨੂੰ ਕੋਈ ਸਹੂਲਤਾਂ ਦੇ ਰਹੇ ਹਾਂ? ਸਾਨੂੰ ਚਾਹੀਦਾ ਤਾਂ ਇਹ ਸੀ ਕਿ ਜਿਹੜੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਹੈੱਡ ਟੀਚਰ ਹਨ ਜਾਂ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਹਨ ਉਨ੍ਹਾਂ ਨੂੰ ਬਾਹਰਲੇ ਦੇਸ਼ਾਂ ਵਿੱਚ ਲਿਜਾ ਕੇ ਸਿੱਖਿਆ ਦਿੱਤੀ ਜਾਂਦੀ ਪਰ ਅੱਜ ਸਾਡੇ ਸਮਾਜ ਨੂੰ, ਦਲਿਤ ਸਮਾਜ ਨੂੰ ਅਤੇ ਸਾਡੇ ਛੋਟੇ ਕਿਸਾਨ ਨੂੰ ਬਰਬਾਦੀ ਵਾਲੇ ਪਾਸੇ ਧੱਕਿਆ ਜਾ ਰਿਹਾ ਹੈ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੇਕਰ ਅੱਜ ਸਾਡਾ ਖਜ਼ਾਨਾ ਖਾਲੀ ਹੈ, ਖਜ਼ਾਨਾ ਖਾਲੀ ਹੋਣ ਦੇ ਵਾਰ-ਵਾਰ ਵੇਰਵੇ ਦਿੰਦੇ ਰਹਿੰਦੇ ਹਨ। ਜੇਕਰ ਅਸੀਂ ਬਾਹਰਲੇ ਦੇਸ਼ਾਂ ਵਿੱਚ ਟੀਚਰਾਂ ਨੂੰ ਸਿੱਖਣ ਲਈ ਨਹੀਂ ਭੇਜ ਸਕਦੇ ਤਾਂ ਘੱਟੋ-ਘੱਟ ਦਿੱਲੀ ਦੇ ਵਿੱਚ ਜਿਹੜੇ ਮਾਡਲ ਸਕੂਲ ਬਣੇ ਹਨ ਉਨ੍ਹਾਂ ਨੂੰ ਜ਼ਰੂਰ ਦੇਖਣਾ ਚਾਹੀਦਾ ਹੈ। ਪਿਛਲੇ ਦਿਨੀਂ ਮੁੱਖ ਮੰਤਰੀ ਸਾਹਿਬ ਦਿੱਲੀ ਵਿੱਚ ਜਾ ਕੇ ਕਹਿ ਕੇ ਆਏ ਹਨ ਕਿ ਪੰਜਾਬ ਵਿੱਚ 5500 ਸਮਾਰਟ ਸਕੂਲ ਬਣਾ ਦਿੱਤੇ ਹਨ। ਇਨ੍ਹਾਂ ਨੇ ਸਿਰਫ ਸਕੂਲਾਂ ਵਿੱਚ ਇੱਕ-ਇੱਕ ਕਮਰੇ ਨੂੰ ਸਮਾਰਟ ਰੂਮ ਬਣਾਇਆ ਹੈ ਜਿਸ ਤੇ 20 ਤੋਂ 25 ਹਜ਼ਾਰ ਰੁਪਏ ਖਰਚਾ ਆਉਂਦਾ ਹੈ। ਉਹ ਵੀ ਐਨ.ਆਰ.ਆਈ. ਵੀਰਾਂ ਨੇ ਪੈਸੇ ਭੇਜੇ ਹਨ ਤਾਂ ਜਾ ਕੇ ਸਮਾਰਟ ਰੂਮ ਬਣੇ ਹਨ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਹਨ, ਉਨ੍ਹਾਂ ਦੀ ਮਿਸਿਜ਼ ਮਿਲੇਨੀਆ ਟਰੰਪ 25 ਫਰਵਰੀ ਨੂੰ ਦਿੱਲੀ ਦੇ ਸਮਾਰਟ ਸਕੂਲਾਂ ਨੂੰ ਦੇਖਣ ਲਈ ਆ ਰਹੇ ਹਨ। ਇੱਕ ਅਮਰੀਕਾ ਦੇ ਰਾਸ਼ਟਰਪਤੀ ਦੇ ਮਿਸਿਜ਼ ਦਿੱਲੀ ਦੇ ਸਮਾਰਟ ਸਕੂਲ ਦੇਖਣ ਵਾਸਤੇ ਆ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ ਦਿੱਲੀ ਦੇ ਸਕੂਲ ਦੇਖਣ ਜਾ ਸਕਦੇ? ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਦਿੱਲੀ ਦੇ ਮਾਡਲ ਸਕੂਲ ਦੇਖੇ ਜਾਣ ਅਤੇ ਪੰਜਾਬ ਦੇ ਮਾਡਲ ਸਕੂਲ ਦੇਖੇ ਜਾਣ, ਇਹ ਬਹੁਤ ਹੀ ਜ਼ਰੂਰੀ ਹੈ ਜੀ।

Under Print
Not for Legal/Official use

**ਮੰਤਰੀ :** ਸਪੀਕਰ ਸਾਹਿਬ, ਜਿੱਥੋਂ ਤੱਕ ਮੈਂਬਰ ਸਾਹਿਬ ਨੇ ਸਮਾਰਟ ਸਕੂਲਾਂ ਦੀ ਗੱਲ ਰੇਜ਼ ਕੀਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਦਿੱਲੀ ਵਿੱਚ ਬਿਆਨ ਦਿੱਤਾ ਸੀ ਕਿ ਪੰਜਾਬ ਵਿੱਚ 5500 ਸਮਾਰਟ ਸਕੂਲ ਬਣ ਚੁੱਕੇ ਹਨ.....( ਵਿਘਨ..ਸ਼ੋਰ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਜਿੱਥੇ-ਜਿੱਥੇ ਸਕੂਲਾਂ ਨੂੰ ਮਰਜ ਕੀਤਾ ਹੈ ਉੱਥੇ ਕਈ ਜਗ੍ਹਾ ਤੇ ਇੱਕ-ਇੱਕ ਕਿਲੋਮੀਟਰ ਦਾ ਡਿਸਟੈਂਸ ਸੀ, ਇਸ ਕਰਕੇ ਉਨ੍ਹਾਂ ਸਕੂਲਾਂ ਨੂੰ ਮਰਜ ਕੀਤਾ ਹੈ। ਇਹ ਸਕੂਲਾਂ ਅਤੇ ਪੰਚਾਇਤਾਂ ਦੀ ਸਹਿਮਤੀ ਔਰ ਐਮ.ਸੀਜ਼. ਦੀ ਸਹਿਮਤੀ ਨਾਲ ਕੀਤਾ ਹੈ ਤਾਂ ਕਿ ਉੱਥੇ better ਪੜ੍ਹਾਈ ਹੋ ਸਕੇ। ਬਾਕੀ ਜਿਹੜੇ ਅਸੀਂ 7 ਸਕੂਲ ਬੰਦ ਕੀਤੇ ਹਨ ਉਹ ਇਸ ਕਰਕੇ ਕੀਤੇ ਹਨ ਕਿਉਂਕਿ ਉੱਥੇ ਬੱਚਿਆਂ ਦੀ ਗਿਣਤੀ 5 ਤੋਂ ਘੱਟ ਸੀ। ਇਸ ਤੋਂ ਇਲਾਵਾ ਜਿੱਥੇ ਮੈਂਬਰ ਸਾਹਿਬ ਨੇ ਸਮਾਰਟ ਸਕੂਲਾਂ ਦੀ ਗੱਲ ਕੀਤੀ ਹੈ ਔਰ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਪੰਜਾਬ ਦੇ ਵਿੱਚ ਜਿਹੜੇ 5500 ਸਮਾਰਟ ਸਕੂਲ ਬਣਾਏ ਹਨ, ਬਾਰੇ ਗੱਲ ਕੀਤੀ ਹੈ, ਇਸ ਸਬੰਧੀ ਸਾਡੇ ਕੋਲ ਇਕੱਲੇ-ਇਕੱਲੇ ਸਕੂਲ ਦਾ ਵੇਰਵਾ ਮੌਜੂਦ ਹੈ। ਇਸ ਵੇਰਵੇ ਨੂੰ ਅਸੀਂ ਮਾਨਯੋਗ ਮੈਂਬਰ ਸਾਹਿਬ ਨਾਲ ਸ਼ੇਅਰ ਵੀ ਕਰ ਸਕਦੇ ਹਾਂ। ਸਮਾਰਟ ਸਕੂਲਾਂ ਦੀ ਗਿਣਤੀ ਨੂੰ ਆਉਣ ਵਾਲੇ ਸਮੇਂ ਦੇ ਵਿੱਚ ਹੋਰ ਵੀ ਵਧਾਇਆ ਜਾ ਰਿਹਾ ਹੈ। ਪੰਜਾਬ ਦੇ ਪ੍ਰਾਇਮਰੀ ਸਕੂਲਾਂ ਅਤੇ ਮਿਡਲ ਸਕੂਲਾਂ ਨੂੰ ਵੱਖ-ਵੱਖ ਸਕੀਮਾਂ ਦੇ ਤਹਿਤ ਅਪਡੇਟ ਕਰਨ ਵਾਸਤੇ, ਇਨਫਰਾਸਟਰਕਚਰ ਦੇ ਲਈ ਵੀ ਪੈਸਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਵਿਧਾਨ ਸਭਾ ਦੇ ਤਹਿਤ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਪਹਿਲਾ ਅਜਿਹਾ ਸੂਬਾ ਹੈ ਜਿਸ ਨੇ ਪ੍ਰੀ-ਪ੍ਰਾਇਮਰੀ ਕਲਾਸਿਜ਼ ਚਾਲੂ ਕੀਤੀਆਂ ਹਨ ਅਤੇ ਇਸ ਸਰਕਾਰ ਦੀ ਪਹਿਲੀ ਕੈਬਨਿਟ ਦੀ ਮੀਟਿੰਗ ਵਿੱਚ ਉਸ ਗੱਲ ਦੀ ਪ੍ਰਵਾਨਗੀ ਹੋਈ ਸੀ ਅਤੇ ਅੱਜ ਸਾਡੇ ਸਾਰੇ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ ਪ੍ਰਾਇਮਰੀ ਕਲਾਸਿਜ਼ ਸਟਾਰਟ ਹੋਈਆਂ ਹਨ ਜਿਹੜੇ ਬੱਚੇ ਤਿੰਨ ਸਾਲ ਦੀ ਉਮਰ ਤੋਂ 6 ਸਾਲ ਦੀ ਉਮਰ ਦੇ ਹਨ ਉਨ੍ਹਾਂ ਬੱਚਿਆਂ ਨੂੰ ਵੀ ਪ੍ਰੀ-ਪ੍ਰਾਇਮਰੀ ਕਲਾਸਿਜ਼ ਵਿੱਚ ਬੇਸਿਕ ਸਿੱਖਿਆ ਲੈਣ ਲਈ ਫਾਇਦਾ ਹੋ ਰਿਹਾ ਹੈ।

**ਸਰਦਾਰ ਬਲਦੇਵ ਸਿੰਘ ਕਲਿਆਣ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਸਿਰਫ ਇੱਕ ਮਿੰਟ ਦੇ ਦਿਉ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਨਹੀਂ ਬੋਲ ਸਕਦੇ। ਤੁਸੀਂ ਪੁੱਛ ਚੁੱਕੇ ਹੋ ।

Under Print
Not for Legal/Official use

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਰਦਾਰ ਬਲਦੇਵ ਸਿੰਘ ਕਲਿਆਣ:** ਸਪੀਕਰ ਸਾਹਿਬ, ਇਹ ਜਿਹੜੇ 5500 ਸਮਾਰਟ ਸਕੂਲ ਬਣੇ ਹਨ ਉਨ੍ਹਾਂ ਦੀ ਲਿਸਟ ਲੈਣੀ ਚਾਹੁੰਦਾ ਹਾਂ (ਵਿਘਨ)(ਸ਼ੋਰ) ਸਪੀਕਰ ਸਾਹਿਬ, ਇਸ ਬਾਰੇ ਅਖਬਾਰਾਂ ਵਿਚ ਡਿਟੇਲ ਦਿੱਤੀ ਜਾਵੇ ਕਿ ਕਿਹੜੇ ਸਮਾਰਟ ਸਕੂਲ ਬਣੇ ਹਨ, ਇਹ ਦੱਸਿਆ ਕਿ ਕਿਹੜੇ ਸਮਾਰਟ ਸਕੂਲ ਬਣੇ ਹਨ (ਵਿਘਨ)(ਸ਼ੋਰ)।

**ਮਾਨਯੋਗ ਸਪੀਕਰ:** ਸਰਦਾਰ ਬਲਦੇਵ ਸਿੰਘ ਜੀ, ਸਰਦਾਰ ਬਲਦੇਵ ਸਿੰਘ ਜੀ ਤੁਸੀਂ ਪੁੱਛ ਚੁੱਕੇ ਹੋ। ਹਾਂ ਜੀ, ਸ਼੍ਰੀ ਬੁੱਧ ਰਾਮ ਜੀ। ਸ਼੍ਰੀ ਬੁੱਧ ਰਾਮ ਜੀ ਦਾ ਮਾਈਕ ਖੋਲ੍ਹੋ ਜੀ। ਪ੍ਰਿੰਸੀਪਲ ਬੁੱਧ ਰਾਮ ਜੀ ਦਾ ਮਾਈਕ ਖੋਲ੍ਹੋ। (ਵਿਘਨ)(ਸ਼ੋਰ)

**ਸ਼੍ਰੀ ਬੁੱਧ ਰਾਮ:** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਆਪਣੇ ਇੱਥੇ ਸਕੂਲਾਂ ਵਿੱਚ ਦਿਨ ਪ੍ਰਤੀ ਦਿਨ ਬੱਚੇ ਘੱਟ ਰਹੇ ਹਨ, ਉਹ ਬੱਚੇ ਕਿਉਂ ਘੱਟ ਰਹੇ ਹਨ? ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 2009 ਤੋਂ 2010 ਤੱਕ 24,52,000 ਬੱਚੇ ਸਰਕਾਰੀ ਸਕੂਲਾਂ ਵਿੱਚ ਪੜਦੇ ਸੀ ਲੇਕਿਨ ਸਪੀਕਰ ਸਾਹਿਬ, ਜਿਹੜੀ ਸਾਲ 2018 ਤੇ 2019 ਦੀ ਫਿਗਰ ਹੈ, ਉਹ ਘੱਟ ਕੇ 23,29,000 ਹੋ ਗਈ। 1,23,000 ਬੱਚਾ ਸਰਕਾਰੀ ਸਕੂਲਾਂ ਵਿਚੋਂ ਇੱਕ ਪਾਸੇ ਚਲਿਆ ਗਿਆ ਹੈ। ਇਹ ਤਾਂ ਹੀ ਹੋਇਆ ਹੈ ਕਿਉਂ ਕਿ ਅਸੀਂ ਚੰਗੀਆਂ ਸਿੱਖਿਆ ਸਹੂਲਤਾਂ ਬਕਾਇਦਾ ਬੱਚਿਆਂ ਨੂੰ ਨਹੀਂ ਦਿੱਤੀਆਂ ਜਾ ਰਹੀਆਂ। ਅੱਜ 15000 ਈ.ਟੀ.ਟੀ.ਅਧਿਆਪਕ ਅਤੇ 50000 ਬੀ ਐਡ ਅਧਿਆਪਕ ਟੈਸਟ ਪਾਸ ਹਨ, ਉਨ੍ਹਾਂ ਦੀ ਜਿਹੜੀ ਉਮਰ ਹੈ, ਉਹ ਲੰਘਦੀ ਜਾ ਰਹੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਅਤੇ ਸਿੱਖਿਆ ਮੰਤਰੀ ਸਾਹਿਬ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਤਾਂ ਉਨ੍ਹਾਂ ਦੀ ਉਮਰ 37 ਸਾਲ ਤੋਂ 42 ਸਾਲ ਕੀਤੀ ਜਾਵੇ, ਦੂਜੀ ਜਿਹੜੀ ਬੀ.ਏ. ਦੀ ਸ਼ਰਤ ਲਗਾਈ ਗਈ ਹੈ ਜਦੋਂ ਈ.ਟੀ.ਟੀ. ਪਾਸ ਕਰਨ ਲਈ ਉਨ੍ਹਾਂ ਨੂੰ ਐਡਮਿਸ਼ਨ ਲਈ ਪਲੱਸ ਟੂ ਜੋ ਯੋਗਤਾ ਹੈ ਤਾਂ ਟੀਚਰ ਐਪੁਆਇੰਟ ਕਰਨ ਲਈ ਬੀ.ਏ. ਦੀ ਸ਼ਰਤ ਲਗਾਉਣ ਦਾ ਕੋਈ ਮਤਲਬ ਹੀ ਨਹੀਂ ਹੈ ਅਤੇ ਨਾ ਹੀ 55 ਪ੍ਰਤੀਸ਼ਤ ਵਾਲੀ

** Not recorded as ordered by the Chair.

Under Print
Not for Legal/Official use

ਸ਼ਰਤ ਲਗਾਈ ਜਾਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਦੂਜੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਜਿਥੋਂ ਅਧਿਆਪਕ ਪੈਦਾ ਹੁੰਦੇ ਹਨ ਉਹ ਡਿਸਟ੍ਰਕਿਟ ਇੰਸਟੀਚਿਊਟ..

**ਮਾਨਯੋਗ ਸਪੀਕਰ:** ਸ਼੍ਰੀ ਬੁੱਧ ਰਾਮ ਜੀ, ਤੁਸੀਂ ਇਕੋ ਹੀ ਸਵਾਲ ਕਰ ਸਕਦੇ ਹੋ। (ਵਿਘਨ)(ਸ਼ੋਰ) ਤੁਸੀਂ ਇੱਕ ਸਵਾਲ ਕਰ ਸਕਦੇ ਹੋ।

**ਸ਼੍ਰੀ ਬੁੱਧ ਰਾਮ:** ਸਰ, ਉਹੀ ਗੱਲ ਹੈ ।ਸਪੀਕਰ ਸਾਹਿਬ, ਜਿਹੜੇ ਡਾਈਟ ਸਕੂਲ ਹਨ, ਬੁਢਲਾਡੇ ਅਹਿਮਦਪੁਰ ਦੇ ਵਿੱਚ ਡਾਈਟ ਸਕੂਲ ਹੈ, ਉਥੇ 200 ਬੱਚਾ ਸਿੱਖਿਆ ਲੈ ਰਿਹਾ ਹੈ ਪਰੰਤੂ ਟੀਚਰ ਦੋ ਹਨ, ਇੱਕ ਸ਼ਰੀਰਕ ਸਿੱਖਿਆ ਅਧਿਆਪਕ ਹੈ ਤੇ ਦੂਜਾ ਡਰਾਇੰਗ ਟੀਚਰ ਹੈ। ਉਥੇ ਨਾ ਕੋਈ ਲੈਕਚਰਾਰ ਹੈ, ਨਾ ਕੋਈ ਪ੍ਰਿੰਸੀਪਲ ਹੈ। ਬੁਢਲਾਡਾ ਵਿਚ 47 ਸਾਲ ਤੋਂ ਹੈਡ ਮਾਸਟਰ ਦੀ ਪੋਸਟ ਹੈ ਲੇਕਿਨ ਉਥੇ 47 ਸਾਲ ਤੋਂ ਪ੍ਰਿੰਸੀਪਲ ਦੀ ਪੋਸਟ ਨਹੀਂ ਹੈ। ਸੋ, ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਬੁਢਲਾਡਾ ਡਾਈਟ ਵਿੱਚ ਘੱਟੋ ਘੱਟ ਪੰਜ ਲੈਕਚਰਾਰ ਹੋਣੇ ਚਾਹੀਦੇ ਹਨ । ਤੁਹਾਨੂੰ ਇੱਕ ਹੋਰ ਗੱਲ ਦੱਸੀਏ ਕਿ ਜੇ.ਬੀ.ਟੀ. ਕਰਨ ਵਾਸਤੇ ਪਲੱਸ ਟੂ ਵਿਦਿਅਕ ਯੋਗਤਾ ਹੈ ਲੇਕਿਨ ਜਿਹੜਾ ਬੁਢਲਾਡੇ ਡਾਈਟ ਵਿੱਚ ਕੰਮ ਕਰ ਰਿਹਾ ਡਰਾਇੰਗ ਮਾਸਟਰ ਹੈ, ਉਸ ਦੀ ਬੇਸਿਕ ਯੋਗਤਾ ਮੈਟ੍ਰਿਕ ਹੈ ਇਸ ਤਰ੍ਹਾਂ ਇੱਕ ਬੇਸਿਕ ਮੈਟ੍ਰਿਕ ਵਾਲੀ ਯੋਗਤਾ ਵਾਲਾ ਪਲੱਸ ਟੂ ਦੀ ਯੋਗਤਾ ਵਾਲੇ ਨੂੰ ਪੜ੍ਹਾ ਰਿਹਾ ਹੈ। ਇਹ ਬਹੁਤ ਮਾੜੀ ਗੱਲ ਹੈ। ਮੈਂ ਚਾਹੁੰਦਾ ਹਾਂ ਕਿ ਉਥੇ ਡਾਈਟ ਵਿੱਚ ਟੀਚਰ ਦਿੱਤੇ ਜਾਣ(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਸ਼੍ਰੀ ਬੁੱਧ ਰਾਮ ਜੀ, ਸਵਾਲ ਪੁੱਛੋ, ਸਵਾਲ ਪੁੱਛੋ।

**ਸ਼੍ਰੀ ਬੁੱਧ ਰਾਮ:** ਸਰ, ਮੈਂ ਇਹ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੋਸਟਾਂ ਤੁਸੀਂ ਕੱਢ ਰਹੇ ਹੋ ਉਹ ਘੱਟੋ ਘੱਟ 12000 ਪੋਸਟਾਂ ਦੀ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਵਿੱਚ ਲੋੜ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੋਸਟਾਂ ਤੁਸੀਂ ਕਦੋਂ ਕੱਢੋਗੇ, ਕੀ ਜਿਨ੍ਹਾਂ ਨੇ ਟੈਸਟ ਪਾਸ ਕੀਤੇ ਹੋਏ ਹਨ, ਉਨ੍ਹਾਂ ਦੀ ਉਮਰ ਤੁਸੀਂ ਵਧਾ ਰਹੇ ਹੋ ?(ਵਿਘਨ)(ਸ਼ੋਰ)

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਥੋਂ ਤੱਕ ਪੋਸਟਾਂ ਕੱਢਣ ਦਾ ਸਵਾਲ ਹੈ, ਐਜੂਕੇਸ਼ਨ ਵਿਭਾਗ ਨੇ ਰੈਸ਼ਨੇਲਾਈਜੇਸ਼ਨ ਦਾ ਪ੍ਰਾਸੈਸ ਖਤਮ ਕਰਨ ਤੋਂ ਬਾਅਦ ਜਿਹੜੀਆਂ ਜਿਹੜੀਆਂ ਪੋਸਟਾਂ ਦੀ ਜ਼ਰੂਰਤ ਸੀ, ਉਸ ਦੀ ਕੈਬਨਿਟ ਤੋਂ ਪ੍ਰਵਾਨਗੀ ਲੈ ਲਈ ਹੈ।ਸਾਡੀ ਕੋਸ਼ਿਸ਼ ਹੈ ਕਿ 31 ਮਾਰਚ ਤੱਕ ਉਨ੍ਹਾਂ ਪੋਸਟਾਂ ਨੂੰ ਭਰ ਦੇਈਏ ਅਤੇ ਸਾਡੇ ਪੰਜਾਬ ਦੇ ਜਿਹੜੇ ਸਰਕਾਰੀ ਸਕੂਲ ਹਨ ਉਨ੍ਹਾਂ ਵਿੱਚ ਜਿਹੜੀ ਟੀਚਰਾਂ ਦੀ ਗਿਣਤੀ ਘੱਟ ਹੈ ਉਹ ਪੂਰੀ ਕਰ ਦਿੱਤੀ ਜਾਵੇ।

Under Print
Not for Legal/Official use

**ਮਾਨਯੋਗ ਸਪੀਕਰ:** ਤੁਸੀਂ ਬੈਠ ਜਾਉ। ਸਰਦਾਰ ਬਲਦੇਵ ਸਿੰਘ ਜੀ, ਅਗਲੀ ਕਾਲ ਅਟੈਂਸ਼ਨ ਵੀ ਤੁਹਾਡੀ ਹੀ ਹੈ। ਇਸ ਲਈ ਤੁਸੀਂ ਆਪਣੀ ਅਗਲੀ ਕਾਲ ਅਟੈਨਸ਼ਨ ਪੜੋ। (ਵਿਘਨ)(ਸ਼ੋਰ) ਸਰਦਾਰ ਬਲਦੇਵ ਸਿੰਘ ਜੀ ਦਾ ਮਾਈਕ ਖੋਲ੍ਹੋ।

(ਕ੍ਰਮ ਨੰ: 3)

**ਸਰਦਾਰ ਬਲਦੇਵ ਸਿੰਘ ਕਲਿਆਣ**
**ਸਰਦਾਰ ਮਨਜੀਤ ਸਿੰਘ**
**ਸਰਦਾਰ ਕੁਲਵੰਤ ਸਿੰਘ ਪੰਡੋਰੀ** } ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹਤੱਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਰਾਜ ਦੇ ਸਰਕਾਰੀ ਹਸਪਤਾਲਾਂ ਵਿੱਚ ਪੰਜਾਬ ਸਰਕਾਰ ਵੱਲੋਂ ਮਰੀਜ਼ਾਂ ਨੂੰ ਮੁਫਤ ਦਿੱਤੀ ਜਾਂਦੀ ਦਵਾਈ ਬੰਦ ਕਰ ਦਿੱਤੀ ਗਈ ਹੈ ਜਿਸ ਨਾਲ ਕਿ ਗਰੀਬ ਮਰੀਜ਼ਾਂ ਨੂੰ ਸਰਕਾਰੀ ਹਸਪਤਾਲਾਂ ਤੋਂ ਸਿਹਤ ਸੇਵਾਵਾਂ ਲੈਣੀਆਂ ਮੁਸ਼ਕਲ ਹੋ ਗਈਆਂ ਹਨ। ਹੁਣ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਵੱਲੋਂ ਅਜਿਹੀਆਂ ਦਵਾਈਆਂ ਲਿਖੀਆਂ ਜਾਂਦੀਆਂ ਹਨ ਜੋ ਕਿ ਹਸਪਤਾਲ ਵਿੱਚ ਮੌਜੂਦ ਹੀ ਨਹੀਂ ਹੁੰਦੀਆਂ। ਇਹ ਦਾਵਾਈਆਂ ਮਰੀਜ਼ਾਂ ਨੂੰ ਪ੍ਰਾਈਵੇਟ ਸਟੋਰਾਂ ਤੋਂ ਮਹਿੰਗੇ ਭਾਅ ਤੇ ਲੈਣੀਆਂ ਪੈਂਦੀਆਂ ਹਨ। ਇਸ ਸਬੰਧੀ ਹਲਕੇ ਦੇ ਲੋਕਾਂ ਵਿੱਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ)** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਰਾਸਰ ਗਲਤ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਹਸਪਤਾਲਾਂ ਵਿੱਚ ਸਰਕਾਰ ਵਲੋਂ ਮਰੀਜ਼ਾਂ ਨੂੰ ਮੁਫਤ ਦਿੱਤੀ ਜਾਂਦੀ ਦਵਾਈ ਬੰਦ ਕਰ ਦਿੱਤੀ ਗਈ ਹੈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਅਧੀਨ ਆਉਂਦੇ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਜ਼ਰੂਰੀ ਦਵਾਈਆਂ ਦੀ ਸੂਚੀ ਅਧੀਨ ਆਉਂਦੀਆਂ ਦਵਾਈਆਂ ਅਤੇ ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ ਅਧੀਨ ਆਉਂਦੀਆਂ ਜ਼ਰੂਰੀ ਦਵਾਈਆਂ ਦੀ ਸਪਲਾਈ ਤਿੰਨ ਰੀਜ਼ਨਲ ਡਰੱਗ ਗੋਦਾਮਾਂ ਰਾਹੀਂ ਲਗਾਤਾਰ ਦਿੱਤੀ ਜਾ ਰਹੀ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੋਵੇਗਾ ਕਿ ਜਿਹੜੀਆਂ ਦਵਾਈਆਂ ਦੀ ਸਪਲਾਈ ਹਸਪਤਾਲਾਂ ਨੂੰ ਰਾਜ ਦੇ ਤਿੰਨ ਰੀਜ਼ਨਲ

Under Print
Not for Legal/Official use

ਡਰੱਗ ਗੋਦਾਮਾਂ ਵਿੱਚ ਸਟਾਕ ਘੱਟ ਹੋਣ ਕਰਕੇ ਜਾਂ ਨਾ ਹੋਣ ਕਰਕੇ ਘੱਟ ਪ੍ਰਾਪਤ ਹੁੰਦੀ ਹੈ ਜਾਂ ਨਹੀਂ ਮਿਲਦੀ, ਉਹ ਦਵਾਈਆਂ ਹਸਪਤਾਲਾਂ ਵਲੋਂ ਲੋੜ ਅਨੁਸਾਰ ਸਥਾਨਕ ਪੱਧਰ ਤੇ ਖਰੀਦ ਕਰਕੇ ਮਰੀਜ਼ਾਂ ਨੂੰ ਦਿੱਤੀਆਂ ਜਾਂਦੀਆਂ ਹਨ। ਜਿਥੋਂ ਤੱਕ ਡਾਕਟਰਾਂ ਵਲੋਂ ਉਹ ਦਵਾਈਆਂ ਜੋ ਕਿ ਹਸਪਤਾਲਾਂ ਵਿੱਚ ਮੌਜੂਦ ਨਹੀਂ ਹੁੰਦੀਆਂ ਹਨ, ਮਰੀਜ਼ਾਂ ਨੂੰ ਲਿਖਣ ਦਾ ਸਬੰਧ ਹੈ, ਇਹ ਦੱਸਿਆ ਜਾਂਦਾ ਹੈ ਕਿ ਰਾਜ ਸਰਕਾਰ ਵਲੋਂ ਵੱਖ ਵੱਖ ਕਿਸਮ ਦੀਆਂ ਦਵਾਈਆਂ ਜੋ ਕਿ ਰਾਜ ਦੀ ਜ਼ਰੂਰੀ ਦਵਾਈਆਂ ਦੀ ਸੂਚੀ ਵਿੱਚ ਸ਼ਾਮਲ ਹਨ, ਮਰੀਜ਼ਾਂ ਨੂੰ ਮੁਫਤ ਦਿੱਤੀਆਂ ਜਾਂਦੀਆਂ ਹਨ। EDL (Essential Drug List) ਤੋਂ ਇਲਾਵਾ ਜੇਕਰ ਕਿਸੇ ਤਰ੍ਹਾਂ ਦੀਆਂ ਦਵਾਈਆਂ ਦੀ ਮਰੀਜ਼ਾਂ ਨੂੰ ਉਨ੍ਹਾਂ ਦੀ ਬਿਮਾਰੀ ਅਨੁਸਾਰ ਜ਼ਰੂਰਤ ਹੁੰਦੀ ਹੈ ਤਾਂ ਡਾਕਟਰਾਂ ਨੂੰ ਸਖਤ ਹਦਾਇਤਾਂ ਹਨ ਕਿ ਮਰੀਜ਼ਾਂ ਨੂੰ ਸਿਰਫ ਜੈਨਰਿਕ ਦਵਾਈਆਂ ਹੀ ਲਿਖੀਆਂ ਜਾਣ। ਰਾਜ ਦੇ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਜਨ ਔਸ਼ਧੀ ਸਟੋਰ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਦਵਾਈਆਂ ਬਜ਼ਾਰੀ ਮੁੱਲ ਤੋਂ ਬਹੁਤ ਘੱਟ ਮੁੱਲ ਤੇ ਉਪਲਬਧ ਹੁੰਦੀਆਂ ਹਨ। ਕੋਈ ਵੀ ਮਰੀਜ਼ ਲੋੜ ਅਨੁਸਾਰ ਜਨ ਔਸ਼ਧੀ ਸਟੋਰਾਂ ਤੋਂ ਦਵਾਈਆਂ ਬਜ਼ਾਰ ਨਾਲੋਂ ਬਹੁਤ ਘੱਟ ਮੁੱਲ ਤੇ ਖਰੀਦ ਸਕਦਾ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵਲੋਂ ਮਿਤੀ 20 ਅਗਸਤ, 2019 ਨੂੰ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਲਾਗੂ ਕੀਤੀ ਗਈ ਹੈ। ਇਸ ਸਕੀਮ ਤਹਿਤ ਪ੍ਰਤੀ ਪਰਿਵਾਰ ਨੂੰ ਹਰ ਸਾਲ 5.00 ਲੱਖ ਰੁਪਏ ਤੱਕ ਦੀ ਲਾਗਤ ਦਾ ਕੈਸ਼ ਲੈਸ ਸਿਹਤ ਬੀਮੇ ਦਾ ਲਾਭ ਦਿੱਤਾ ਜਾਂਦਾ ਹੈ। ਇਸ ਸਕੀਮ ਵਿੱਚ ਪੰਜਾਬ ਰਾਜ ਦੇ 45.59 ਲੱਖ ਲਾਭਪਾਤਰੀ ਪਰਿਵਾਰ ਸ਼ਾਮਲ ਹਨ। ਜਿਸ ਨਾਲ ਰਾਜ ਦੀ 75% ਅਬਾਦੀ ਕਵਰ ਹੁੰਦੀ ਹੈ। ਹੁਣ ਤੱਕ 1.57 ਲੱਖ ਮਰੀਜਾਂ ਵਲੋਂ ਇਸ ਸਕੀਮ ਅਧੀਨ 181.55 ਕਰੋੜ ਦੀ ਲਾਗਤ ਦੇ ਇਲਾਜ ਦਾ ਲਾਭ ਲਿਆ ਜਾ ਚੁੱਕਾ ਹੈ। ਇਸ ਸਕੀਮ ਅਧੀਨ ਕੁੱਲ 692 ਹਸਪਤਾਲ, ਜਿਨ੍ਹਾਂ ਵਿੱਚ 207 ਸਰਕਾਰੀ ਹਸਪਤਾਲ ਅਤੇ 485 ਪ੍ਰਾਈਵੇਟ ਹਸਪਤਾਲ ਮਰੀਜ਼ਾਂ ਨੂੰ ਇਲਾਜ ਪ੍ਰਦਾਨ ਕਰਨ ਵਾਸਤੇ ਇੰਮਪੈਨਲ ਕੀਤੇ ਗਏ ਹਨ। ਪੰਜਾਬ ਸਰਕਾਰ ਸਾਰੇ ਪੰਜਾਬੀ ਵਾਸੀਆਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਵਚਨਬੱਧ ਹੈ।(ਵਿਘਨ, ਸ਼ੋਰ...) ਇਸ ਤੋਂ ਇਲਾਵਾ ਮੈਂ ਆਪਣੇ ਸਾਥੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਪੂਰੇ ਪੰਜਾਬ ਦਾ ਦੌਰਾ ਕੀਤਾ ਹੈ, ਕਈ ਹਸਪਤਾਲਾਂ ਵਿੱਚ ਜਾ ਕੇ ਮਰੀਜ਼ਾਂ ਨੂੰ ਪੁੱਛਿਆ ਹੈ ਕਿ ਉਂਗਲ ਖੜ੍ਹੀ ਕਰਕੇ ਕਹੋ ਕਿ ਦਵਾਈ ਨਹੀਂ ਮਿਲਦੀ ਪਰ ਕਿਸੇ ਨੇ ਅੱਜ ਤੱਕ ਇਹ ਨਹੀਂ ਕਿਹਾ। ਉਹ ਬੜੇ satisfied ਹਨ, ਸੰਤੁਸ਼ਟ ਹਨ। ਇਸ ਗੱਲ ਦੀ ਪੁਸ਼ਟੀ ਸਰਕਾਰ ਕੁਲਤਾਰ ਸਿੰਘ ਸੰਧਵਾਂ ਜੀ ਨੇ ਵੀ ਕੀਤੀ ਹੈ। ਧੰਨਵਾਦ। (ਵਿਘਨ, ਸ਼ੋਰ...)

**ਸਰਦਾਰ ਮਨਜੀਤ ਸਿੰਘ** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਇਸ ਸਬੰਧੀ ਬੋਲਣ ਦਾ ਮੌਕਾ ਦਿੱਤਾ ਹੈ। ਮੰਤਰੀ ਸਾਹਿਬ ਨੇ ਬੜੇ ਅੰਕੜਿਆਂ ਤਹਿਤ ਜਵਾਬ ਦਿੱਤੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਪਤਾ ਨਹੀਂ ਕਿਹੜੇ ਹਸਪਤਾਲ ਵਿੱਚ ਗਏ ਹਨ ਜਾਂ ਫੇਰ ਆਪਣੇ ਮੁਲਾਜ਼ਮਾਂ ਨੂੰ ਦੱਸ ਕੇ ਗਏ

ਹਨ ਕਿ ਮੈਂ ਅੱਜ ਦੌਰਾ ਕਰਨ ਆਉਣਾ ਹੈ। ਅਸਲ ਹਾਲਾਤ ਇਹ ਹਨ ਕਿ ਪੰਜਾਬ ਦੇ ਲੋਕ ਇਲਾਜ ਖੁਣੋਂ ਮਰ ਰਹੇ ਹਨ। ਮੇਰੇ ਕੋਲ ਕੁਝ ਅੰਕੜੇ ਹਨ। (ਵਿਘਨ, ਸ਼ੋਰ...)

**ਮਾਨਯੋਗ ਸਪੀਕਰ** : ਸਵਾਲ ਕਰੋ, ਤੁਸੀਂ ਅੰਕੜੇ ਨਹੀਂ ਪੜ੍ਹ ਸਕਦੇ।(ਵਿਘਨ, ਸ਼ੋਰ) ਤੁਸੀਂ ਸਵਾਲ ਪੁੱਛੋ।

**ਸਰਦਾਰ ਮਨਜੀਤ ਸਿੰਘ** : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਪੰਜਾਬ ਦੇ ਬਹੁਤ ਸਾਰੇ ਹਸਪਤਾਲਾਂ ਵਿੱਚ ਡਾਕਟਰ ਨਹੀਂ ਹਨ। ਜੇਕਰ ਡਾਕਟਰ ਹਨ ਤਾਂ ਸਟਾਫ ਨਹੀਂ ਹੈ ਅਤੇ ਜੇਕਰ ਸਟਾਫ ਹੈ ਤਾਂ ਦਵਾਈਆਂ ਨਹੀਂ ਹਨ। ਇਥੋਂ ਤੱਕ ਕਿ ਸਫਾਈ ਸੇਵਕ ਅਤੇ ਰਾਤ ਨੂੰ ਪਹਿਰਾ ਦੇਣ ਵਾਲੇ ਕਰਮਚਾਰੀ ਵੀ ਨਹੀਂ ਹਨ। ਮੇਰਾ ਸਵਾਲ ਇਹ ਹੈ ਕਿ ਸਾਰੇ ਪੰਜਾਬ ਵਿੱਚ ਕਦੋਂ ਤੱਕ ਡਾਕਟਰ, ਸਟਾਫ, ਸਫਾਈ ਸੇਵਕ ਅਤੇ ਦੂਜੇ ਕਰਮਚਾਰੀਆਂ ਦੀ ਭਰਤੀ ਕੀਤੀ ਜਾਵੇਗੀ?

**ਮਾਨਯੋਗ ਸਪੀਕਰ** : ਸਿੱਧੂ ਸਾਹਿਬ, ਡਾਕਟਰ ਕਦੋਂ ਪੂਰੇ ਹੋਣਗੇ? ਸਟਾਫ ਕਦੋਂ ਪੂਰਾ ਹੋਵੇਗਾ?(ਵਿਘਨ, ਸ਼ੋਰ...)

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਧਿਆਨ ਦਿਵਾਊ ਮਤਾ ਹੈ, ਇਸ ਵਿੱਚ ਡਾਕਟਰਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। (ਵਿਘਨ, ਸ਼ੋਰ...)

**ਮਾਨਯੋਗ ਸਪੀਕਰ** : ਹਾਂ ਜੀ।

**ਮੰਤਰੀ** : ਪਰ ਮੈਂ ਇਨ੍ਹਾਂ ਨੂੰ ਇਕ ਗੱਲ ਦੀ ਗਰੰਟੀ ਕਰਦਾ ਹਾਂ ਕਿ ਸਰਕਾਰ ਪੂਰੇ ਸਿਸਟਮ ਨਾਲ ਲੱਗੀ ਹੋਈ ਹੈ ਅਤੇ walk in interview ਤਕਰੀਬਨ 24 ਘੰਟੇ ਚਲਦੀ ਰਹਿੰਦੀ ਹੈ। ਜਿਹੜੇ ਡਾਕਟਰ ਸਾਨੂੰ ਮਿਲਦੇ ਹਨ ਉਹ ਅਸੀਂ ਅਪੁਆਇੰਟ ਕਰਦੇ ਜਾ ਰਹੇ ਹਾਂ। (ਵਿਘਨ, ਸ਼ੋਰ...)

**ਮਾਨਯੋਗ ਸਪੀਕਰ** : ਧੰਨਵਾਦ ਜੀ। ਬੈਠ ਜਾਓ। (ਵਿਘਨ, ਸ਼ੋਰ...)

## SHORT ADJOURNMENT OF THE HOUSE AGAIN

**ਮਾਨਯੋਗ ਸਪੀਕਰ:** ਮਾਨਯੋਗ ਮੈਂਬਰਾਂ ਵਾਸਤੇ ਦੁਪਹਿਰ ਦੇ ਖਾਣੇ ਲਈ ਸਦਨ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

***1.35 ਵਜੇ ਬਾਅਦ ਦੁਪਹਿਰ** **(ਇਸ ਉਪਰੰਤ ਸਦਨ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ)**

---

Under Print
Not for Legal/Official use

***2.30 ਵਜੇ ਬਾਅਦ ਦੁਪਹਿਰ** **(*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ)**

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ** : ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ-

ਆਰਜ਼ੀ ਮਿਤੀਵਾਰ ਪ੍ਰੋਗਰਾਮ ਤੇ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ, ਕਮੇਟੀ ਨੇ ਸਿਫਾਰਸ਼ ਕੀਤੀ ਕਿ ਮਿਤੀ 21 ਫਰਵਰੀ, 2020 ਤੋਂ ਮਿਤੀ 4 ਮਾਰਚ, 2020 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਿਤ ਕੰਮ-ਕਾਰ ਕੀਤਾ ਜਾਵੇਗਾ :

| | | |
|---|---|---|
| ਸ਼ੁੱਕਰਵਾਰ, 21 ਫਰਵਰੀ, 2020<br>ਸ਼ਨਿਚਰਵਾਰ, 22 ਫਰਵਰੀ, 2020<br>ਐਤਵਾਰ, 23 ਫਰਵਰੀ, 2020 } | | ਛੁੱਟੀਆਂ |
| ਸੋਮਵਾਰ, 24 ਫਰਵਰੀ, 2020<br>(02.00 ਵਜੇ ਬਾਅਦ ਦੁਪਹਿਰ) | | ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਰਾਜਪਾਲ ਦੇ ਭਾਸ਼ਣ 'ਤੇ ਬਹਿਸ। |
| ਮੰਗਲਵਾਰ, 25 ਫਰਵਰੀ, 2020<br>(10.00 ਵਜੇ ਸਵੇਰੇ ) | | ਰਾਜਪਾਲ ਦੇ ਭਾਸ਼ਣ 'ਤੇ ਬਹਿਸ ਮੁੜ ਆਰੰਭ ਕਰਨਾ। |
| ਬੁੱਧਵਾਰ, 26 ਫਰਵਰੀ, 2020 ,<br>(10.00 ਵਜੇ ਸਵੇਰੇ ) | 1. | ਸਾਲ 2017-18 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ ਅਤੇ ਵਪਾਰਕ) ਅਤੇ ਸਾਲ 2018-19 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ ਅਤੇ ਸਾਲ 2018-19 ਲਈ ਨਮਿੱਤਣ ਲੇਖੇ; |
| | 2. | ਸਾਲ 2019-20 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਾ ; |
| | 3. | ਸਾਲ 2019-20 ਲਈ ਗ੍ਰਾਂਟਾਂ ਲਈ ਅਨੁਪੂਰਕ ਅਨੁਮਾਨਾਂ, ਮੰਗਾਂ ਤੇ ਨਮਿੱਤਣ ਬਿਲ ; |
| | 4. | ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ<br>(ਸਮਾਪਤ ਕੀਤੀ ਜਾਵੇਗੀ) |

Under Print
Not for Legal/Official use

| | | |
|---|---|---|
| ਵੀਰਵਾਰ, 27 ਫਰਵਰੀ, 2020<br>(10.00 ਵਜੇ ਸਵੇਰੇ) | | ਗੈਰ ਸਰਕਾਰੀ ਕੰਮ-ਕਾਰ। |
| ਸ਼ੁੱਕਰਵਾਰ 28 ਫਰਵਰੀ, 2020<br>(10: 00 ਵਜੇ ਸਵੇਰੇ) | | ਸਾਲ 2020-21 ਲਈ ਬਜਟ ਅਨੁਮਾਨਾਂ ਨੂੰ ਪੇਸ਼ ਕਰਨਾ। |
| ਸ਼ਨਿਚਰਵਾਰ, 29 ਫਰਵਰੀ, 2020<br>ਐਤਵਾਰ, 1 ਮਾਰਚ, 2020 } | | ਛੁੱਟੀਆਂ |
| ਸੋਮਵਾਰ, 2 ਮਾਰਚ, 2020<br>(02.00 ਵਜੇ ਬਾਅਦ ਦੁਪਹਿਰ) | | ਸਾਲ 2020-21 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ। |
| ਮੰਗਲਵਾਰ, 3 ਮਾਰਚ, 2020<br>(10.00 ਵਜੇ ਸਵੇਰੇ) | | ਸਾਲ 2020-21 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ।<br>(ਸਮਾਪਤ ਕੀਤੀ ਜਾਵੇਗੀ) |
| ਬੁੱਧਵਾਰ, 4 ਮਾਰਚ, 2020<br>(10.00 ਵਜੇ ਸਵੇਰੇ) | 1. | ਸਾਲ 2020-21 ਲਈ ਬਜਟ ਅਨੁਮਾਨਾਂ ਦੇ ਸਬੰਧ ਵਿੱਚ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ; |
| | 2. | ਸਾਲ 2020-21 ਲਈ ਬਜਟ ਅਨੁਮਾਨਾਂ ਦੇ ਸਬੰਧ ਵਿੱਚ ਨਮਿੱਤਣ ਬਿਲ ; |
| | 3. | ਸਾਲ 2020-21 ਲਈ ਪੰਜਾਬ ਵਿਧਾਨ ਸਭਾ ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ ; |
| | 4. | ਵਿਧਾਨਕ ਕੰਮ-ਕਾਰ ; |
| | 5. | ਸਦਨ ਨੂੰ ਅਣਮਿਥੇ ਸਮੇਂ ਲਈ ਸਥਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

**ਮਾਨਯੋਗ ਸਪੀਕਰ** : ਵਿੱਤ ਮੰਤਰੀ ਜੀ ਪ੍ਰਸਤਾਵ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਮੁਤਫਿਕ/ਸਹਿਮਤ ਹੈ।"

Under Print
Not for Legal/Official use

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਮੁਤਫਿਕ/ਸਹਿਮਤ ਹੈ।"

ਬਹਿਸ, ਜੇਕਰ ਕੋਈ ਹੋਵੇ? ਹਾਂ ਜੀ, ਸੰਧਵਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ):** ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਲਈ ਪੰਜਾਬ ਵਿਧਾਨ ਸਭਾ ਵਿਚ ਚਰਚਾ ਹੋਣੀ ਬਹੁਤ ਜ਼ਰੂਰੀ ਹੈ। ਮੈਂ ਤਸੱਲੀ ਪ੍ਰਗਟ ਕਰਦਾ ਹਾਂ ਕਿ ਬੀ.ਏ.ਸੀ. ਕਮੇਟੀ ਨੇ ਠੀਕ ਟੌਪਿਕ ਚੁਣੇ ਹਨ ਲੇਕਿਨ ਅੱਜ ਇਕ ਬੜਾ ਭਿਆਨਕ ਵਰਤਾਰਾ ਵਰਤਣ ਜਾ ਰਿਹਾ ਹੈ ਕਿ ਐਮ.ਐਸ.ਪੀ. ਨੂੰ forego ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਜਿਸ ਨਾਲ ਸਾਡੇ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਜਿਹੜੇ ਪਹਿਲਾਂ ਹੀ ਮਰ ਰਹੇ ਹਨ, ਉਹ ਸ਼ਮਸ਼ਾਨ ਵਿਚ ਬਦਲ ਜਾਣਗੇ। ਇਸ ਲਈ ਬਹੁਤ ਜ਼ਰੂਰੀ ਹੈ ਕਿ ਦੋ ਦਿਨ ਦਾ ਸੈਸ਼ਨ ਐਗਰੀਕਲਚਰ ਔਰ ਐਮ.ਐਸ.ਪੀ. ਨੂੰ ਡਿਸਕਸ ਕਰਨ ਲਈ ਰੱਖਿਆ ਜਾਵੇ ਅਤੇ ਇਸ ਵਾਸਤੇ ਕੋਈ ਮਤਾ ਵੀ ਲਿਆਂਦਾ ਜਾਵੇ।

**ਮਾਨਯੋਗ ਸਪੀਕਰ:** ਤੁਸੀਂ ਇਹ ਸਾਰਾ ਕੁਝ ਡਿਸਕਸ ਕਰ ਲੈਣਾ ਪਰ ਇਹ ਜਿਹੜੀ ਰਿਪੋਰਟ ਅਸੀਂ ਪੇਸ਼ ਕੀਤੀ ਹੈ, ਇਸ ਵਿਚ ਚੀਮਾ ਸਾਹਿਬ ਦੀ ਵੀ ਸਹਿਮਤੀ ਹੈ, ਇਹ ਸਰਬਸੰਮਤੀ ਨਾਲ ਪੇਸ਼ ਹੋਈ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਕੋਈ ਕਮੀ ਰਹਿ ਗਈ ਹੋਣੀ ਹੈ। ਚੀਮਾ ਸਾਹਿਬ, ਖੁਦ ਬੋਲ ਦੇਣਗੇ।

**ਮਾਨਯੋਗ ਸਪੀਕਰ:** ਇਹ ਸਰਬਸੰਮਤੀ ਨਾਲ ਹੋਈ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਨੂੰ ਸ਼ਾਮਲ ਕਰ ਲਓ, ਇਹ ਬਹੁਤ ਜ਼ਰੂਰੀ ਹੈ।

**ਮਾਨਯੋਗ ਸਪੀਕਰ:** ਇਹ ਸਾਰੇ ਮਸਲੇ ਆਉਣ ਵਾਲੇ ਦਿਨਾਂ ਵਿਚ ਵਿਚਾਰੇ ਜਾਣਗੇ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਬਿਲਕੁਲ ਜੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

Under Print
Not for Legal/Official use

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

*ਪ੍ਰਸਤਾਵ ਪ੍ਰਵਾਨ ਹੋਇਆ।*

---

## PRESENTATION OF REPORT OF THE COMMITTEE

**ਮਾਨਯੋਗ ਸਪੀਕਰ :** ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਮੈਂਬਰ, ਵਿਸ਼ੇਸ਼ ਅਧਿਕਾਰ ਕਮੇਟੀ ਦੀ ਪੰਜਵੀਂ, ਛੇਵੀਂ ਅਤੇ ਸੱਤਵੀਂ ਅੰਤਰਿਮ ਰਿਪੋਰਟ ਪੇਸ਼ ਕਰਨ।

**ਮੈਂਬਰ, ਵਿਸ਼ੇਸ਼ ਅਧਿਕਾਰ ਕਮੇਟੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ):** ਸ਼੍ਰੀਮਾਨ ਜੀ, ਮੈਂ

1. ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਿਰੁੱਧ;

2. ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ;

3. ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ;

4. ਸਰਦਾਰ ਕੁਲਬੀਰ ਸਿੰਘ ਜੀਰਾ, ਐਮ.ਐਲ.ਏ. ਵੱਲੋਂ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਵਿਰੁੱਧ ਅਤੇ

5. ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਵੱਲੋਂ ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਵਿਰੁੱਧ ਸਦਨ ਵਿਚ ਉਠਾਏ ਗਏ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਸਬੰਧੀ ਮਾਮਲਿਆਂ ਤੇ ਪੰਜਵੀਂ, ਛੇਵੀਂ ਅਤੇ ਸੱਤਵੀਂ ਮੁੱਢਲੀਆਂ ਰਿਪੋਰਟਾਂ ਪੇਸ਼ ਕਰਦਾ ਹਾਂ।

## RESOLUTION REGARDING RECOMMENDATION TO THE STATE GOVERNMENT TO PREPARE A MASTER PLAN TO BUILD SUFFICIENT

Under Print
Not for Legal/Official use

**AND SAFE BUILDINGS FOR GOVERNMENT PRIMARY AND ELEMENTARY SCHOOLS IN THE STATE AND SANCTION SPECIAL FUNDS FOR THIS PURPOSE AND ALSO ROPES IN THE INTERESTED NRIs IN THIS SOCIAL PROJECT**

**ਮਾਨਯੋਗ ਸਪੀਕਰ:** ਅਗਲੀ ਆਈਟਮ, ਮਤੇ। ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ. ਮਤਾ ਪੇਸ਼ ਕਰਨ।

**ਸਰਦਾਰ ਹਰਦਿਆਲ ਸਿੰਘ ਕੰਬੋਜ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿਚ ਸਰਕਾਰੀ ਪ੍ਰਾਇਮਰੀ ਅਤੇ ਐਲੀਮੈਂਟਰੀ ਸਕੂਲਾਂ ਲਈ ਲੋੜੀਂਦੀਆਂ ਅਤੇ ਸੁਰੱਖਿਅਤ ਇਮਾਰਤਾਂ ਵਾਸਤੇ ਮਾਸਟਰ ਪਲਾਨ ਤਿਆਰ ਕਰਕੇ ਇਸ ਲਈ ਵਿਸ਼ੇਸ਼ ਫੰਡ ਮੁਹੱਈਆ ਕੀਤੇ ਜਾਣ ਅਤੇ ਇਸ ਸੋਸ਼ਲ ਪ੍ਰਾਜੈਕਟ ਲਈ ਦਿਲਚਸਪੀ ਰੱਖਣ ਵਾਲੇ ਪਰਵਾਸੀ ਭਾਰਤੀਆਂ ਦਾ ਸਹਿਯੋਗ ਵੀ ਲਿਆ ਜਾਵੇ।"

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿਚ ਸਰਕਾਰੀ ਪ੍ਰਾਇਮਰੀ ਅਤੇ ਐਲੀਮੈਂਟਰੀ ਸਕੂਲਾਂ ਲਈ ਲੋੜੀਂਦੀਆਂ ਅਤੇ ਸੁਰੱਖਿਅਤ ਇਮਾਰਤਾਂ ਵਾਸਤੇ ਮਾਸਟਰ ਪਲਾਨ ਤਿਆਰ ਕਰਕੇ ਇਸ ਲਈ ਵਿਸ਼ੇਸ਼ ਫੰਡ ਮੁਹੱਈਆ ਕੀਤੇ ਜਾਣ ਅਤੇ ਇਸ ਸੋਸ਼ਲ ਪ੍ਰਾਜੈਕਟ ਲਈ ਦਿਲਚਸਪੀ ਰੱਖਣ ਵਾਲੇ ਪਰਵਾਸੀ ਭਾਰਤੀਆਂ ਦਾ ਸਹਿਯੋਗ ਵੀ ਲਿਆ ਜਾਵੇ।"

**ਮਾਨਯੋਗ ਸਪੀਕਰ :** ਹਾਂ ਜੀ, ਕੰਬੋਜ ਸਾਹਿਬ।

**ਸਰਦਾਰ ਹਰਦਿਆਲ ਸਿੰਘ ਕੰਬੋਜ (ਰਾਜਪੁਰਾ):** ਸਪੀਕਰ ਸਾਹਿਬ, ਮੈਂ ਅੱਜ ਸਦਨ ਦੇ ਵਿਚ ਬਹੁਤ ਹੀ ਇਤਿਹਾਸਕ ਮਤਾ, ਜੋ ਕਿ ਮੇਰੇ ਵੱਲੋਂ ਪੇਸ਼ ਕੀਤਾ ਗਿਆ ਹੈ, ਲੈ ਕੇ ਆਇਆ ਹਾਂ ਅਤੇ ਇਹ ਐਸਾ ਮਤਾ ਹੈ ਜੋ ਹਿੰਦੁਸਤਾਨ ਦੇ ਭਵਿੱਖ, ਪੰਜਾਬ ਦੇ ਭਵਿੱਖ ਅਤੇ ਸਾਡੇ ਬੱਚਿਆਂ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ। ਸਾਡੇ ਬੱਚੇ ਸਾਡਾ ਸਰਮਾਇਆ ਹਨ। ਇਨ੍ਹਾਂ ਦੀ ਬਦੌਲਤ ਹੀ ਅਸੀਂ ਇਕ ਚੰਗੇ ਸਮਾਜ ਦੀ ਸਿਰਜਣਾ ਕਰਨੀ ਹੈ। ਇਨ੍ਹਾਂ ਬੱਚਿਆਂ ਨੂੰ ਅੱਛੀ ਸਿੱਖਿਆ ਦੇਣੀ, ਅੱਛੇ ਤਰੀਕੇ ਨਾਲ ਬੋਲਣਾ ਸਿਖਾਉਣਾ, ਅੱਛੇ ਤਰੀਕੇ ਨਾਲ ਰਹਿਣਾ ਸਿਖਾਉਣਾ, ਮਿੱਤਰਤਾ, ਵੱਡਿਆਂ ਦਾ ਆਦਰ ਕਰਨਾ ਸਿਖਾਉਣਾ ਸਾਡੀ ਡਿਊਟੀ ਹੈ। ਇਹ ਸਭ ਕੁੱਝ ਤਾਂ ਹੀ

ਸੰਭਵ ਹੈ ਜੇਕਰ ਅਸੀਂ ਇਨ੍ਹਾਂ ਨੂੰ ਅੱਛੀ ਸਿੱਖਿਆ ਦੇਵਾਂਗੇ। ਪੁਰਾਣੇ ਸਮੇਂ ਅੰਦਰ ਵੱਡੇ ਸਕੂਲ ਜਾਂ ਕੋਈ ਸਿੱਖਿਆ ਸੰਸਥਾਨ ਨਹੀਂ ਸੀ ਹੋਇਆ ਕਰਦੇ। ਉਸ ਸਮੇਂ ਗੁਰੂਕੁਲ ਹੋਇਆ ਕਰਦੇ ਸੀ, ਜਿਥੇ ਵੱਡੇ ਪਰਿਵਾਰਾਂ ਦੇ ਬੱਚੇ ਜਾ ਕੇ ਸਿੱਖਿਆ ਹਾਸਲ ਕਰਦੇ ਸੀ। ਗੁਰੂਕੁਲ ਦੇ ਵਿੱਚ ਜਾ ਕੇ ਆਪਣੇ ਗੁਰੂ ਦੇ ਕੋਲੋਂ ਬੋਲਣ ਦਾ ਕਿਵੇਂ ਬਲ ਹੈ, ਉਹ ਸਿੱਖਣਾ, ਕਿਵੇਂ ਰਹਿਣਾ ਹੈ, ਉਹ ਸਿੱਖਣਾ, ਕਿਵੇਂ ਵੱਡਿਆਂ ਦੀ ਇੱਜ਼ਤ ਕਰਨੀ ਹੈ, ਕਿਵੇਂ ਬੱਚਿਆਂ ਨਾਲ ਪੇਸ਼ ਆਉਣਾ ਹੈ, ਕਿਵੇਂ ਦੋਸਤੀ ਨਿਭਾਉਣੀ ਹੈ, ਇਹ ਸਾਰਾ ਕੁਝ ਗੁਰੂਕੁਲ ਦੇ ਵਿੱਚ ਸਿਖਾਇਆ ਜਾਂਦਾ ਸੀ ਅਤੇ ਗੁਰੂ ਨੂੰ ਰੱਬ ਤੋਂ ਬਾਅਦ ਦਾ ਦਰਜਾ ਦਿੱਤਾ ਗਿਆ ਸੀ। ਸਾਡਾ ਇਤਿਹਾਸ ਬੜਾ ਨਿੱਗਰ ਅਤੇ ਨਰੋਆ ਹੈ। ਇਸ ਇਤਿਹਾਸ ਵਿੱਚ ਜਦੋਂ ਅਸੀਂ ਪਿਛੋਕੜ ਦੇ ਵਿੱਚ ਛਾਤ ਮਾਰਦੇ ਹਾਂ ਤਾਂ ਸਾਡੇ ਜਿੰਨੇ ਵੀ ਗੁਰੂ ਸਾਹਿਬਾਨ ਹੋਏ ਹਨ, ਵੱਡੇ ਵਡੇਰੇ ਹੋਏ ਹਨ, ਉਨ੍ਹਾਂ ਨੇ ਵੀ ਗੁਰੂਕੁੱਲ ਤੋਂ ਜਾ ਕੇ ਸਿੱਖਿਆ ਪ੍ਰਾਪਤ ਕੀਤੀ ਸੀ। ਸ਼੍ਰੀ ਰਾਮ ਚੰਦਰ ਜੀ ਅਤੇ ਉਨ੍ਹਾਂ ਦੇ ਸਾਰੇ ਭਰਾਤਾ ਵੀ ਗੁਰੂਕੁਲ ਵਿੱਚ ਗਏ। ਕ੍ਰਿਸ਼ਨ ਅਤੇ ਸੁਦਾਮਾ ਦੀ ਜਿਹੜੀ ਦੋਸਤੀ ਹੈ,ਉਹ ਪੂਰੇ ਸੰਸਾਰ ਦੇ ਅੰਦਰ ਮਿੱਤਰਤਾ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਨੇ ਵੀ ਗੁਰੂਕੁਲ ਦੇ ਵਿੱਚ ਸਿੱਖਿਆ ਹਾਸਲ ਕੀਤੀ ਹੈ। ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਇਸ ਧਰਤੀ ਉੱਤੇ ਵੀ ਜੋ ਸਾਡੇ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਨੇ ਵੀ ਸਿੱਖਿਆ ਲਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਨੇ ਵੀ ਉਨ੍ਹਾਂ ਨੂੰ ਪਾਂਧੇ ਦੇ ਕੋਲ ਪੜ੍ਹਨ ਭੇਜਿਆ ਸੀ, ਮੌਲਵੀ ਦੇ ਕੋਲ ਵੀ ਪੜ੍ਹਨ ਲਈ ਭੇਜਿਆ ਸੀ। ਇਹ ਇੱਕ ਬਹੁਤ ਹੀ ਚੰਗੇ ਇਤਿਹਾਸ ਦੀ ਇੱਕ ਨਿਸ਼ਾਨੀ ਹੈ ਕਿ ਖਡੂਰ ਸਾਹਿਬ, ਜਿਹੜਾ ਸਾਡਾ ਹਿਸਟੌਰੀਕਲ ਪਲੇਸ ਹੈ,ਉਸ ਧਰਤੀ ਦੇ ਉੱਤੇ ਬਾਬਾ ਬੁੱਢਾ ਜੀ ਨੇ ਤਿੰਨ ਸਿੱਖਿਆ ਦੇ ਸੰਸਥਾਨ ਬਣਾਏ। ਉਸ ਸਮੇਂ ਦੇ ਅੰਦਰ ਬੱਚਿਆਂ ਨੂੰ ਉਥੇ ਸਿੱਖਿਆ ਦਿੱਤੀ ਜਾਂਦੀ ਸੀ। ਜਿੱਥੋਂ ਤੱਕ ਅੱਜ ਦੀ ਮੈਂ ਗੱਲ ਕਰਾਂ ਅਤੇ ਪੁਰਾਣੇ ਸਮੇਂ ਦੀ ਗੱਲ ਕਰਾਂ ਤਾਂ ਪੁਰਾਣੇ ਸਮੇਂ ਵਿੱਚ ਬਰਾਬਰਤਾ ਹੋਇਆ ਕਰਦੀ ਸੀ ਪਰ ਅੱਜ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ ਬੜਾ ਵੱਡਾ ਗੈਪ ਪਿਆ ਹੋਇਆ ਹੈ। ਜਦੋਂ ਪ੍ਰਾਈਵੇਟ ਸਕੂਲਾਂ ਵਿੱਚ ਅਸੀਂ ਜਾਂਦੇ ਹਾਂ ਉਥੇ ਦੇਖਦੇ ਹਾਂ ਕਿ ਪ੍ਰਾਈਵੇਟ ਸਕੂਲਾਂ ਵਿੱਚ ਬਹੁਤ ਜ਼ਿਆਦਾ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਚਾਹੇ ਉਹ ਇੰਟਰਨੈਟ ਦੀ ਸਹੂਲਤ ਹੈ, ਚਾਹੇ ਉਹ ਵਾਈ-ਫਾਈ ਦੀ ਸਹੂਲਤ ਹੈ, ਬੈਠਣ ਲਈ ਵਧੀਆ ਫਰਨੀਚਰ ਦੀ ਸਹੂਲਤ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ 70 ਸਾਲ ਦੇਸ਼ ਨੂੰ ਅਜ਼ਾਦ ਹੋਇਆਂ ਨੂੰ ਹੋ ਗਏ ਹਨ, ਚਾਹੇ ਕਿੰਨੀਆਂ ਸਰਕਾਰਾਂ ਆਈਆਂ, ਕਿੰਨੀਆਂ

Under Print
Not for Legal/Official use

ਗਈਆਂ, ਕੋਸ਼ਿਸ਼ਾਂ ਬੜੀਆਂ ਕੀਤੀਆਂ ਗਈਆਂ ਪਰ ਜੋ ਸੁਧਾਰ ਸਿੱਖਿਆ ਦੇ ਖੇਤਰ ਵਿੱਚ ਹੋਣੇ ਚਾਹੀਦੇ ਸੀ, ਉਹ ਨਹੀਂ ਹੋ ਪਾਏ। ਅਸੀਂ ਜਿਹੜੇ elected representative ਹਾਂ, ਜਦੋਂ ਅਸੀਂ ਪਿੰਡਾਂ ਜਾਂ ਸ਼ਹਿਰਾਂ ਦੇ ਵਿੱਚ ਜਾਂਦੇ ਹਾਂ, ਸਭ ਤੋਂ ਵੱਧ ਜਿਹੜੀ ਮੰਗ ਹੈ, ਉਹ ਸਰਕਾਰੀ ਸਕੂਲਾਂ ਦੀਆਂ ਬਿਲਡਿੰਗਾਂ ਦੀ ਹੈ ਜਾਂ ਬੱਚਿਆਂ ਦੇ ਬੈਠਣ ਲਈ ਵਧੀਆ ਸਹੂਲਤ ਦੇਣ ਲਈ ਕੀਤੀ ਜਾਂਦੀ ਹੈ। ਵੱਧ ਤੋਂ ਵੱਧ ਜਾਂ ਇਹ ਕਹਿ ਲਓ ਮੁੱਖ ਮੰਗ ਐਜੂਕੇਸ਼ਨ ਦੇ ਵਿੱਚ ਸਹੂਲਤਾਂ ਦੇਣ ਲਈ ਕੀਤੀ ਜਾਂਦੀ ਹੈ। ਪਿਛਲੇ ਸਮੇਂ ਦੌਰਾਨ ਕਾਫੀ ਕੋਸ਼ਿਸ਼ਾਂ ਵੀ ਹੋਈਆਂ ਪਰ ਸਾਨੂੰ ਉਹ ਕੋਸ਼ਿਸ਼ਾਂ ਪੂਰੀਆਂ ਨਹੀਂ ਲੱਗ ਰਹੀਆਂ ਹਨ, ਉਨ੍ਹਾਂ ਨੂੰ ਬੂਰ ਨਹੀਂ ਪਿਆ ਹੈ। ਸਮੇਂ ਸਮੇਂ ਦੀਆਂ ਸਰਕਾਰਾਂ ਨੇ ਕੁਝ ਕੀਤਾ ਜਾਂ ਨਹੀਂ ਕੀਤਾ ਪਰ ਮੈਂ ਇੰਨਾਂ ਜ਼ਰੂਰ ਕਹਾਂਗਾ ਕਿ ਪਿਛਲੇ ਦਸਾਂ ਵਰ੍ਹਿਆਂ ਦੇ ਵਿੱਚ ਸਿੱਖਿਆ ਦੇ ਖੇਤਰ ਵਿੱਚ ਪਿੱਛੇ ਗਿਰਾਵਟ ਆਈ ਸੀ, ਪਿਛਲੀਆਂ ਸਰਕਾਰਾਂ ਦੇ ਸਮੇਂ ਦੇ ਵਿੱਚ, ਉਨ੍ਹਾਂ ਨੇ ਜਿਹੜੀਆਂ ਬਿਲਡਿੰਗਾਂ ਸੀ, ਅਨਸੇਫ ਤਾਂ ਡਿਕਲੇਅਰ ਕਰ ਦਿੱਤੀਆਂ ਪਰ ਕਿਸੇ ਨੂੰ ਪੈਸਾ ਦੇਣ ਦੀ ਖੇਚਲ ਨਹੀਂ ਕੀਤੀ ਤਾਂਕਿ ਉਨ੍ਹਾਂ ਨੂੰ ਠੀਕ ਕਰਵਾਇਆ ਜਾ ਸਕੇ । ਅੱਜ ਸਕੂਲਾਂ ਦੀਆਂ ਚਾਰ ਦੀਵਾਰੀਆਂ ਵੀ ਜਿਹੜੀਆਂ ਹਨ, ਉਹ ਵੀ ਡਿੱਗੀਆਂ ਪਈਆਂ ਹਨ, ਉਨ੍ਹਾਂ ਦੇ ਕਮਰਿਆਂ ਦੀਆਂ ਛੱਤਾਂ ਵੀ ਡਿੱਗੀਆਂ ਪਈਆਂ ਹਨ। ਪਰ we are very thankful to the Chief Minister, ਇਨ੍ਹਾਂ ਨੇ ਹਰ ਖੇਤਰ ਦੇ ਵਿੱਚ ਬਹੁਤ ਪਹਿਲਕਦਮੀ ਕੀਤੀ ਹੈ। ਸਿੱਖਿਆ ਦੇ ਖੇਤਰ ਵਿੱਚ ਵੀ ਬਹੁਤ ਕੁਝ ਕੀਤਾ ਹੈ। ਸਿੱਖਿਆ ਮੰਤਰੀ ਜੀ ਇਸ ਬਾਰੇ ਡੀਟੇਲ ਵਿੱਚ ਦੱਸਣਗੇ, ਪਰ ਮੈਂ ਇੰਨਾ ਕੁ ਕਹਿ ਸਕਦਾ ਹਾਂ ਕਿ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਦੇ ਵਿੱਚ ਬਹੁਤ ਵੱਡੇ ਉਪਰਾਲੇ ਕੀਤੇ ਹਨ। ਉਸ ਦੇ ਨਤੀਜੇ ਇਹ ਹਨ ਕਿ ਪਿਛਲਾ ਸਾਲ ਜਿਹੜਾ ਲੰਘਿਆ ਹੈ, ਉਸ ਦੇ ਵਿੱਚ ਪ੍ਰਾਈਵੇਟ ਸਕੂਲਾਂ ਦਾ ਜਿਹੜਾ ਰਿਜ਼ਲਟ ਹੈ ਉਹ 82%ਸੀ ਅਤੇ ਸਰਕਾਰੀ ਸਕੂਲਾਂ ਦਾ ਰਿਜ਼ਲਟ ਹੈ ਉਹ 88% ਆਇਆ ਹੈ। ਇੱਥੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਪੰਜਾਬ ਦੇ ਵਿੱਚ ਸਿੱਖਿਆ ਦੇ ਖੇਤਰ ਦੇ ਵਿੱਚ ਕਿੰਨੇ ਵੱਡੇ ਉਪਰਾਲੇ ਕੀਤੇ ਗਏ ਹਨ (ਥੰਪਿੰਗ)। ਇਸ ਦੇ ਲਈ ਸਾਨੂੰ ਸਹਿਯੋਗ ਦੀ ਜ਼ਰੂਰਤ ਹੈ, ਕਿਉਂਕਿ ਕੇਂਦਰ ਤੋਂ ਸਰਵ ਸਿੱਖਿਆ ਅਭਿਆਨ ਵਿੱਚ ਜਿੰਨਾ ਸਾਨੂੰ ਪੈਸਾ ਮਿਲਣਾ ਚਾਹੀਦਾ ਸੀ, ਉਹ ਨਹੀਂ ਮਿਲਿਆ ਪਰ ਮੈਂ ਇੰਨਾ ਕੁ ਜ਼ਰੂਰ ਕਹਾਂਗਾ ਕਿ ਸਾਡਾ ਐਜੂਕੇਸ਼ਨ ਡਿਪਾਰਟਮੈਂਟ ਉਪਰਾਲੇ ਜ਼ਰੂਰ ਕਰ ਰਿਹਾ ਹੈ। ਉਸ ਦੇ ਨਾਲ ਨਾਲ ਸਾਡੇ ਜਿਹੜੇ ਉਦਮੀ ਲੋਕ ਹਨ ਜਿਨ੍ਹਾਂ ਦੀ ਕੋਸ਼ਿਸ਼ ਇਹ ਹੁੰਦੀ ਹੈ ਕਿ ਵੱਧ ਤੋਂ ਵੱਧ ਦਾਨ ਦਿੱਤਾ ਜਾਵੇ ਪਰ ਵੇਖਣ ਵਿੱਚ ਇਹ ਲੱਗਦਾ ਹੈ ਕਿ ਉਹ

Under Print
Not for Legal/Official use

ਜੋ ਦੇਣਾ ਚਾਹੁੰਦੇ ਹਨ, ਉਹ ਦੇ ਨਹੀਂ ਪਾਉਂਦੇ ਕਿਉਂ ਕਿ ਸ਼ਾਇਦ ਅਸੀਂ ਕੋਈ ਪਾਲਿਸੀ ਨਹੀਂ ਬਣਾਈ। ਸਿੱਖਿਆ ਮੰਤਰੀ ਜੀ ਇੱਥੇ ਬੈਠੇ ਹਨ, ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇੱਕ ਐਸਾ ਮਾਸਟਰ ਪਲਾਨ ਤਿਆਰ ਕੀਤਾ ਜਾਵੇ ਜਿਸ ਨਾਲ ਕਿ ਉਨ੍ਹਾਂ ਨੂੰ ਬਹੁਤ ਜ਼ਿਆਦਾ ਹੌਂਸਲਾ ਦੇ ਪਾਈਏ। ਪੰਜਾਬ ਵਿੱਚੋਂ ਬਹੁਤ ਲੋਕ ਵਿਦੇਸ਼ਾਂ ਵਿੱਚ ਗਏ ਹਨ ਪਰ ਉਹ ਆਪਣੀ ਮਾਂ ਧਰਤੀ ਨਾਲ ਜੁੜੇ ਹੋਏ ਹਨ, ਆਪਣੇ ਪਿੰਡਾਂ ਅਤੇ ਸ਼ਹਿਰਾਂ ਦੀ ਧਰਤੀ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਦੀ ਇਹ ਕੋਸ਼ਿਸ਼ ਹੈ ਕਿ ਆਪਣੇ ਮਾਪਿਆਂ ਦੇ ਨਾਂ ਤੇ, ਆਪਣੇ ਪਰਿਵਾਰਾਂ ਦੇ ਨਾਂ ਤੇ ਕੁਝ ਨਾਲ ਕੁਝ ਜ਼ਰੂਰ ਬਣਾਈਏ। ਉਹ ਚਾਹੁੰਦੇ ਵੀ ਹਨ ਕਿ ਅਸੀਂ ਆਪਣੇ ਪਿਤਾ ਦੇ ਨਾਂ ਤੇ, ਮਾਂ ਦੇ ਨਾਂ ਤੇ ਸਕੂਲ ਬਣਵਾ ਸਕੀਏ। ਅਸੀਂ ਵੀ ਇਸ ਤਰ੍ਹਾਂ ਦਾ ਉਨ੍ਹਾਂ ਨੂੰ ਹੌਂਸਲਾ ਦੇਈਏ ਕਿ ਉਹ ਪੰਜਾਬ ਦੀ ਧਰਤੀ ਨਾਲ ਜੁੜੇ ਰਹਿਣ ਅਤੇ ਉਨ੍ਹਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਬੜਾ ਵੱਡਾ ਯੋਗਦਾਨ ਲਿਆ ਜਾ ਸਕੇ। ਮੈਂ ਅੱਜ ਜਿਹੜਾ ਮਤਾ ਲੈ ਕੇ ਆਇਆ ਹਾਂ ਉਸ ਸਬੰਧੀ ਮੇਰੀ ਬੇਨਤੀ ਹੈ ਕਿ ਮਾਨਯੋਗ ਸਿੱਖਿਆ ਮੰਤਰੀ ਜੀ ਇੱਕ ਵੱਡਾ ਮਾਸਟਰ ਪਲਾਨ ਲੈ ਕੇ ਆਉਣ ਅਤੇ ਮਤਾ ਪਾਸ ਕਰਨ ਤੋਂ ਪਹਿਲਾਂ ਸਬੰਧਤ ਮੰਤਰੀ ਜੀ ਇਸ ਲਈ ਜ਼ਰੂਰ ਬਿਆਨ ਦੇਣ। ਉਸ ਤੋਂ ਬਾਅਦ ਇਹ ਮਤਾ ਪਾਸ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ। Thank you very much.

**ਮਾਨਯੋਗ ਸਪੀਕਰ**: ਸਾਰੇ ਹੀ ਬੋਲਣਗੇ। ਚੱਲੋ, ਅਮਨ ਜੀ ਪਹਿਲਾਂ ਤੁਸੀਂ ਉਠ ਜਾਉ।

**ਸ਼੍ਰੀ ਅਮਨ ਅਰੋੜਾ (ਸੁਨਾਮ)** : ਮਿਹਰਬਾਨੀ ਸਪੀਕਰ ਸਾਹਿਬ। ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਇਹ ਸਬਜੈਕਟ ਇਹੋ ਜਿਹਾ ਹੈ ਕਿ ਹਰੇਕ ਵਿਅਕਤੀ ਦੇ ਦਿਲ ਦੇ ਬਹੁਤ ਕਲੋਜ਼/ਨੇੜੇ ਹੋਣਾ ਚਾਹੀਦਾ ਹੈ, ਕਿਉਂਕ ਜੇ ਐਜੂਕੇਸ਼ਨ ਹੋਵੇਗੀ ਤਾਂ ਹੀ ਰਾਸ਼ਟਰ ਨਿਰਮਾਣ ਹੋ ਸਕੇਗਾ। ਸੋ, ਮੈਂ ਸਮਝਦਾ ਹਾਂ ਕਿ ਬਹੁਤ ਵਧੀਆ ਮਤਾ ਕੰਬੋਜ ਸਾਹਿਬ ਲੈ ਕੇ ਆਏ ਹਨ।

***2.47 ਵਜੇ ਬਾਅਦ ਦੁਪਹਿਰ)** **(ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)**

ਡਿਪਟੀ ਸਪੀਕਰ ਸਾਹਿਬ, ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਜਿਹੜੇ ਸਕੂਲ ਹਨ, ਐਜੂਕੇਸ਼ਨ ਹੈ, ਤਾਂ ਇੱਕ ਤਰੀਕੇ ਨਾਲ ਇਹ ਹੈਲਥ ਅਤੇ ਐਜੂਕੇਸ਼ਨ ਪ੍ਰਾਈਵੇਟ ਹੱਥਾਂ ਵਿੱਚ ਚਲਾ ਗਿਆ ਹੈ। ਸਰਕਾਰੀ ਤੌਰ ਤੇ ਜਿਹੜੀ ਸਮੇਂ ਸਮੇਂ ਦੀਆਂ ਸਰਕਾਰਾਂ ਨੂੰ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਉਹ ਨਹੀਂ ਨਿਭਾਈ ਗਈ, ਕਿਉਂਕਿ ਜਦੋਂ ਕਿਸੇ ਵੀ ਵੈਲਫੇਅਰ ਸਟੇਟ ਦੀ ਗੱਲ ਕਰਦੇ ਹਾਂ ਚਾਹੇ ਅਮਰੀਕਾ, ਕਨੇਡਾ ਦੀ ਗੱਲ ਕਰ ਲਉ ਜਾਂ ਯੂਰਪੀਅਨ ਕੰਟਰੀਜ਼ ਦੀ ਗੱਲ ਕਰ ਲਉ, ਦੋ ਚੀਜ਼ਾਂ ਹੈਲਥ ਅਤੇ ਐਜੂਕੇਸ਼ਨ ਇਹ ਪ੍ਰਾਈਮੈਰਿਲੀ ਤੌਰ ਤੇ

Under Print
Not for Legal/Official use

ਵੈਲਫੇਅਰ ਸਟੇਟ ਵਿੱਚ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਪਰ ਅਨਫਾਰਚੂਨੇਟਲੀ ਇਹ ਸਮੇਂ ਸਮੇਂ ਤੇ ਪ੍ਰਾਈਵੇਟ ਹੱਥਾਂ ਵਿੱਚ ਜਾਂਦਾ ਰਿਹਾ ਹੈ। ਹੁਣ ਜਿਵੇਂ ਇਸ ਮਤੇ ਵਿੱਚ ਕਿਹਾ ਹੈ ਕਿ ਸਕੂਲਾਂ ਦੀ ਅੱਜ ਖਸਤਾ ਹਾਲਤ ਹੋਈ ਪਈ ਹੈ, ਉਸ ਵਿੱਚ ਜਿਹੜੇ ਐਨ.ਆਰ.ਆਈ. ਵੀਰ ਹਨ, ਜਿਹੜੇ ਦਾਨੀ ਸੱਜਣ ਹਨ ਉਨ੍ਹਾਂ ਦੀ ਪਾਰਟੀਸੀਪੇਸ਼ਨ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਹ ਬਿਲੁਕਲ ਠੀਕ ਹੈ ਪਰ ਇਸ ਵਿੱਚ ਮੈਂ ਤੁਹਾਨੂੰ ਆਪਣੇ ਐਕਸਪੀਰੀਐਂਸ ਨਾਲ ਦੱਸਣਾ ਚਾਹੁੰਦਾ ਹਾਂ ਕਿ ਕਿਵੇਂ ਜਿਹੜੇ ਦੇਸ਼ਾਂ ਵਿਦੇਸ਼ਾਂ ਵਿੱਚ ਸੱਤ ਸਮੁੰਦਰ ਪਾਰ ਬੈਠੇ ਪੰਜਾਬੀ ਵੀ ਹਨ ਉਹ ਇਸ ਖੇਤਰ ਵਿੱਚ ਕਿਵੇਂ ਖੁੱਲ੍ਹ ਦਿਲੀ ਦੇ ਨਾਲ ਦਾਨ ਦੇਣਾ ਚਾਹੁੰਦੇ ਹਨ। ਮੈਂ ਕਿਸੇ ਨੂੰ ਐਕਿਊਜ਼ ਨਹੀਂ ਕਰ ਰਿਹਾ ਜਾਂ ਕਿਸੇ ਨੂੰ ਨਿੰਦ ਨਹੀਂ ਰਿਹਾ ਪਰ ਜੇਕਰ ਮੈਂ 2017 ਦੀ ਗੱਲ ਕਰਾਂ, ਜਦੋਂ ਆਪਣੀ ਮੌਜੂਦਾ ਸਰਕਾਰ ਬਣੀ ਹੈ, ਉਸ ਸਮੇਂ ਸਵਾਲ ਦੇ ਇੱਕ ਜਵਾਬ ਵਿੱਚ ਦੱਸਿਆ ਗਿਆ ਸੀ ਕਿ ਤਕਰੀਬਨ 1500 ਸਕੂਲ ਅਨਸੇਫ ਡਿਕਲੇਅਰ ਹੋ ਚੁੱਕੇ ਹਨ, ਜਿਨ੍ਹਾਂ ਵਿੱਚ 6000 ਕਮਰੇ ਅਨਸੇਫ ਡਿਕਲੇਅਰ ਹੋ ਚੁੱਕੇ ਹਨ। ਇਸ ਵਿੱਚ ਹੁੰਦਾ ਕੀ ਹੈ ਕਿ ਇਸ ਵਿੱਚ ਸਰਕਾਰ ਦੀ ਪ੍ਰਾਇਰਿਟੀ ਕਿੰਨੀ ਕੁ ਹੈ, ਕਿੰਨੇ ਕੁ ਠੀਕ ਹੋ ਸਕਣਗੇ, ਕਿੰਨੇ ਕੁ ਨਵੇਂ ਬਣ ਚੁੱਕੇ ਹਨ, ਇਸ ਬਾਰੇ ਸਾਨੂੰ ਅੰਦਰ ਝਾਤ ਮਾਰ ਕੇ ਦੇਖਣੀ ਪੈਣੀ ਹੈ ਪਰ ਜੇ ਮੈਂ ਆਪਣੀ ਗੱਲ ਕਰਾਂ ਤਾਂ ਮੇਰੇ ਹਲਕੇ ਵਿੱਚ ਹੀ ਬਹੁਤ ਸਾਰੇ ਸਕੂਲ ਇਹੋ ਜਿਹੇ ਹਨ ਜਿੱਥੇ ਬਿਲਡਿੰਗਾਂ ਅਨਸੇਫ ਹੋ ਚੁੱਕੀਆਂ ਹਨ ਪਰ ਉਨ੍ਹਾਂ ਨੂੰ ਪਰਪਜ਼ਲੀ ਅਨਸੇਫ ਡਿਕਲੇਅਰ ਨਹੀਂ ਕੀਤਾ ਜਾਂਦਾ। ਕਾਰਨ ਇਹ ਹੈ ਕਿ ਜੇ ਅਨਸੇਫ ਡਿਕਲੇਅਰ ਹੋ ਜਾਣ ਤਾਂ ਬੱਚਿਆਂ ਨੂੰ ਮਜਬੂਰੀ ਵੱਸ ਬਾਹਰ ਬਿਠਾਉਣਾ ਪੈਂਦਾ ਹੈ, ਬਿਲਡਿੰਗ ਅਨਸੇਫ ਡਿਕਲੇਅਰ ਹੋਣ ਤੋਂ ਬਾਅਦ ਬੱਚਿਆਂ ਨੂੰ ਅੰਦਰ ਬਿਠਾ ਨਹੀਂ ਸਕਦੇ, ਕਿਉਂਕਿ ਬਦਕਿਸਮਤੀ ਨਾਲ ਜੇ ਕੋਈ ਟਰੈਜਿਡੀ ਹੋ ਜਾਵੇ ਤਾਂ ਸਕੂਲ ਪ੍ਰਸ਼ਾਸਨ, ਪ੍ਰਬੰਧਕਾਂ ਤੇ ਇਸ ਦੀ ਗਾਜ ਡਿੱਗਦੀ ਹੈ। ਸੋ, ਇਸ ਕਰਕੇ ਉਹ ਵਿਚਾਰੇ ਨਾ ਉੱਧਰਲਿਆਂ ਵਿੱਚ ਹਨ ਅਤੇ ਨਾ ਇੱਧਰਲਿਆਂ ਵਿੱਚ ਹਨ। ਅਨਸੇਫ ਬਿਲਡਿੰਗਾਂ ਸਿਰਫ 6000 ਕਮਰੇ ਹੀ ਨਹੀਂ ਹਨ, ਹੋਰ ਵੀ ਬਹੁਤ ਸਾਰੀਆਂ ਹਨ, ਜਿਨ੍ਹਾਂ ਨੂੰ ਅਨਸੇਫ ਡਿਕਲੇਅਰ ਕਰਨ ਦੀ ਲੋੜ ਹੈ ਅਤੇ ਪ੍ਰਾਇਰਿਟੀ ਤੇ ਨਵੇਂ ਬਣਵਾਉਣ ਦੀ ਲੋੜ ਹੈ। ਜੇਕਰ ਮੈਂ ਆਪਣੇ ਹਲਕੇ ਦੀ ਗੱਲ ਕਰ ਲਵਾਂ ਤਾਂ ਲੌਂਗੋਵਾਲ ਵਿੱਚ ਇੱਕ ਲੜਕੀਆਂ ਦਾ ਸਕੂਲ ਹੈ, ਉਸ ਦੀ ਤਕਰੀਬਨ ਪੌਣੇ ਛੇ ਕਰੋੜ ਦੀ ਇੱਕ ਨਵੀਂ ਬਿਲਡਿੰਗ ਬਣਨੀ ਸੀ, ਮਹਿਜ਼ ਡੇਢ ਦੋ ਕਰੋੜ ਰੁਪਿਆ ਹਾਲੇ ਤੱਕ ਰਿਲੀਜ਼ ਹੋਇਆ ਹੈ ਅਤੇ ਉਹ ਵੀ ਸਰਕਾਰੀ ਸਿਸਟਮ ਵਿੱਚ ਹੀ ਉਲਝਿਆ ਪਿਆ ਹੈ। ਇਸ ਵਿੱਚ ਮੈਂ ਗੱਲ ਦੱਸ ਰਿਹਾ ਸੀ। ਮੈਂ ਆਪਣੀ ਇੱਕ ਉਦਾਹਰਨ ਦੇਵਾਂਗਾ। ਮੇਰੇ ਹਲਕੇ ਵਿੱਚ ਬਹੁਤ ਸਾਰੇ ਸਕੂਲਾਂ ਵਿੱਚ ਲੜਕੀਆਂ ਦੇ wash rooms ਨਹੀਂ ਸਨ, ਉਨ੍ਹਾਂ ਬੱਚਿਆਂ ਨੂੰ ਲੋਕਾਂ ਦੇ ਘਰਾਂ ਜਾਂ ਖੇਤਾਂ ਦੇ ਵਿੱਚ ਜਾਣਾ ਪੈਂਦਾ ਸੀ। ਮੇਰੇ ਕੁਝ ਕੈਲੀਫੋਰਨੀਆ ਫਰੈਂਡਜ਼ ਹਨ, ਮੈਂ ਉਨ੍ਹਾਂ ਨੂੰ ਜਾ ਕੇ ਬੇਨਤੀ ਕੀਤੀ ਅਤੇ ਉਨ੍ਹਾਂ ਨੇ ਪਹਿਲੀ ਵਾਰੀ ਹੀ 10 ਲੱਖ ਰੁਪਿਆ ਭੇਜ ਦਿੱਤਾ ਜਿਸ ਦੀ ਵਜ੍ਹਾ ਨਾਲ ਮੈਂ ਇੱਕ ਸੁਨਾਮ

Under Print
Not for Legal/Official use

ਕਾਲਜ ਦੇ ਵਿੱਚ ਅਤੇ ਹੋਰ 7 ਸਕੂਲਾਂ ਵਿੱਚ ਬੜੇ ਵਧੀਆ ਵਾਸ਼ਰੂਮ ਬਣਵਾ ਦਿੱਤੇ। ਇਸੇ ਤਰੀਕੇ ਦੇ ਨਾਲ ਮੈਂ ਤਕਰੀਬਨ 76 ਤੋਂ ਵੀ ਵੱਧ ਸਮਾਰਟ ਕਲਾਸ ਰੂਮਜ਼ ਆਪਣੇ ਕੋਲੋਂ ਅਤੇ ਆਪਣੇ ਐਨ.ਆਰ.ਆਈ. ਸਾਥੀਆਂ ਕੋਲੋਂ ਕੁਝ ਸੀ.ਐਸ.ਆਰ. ਰਾਹੀਂ ਬਣਵਾ ਚੁੱਕਾ ਹਾਂ ਤੇ ਬਾਕੀ ਦੇ ਕੁਝ ਸਕੂਲਾਂ ਵਿੱਚ ਇਸ ਕਰਕੇ ਨਹੀਂ ਬਣ ਸਕੇ ਕਿਉਂਕਿ ਉਨ੍ਹਾਂ ਵਿਚਾਰਿਆਂ ਕੋਲ ਕਮਰਾ ਹੀ ਨਹੀਂ ਹੈ ਜਾਂ ਬੜੀ ਖਸਤਾ ਹਾਲਤ ਦੇ ਵਿੱਚ ਹਨ, ਜਿੱਥੇ ਇਹ ਨਹੀਂ ਲੱਗ ਸਕਦੇ। ਸੋ, ਮੈਂ ਜਿੱਥੇ ਅੱਜ ਦੇ ਹਾਲਾਤ ਬਿਆਨ ਕਰ ਰਿਹਾ ਹਾਂ, ਉਸ ਦੇ ਵਿੱਚ ਆਪਾਂ ਨੂੰ ਇਹ ਝਾਤ ਵੀ ਮਾਰਨੀ ਪੈਣੀ ਹੈ। ਮੈਂ ਕਿਸੇ ਪਰਟੀਕੁਲਰ ਸਰਕਾਰ ਜਾਂ ਮੌਜੂਦਾ ਸਰਕਾਰ ਦੀ ਗੱਲ ਨਹੀਂ ਕਰ ਰਿਹਾ ਹਾਂ, ਪਿਛਲੀਆਂ ਸਰਕਾਰਾਂ ਵੀ ਇਸ ਦੇ ਵਿੱਚ ਹੀ ਹਨ। ਸਰ, ਹਾਲਾਤ ਇਹ ਹਨ ਕਿ ਬੇਸੀਕਲੀ ਇਨਫਰਾਸਟਰਕਚਰ ਡਿਵੈਲਪ ਕਿਵੇਂ ਹੋਵੇਗਾ? ਇਨਫਰਾਸਟਰਕਚਰ ਪੈਸੇ ਦੇ ਨਾਲ ਡਿਵੈਲਪ ਹੋਣਾ ਹੈ। ਸਰ, ਹੁਣ ਮੈਂ ਇੱਕ ਐਗਜ਼ਾਂਪਲ ਦਿੰਦਾ ਹਾਂ ਕਿ ਆਪਣੀ ਮੌਜੂਦਾ ਸਰਕਾਰ ਕੈਪੀਟਲ ਆਊਟਲੇਅ ਵਾਸਤੇ ਸਰਕਾਰੀ ਸਕੂਲਾਂ ਦਾ ਬੁਨਿਆਦੀ ਪੱਧਰ ਉੱਚਾ ਚੁੱਕਣ ਦੇ ਲਈ ਕਿੰਨੀ-ਕੁ ਸੰਜੀਦਾ ਹੈ? ਸਰ, ਮੈਂ 2017-18 ਦੇ ਮੌਜੂਦਾ ਸਰਕਾਰ ਦੇ ਪਹਿਲੇ ਬਜਟ ਦੀ ਗੱਲ ਦੱਸ ਰਿਹਾ ਹਾਂ। ਇਸ ਵਿੱਚ ਕੈਪੀਟਲ ਆਊਟਲੇਅ ਲਈ ਮਤਲਬ ਸਕੂਲ, ਉਨ੍ਹਾਂ ਦੇ ਕਮਰੇ ਤੇ ਬੇਸਿੱਕ ਇਨਫਰਾਸਟਰਕਚਰ ਬਣਾਉਣ ਦੇ ਲਈ 423 ਕਰੋੜ ਰੁਪਏ ਦੀ ਬਜਟਿੰਗ ਕੀਤੀ ਗਈ ਸੀ। ਉਸ ਤੋਂ ਬਾਅਦ ਘਟਦੇ-ਘਟਦੇ ਰਿਵਾਈਜ਼ਡ ਦੇ ਵਿੱਚ 277 ਕਰੋੜ ਰੁਪਏ ਰਹਿ ਗਈ ਤੇ ਉਸ ਤੋਂ ਬਾਅਦ ਜਦੋਂ ਐਕਚੁਅਲ ਦੇ ਵਿੱਚ ਲੱਗੇ ਤਾਂ ਮਹਿਜ਼ 423 ਕਰੋੜ ਰੁਪਏ ਵਿਚੋਂ 70 ਕਰੋੜ ਰੁਪਿਆ ਸਕੂਲਾਂ ਦੀ ਮੁਰੰਮਤ ਵਾਸਤੇ ਅਤੇ ਉਨ੍ਹਾਂ ਦੇ ਨਵੇਂ ਕਮਰੇ ਬਣਾਉਣ ਵਾਸਤੇ ਖਰਚ ਹੋਇਆ। ਸਰ, ਸਾਡੇ ਕੋਲ ਫਿੱਗਰ ਹੈ ਕਿ 6000 ਕਲਾਸਰੂਮ ਅਨਸੇਫ ਡਿਕਲੇਅਰ ਹੋਏ ਪਏ ਹਨ ਤੇ ਹਜ਼ਾਰਾਂ ਹੋਰ ਅਨਸੇਫ ਹੋਣ ਦੀ ਲਾਈਨ ਦੇ ਵਿੱਚ ਹਨ। ਜਿੱਥੇ ਮਹਿਜ਼ 70 ਕਰੋੜ ਰੁਪਿਆ ਕੰਸਟਰੱਕਸ਼ਨ ਵਾਸਤੇ ਵਰਤਿਆ ਗਿਆ ਜਿਹੜਾ ਕਿ 84% ਘੱਟ ਵਰਤਿਆ ਗਿਆ ਹੈ। ਇਸ ਤੋਂ ਬਾਅਦ ਜੇ ਆਪਾਂ ਅਗਲੇ ਸਾਲ ਦੀ ਗੱਲ ਕਰ ਲਈਏ ਤਾਂ ਇੱਕ ਪ੍ਰਾਜੈਕਸ਼ਨ ਦੇ ਦਿੱਤੀ ਕਿ 550 ਕਰੋੜ ਰੁਪਿਆ ਫਿਰ ਕਮਰੇ ਜਾਂ ਸਕੂਲ ਬਣਾਉਣ ਦੇ ਲਈ ਖਰਚ ਕੀਤਾ ਜਾਵੇਗਾ, ਉਹ ਹੁਣ ਪਤਾ ਲੱਗੇਗਾ ਕਿ ਕਿੰਨਾ-ਕੁ ਖਰਚਿਆ ਜਾਂਦਾ ਹੈ। ਸੋ, ਮੇਰੀ ਬੇਨਤੀ ਇੰਨੀ ਹੈ ਕਿ ਜਿਹੜੀ ਪਹਿਲਾਂ ਗੱਲ ਆਈ ਕਿ ਪ੍ਰਾਈਵੇਟ ਸਕੂਲਾਂ ਨੂੰ 5-5 ਲੱਖ ਰੁਪਿਆ ਦਿੱਤਾ ਜਾਂਦਾ ਹੈ, ਕੁਲਤਾਰ ਸੰਧਵਾਂ ਜੀ ਨੇ ਵੀ ਗੱਲ ਕੀਤੀ, ਮੰਤਰੀ ਸਾਹਿਬ ਨੇ ਵੀ ਜਵਾਬ ਦਿੱਤਾ, ਮਾਨਯੋਗ ਸਪੀਕਰ ਸਾਹਿਬ ਨੇ ਵੀ ਕਿਹਾ ਕਿ ਇਸ ਦੀ ਪ੍ਰੋਵੀਜ਼ਨ ਹੈ। ਸਰ, ਮੈਂ ਬੇਨਤੀ ਇਹ ਕਰਦਾ ਹਾਂ ਕਿ ਪ੍ਰਾਈਵੇਟ ਸਕੂਲਾਂ ਕੋਲ ਤਾਂ ਪਹਿਲਾਂ ਹੀ ਪੈਸੇ ਮੁੱਕਦੇ ਨਹੀਂ ਕਿਉਂਕਿ ਫੀਸਾਂ ਬਹੁਤ ਵੱਧ ਹਨ। ਉਹ 5-5 ਲੱਖ ਰੁਪਿਆ, ਜੇ ਪ੍ਰਾਈਵੇਟਾਂ ਨੂੰ ਦੇਣ ਲਈ ਹੈ ਤਾਂ ਉਹ ਬੰਦ ਹੋਣਾ ਚਾਹੀਦਾ ਹੈ। ਸਾਡੇ ਸਰਕਾਰੀ ਸਕੂਲ ਦੇ ਕਮਰੇ ਡਿੱਗੂ-ਡਿੱਗੂ ਕਰੀ ਜਾਂਦੇ ਹਨ ਅਤੇ ਅਸੀਂ ਪ੍ਰਾਈਵੇਟ ਸਕੂਲ ਵਾਲਿਆਂ ਨੂੰ ਪੈਸੇ ਦੇਈ

Under Print
Not for Legal/Official use

ਜਾਂਦੇ ਹਾਂ। ਸਰ, ਮਹਿਜ਼ ਜਿੰਨਾ ਟੋਟਲ ਆਊਟਲੇਅ ਹੈ, ਡਿਪਟੀ ਸਪੀਕਰ ਸਾਹਿਬ ਧਿਆਨ ਦਿਉ ਜੀ। ਜਿੰਨਾ ਆਊਟਲੇਅ ਹੈ, ਉਸ ਦਾ 0.5% ਕੰਸ਼ਟਰੱਕਸ਼ਨ ਇਨਫਰਾਸਟਰਕਚਰ ਅਤੇ ਡਿਵੈਲਪਮੈਂਟ ਵਾਸਤੇ ਜਾਂਦਾ ਹੈ। ਸੋ, ਮੇਰੀ ਤੁਹਾਡੇ ਜ਼ਰੀਏ ਸਰਕਾਰ ਨੂੰ ਇਹ ਬੇਨਤੀ ਹੈ ਕਿ ਐਜੂਕੇਸ਼ਨ ਔਰ ਹੈਲਥ ਲਈ ਸਰਕਾਰ ਨੂੰ ਸੀਰੀਅਸ ਹੋਣਾ ਪਵੇਗਾ। ਸਰ, ਅੱਜ ਮਹਿਜ਼ ਸਿਰਫ ਔਰ ਸਿਰਫ ਜੇ ਅਸੀਂ ਇਸ ਦੇ ਗਵਰਨੈਂਸ ਮਾਡਲ ਦੀ ਗੱਲ ਕਰ ਲਈਏ, ਚਲੋ ਇਸ ਗੱਲ ਦੀ ਖੁਸ਼ੀ ਹੈ ਕਿ ਦਿੱਲੀ ਕੈਂਪੇਨਿੰਗ ਤੋਂ ਬਾਅਦ ਆ ਕੇ ਸੀ.ਐਮ. ਸਾਹਿਬ ਨੇ ਆਰਡਰ ਦਿੱਤੇ ਹਨ ਕਿ ਹੈਲਥ, ਐਜੂਕੇਸ਼ਨ ਔਰ ਬਿਜਲੀ, ਪਾਣੀ ਦੇ ਮੁੱਦੇ ਤੇ ਦਿੱਲੀ ਗਵਰਨੈਂਸ ਮਾਡਲ ਨੂੰ ਅਡਾਪਟ ਕਰੋ। ਸਰ, ਉਸ ਦੇ ਵਿਚ ਮਹਿਜ਼ ਜਿੱਥੇ ਐਜੂਕੇਸ਼ਨ ਦੀ ਨੈਸ਼ਨਲ ਐਵਰੇਜ ਟੋਟਲ ਬਜਟ ਦੀ 16% ਹੈ, ਅਸੀਂ ਮਾਣ ਦੇ ਨਾਲ ਕਹਿੰਦੇ ਹਾਂ ਕਿ ਇਹ ਦਿੱਲੀ ਦੇ ਵਿੱਚ ਸਾਰੇ ਮੁਲਕ ਨਾਲੋਂ highest 27% ਹੈ ਪਰ ਦੁੱਖ ਦੇ ਨਾਲ ਕਹਿੰਦੇ ਹਾਂ, ਸ਼ਰਮ ਦੇ ਨਾਲ ਕਹਿੰਦੇ ਹਾਂ ਕਿ ਪੰਜਾਬ ਦੇ ਵਿੱਚ ਉਸ ਦੀ ਸਪੈਂਡਿੰਗ ਮਹਿਜ਼ ਬਜਟ ਦੀ 14% ਹੈ, ਜਿਹੜੀ ਕਿ ਪੂਰੇ ਮੁਲਕ ਦੇ ਵਿੱਚੋਂ 2nd lowest ਹੈ। ਸਰ, ਮੇਰੀ ਬੇਨਤੀ ਤੁਹਾਨੂੰ ਇਹ ਹੈ ਕਿ ਇਹ ਤਾਂ ਠੀਕ ਹੈ ਅਤੇ ਮੰਨ ਲਈ ਗੱਲ ਕਿ ਆਪਾਂ ਇਸ ਕੰਮ ਵਾਸਤੇ ਐਨ.ਆਰ.ਆਈ. ਵੀਰਾਂ ਤੋਂ ਕੀ ਬਲਕਿ ਜਿਸ ਤੋਂ ਵੀ ਦਾਨ ਮਿਲਦਾ ਹੈ, ਆਪਣੀ ਵੈਸੇ ਹੀ ਜ਼ਿੰਮੇਵਾਰੀ ਬਣਦੀ ਹੈ ਕਿ ਝੋਲੀ ਅੱਡ ਕੇ ਉਨ੍ਹਾਂ ਕੋਲ ਜਾਣਾ ਚਾਹੀਦਾ ਹੈ। ਪਰ ਜਿਹੜੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਉਹ ਤਾਂ ਪੂਰੀ ਕਰਨੀ ਚਾਹੀਦੀ ਹੈ। ਮੈਂ ਤੁਹਾਨੂੰ ਇਹ ਵੀ ਬੇਨਤੀ ਕਰਾਂਗਾ ਕਿ ਜਿੱਥੇ ਆਪਾਂ ਐਨ.ਆਰ.ਆਈਜ਼ ਦੀ ਗੱਲ ਕਰ ਰਹੇ ਹਾਂ, ਇਸ ਦੇ ਨਾਲ ਹੀ ਜੇ ਪਾਵਰ, ਲਿੱਕਰ ਅਤੇ ਹੋਰ ਫਲਾਣੇ-ਫਲਾਣੇ ਮਾਫੀਆ ਚੱਲੀ ਜਾਂਦੇ ਹਨ, ਜੇ ਉਨ੍ਹਾਂ ਨੂੰ ਵੀ ਕੰਟਰੋਲ ਕਰ ਲਈਏ ਤਾਂ ਪੰਜਾਬ ਦੀ ਸਕੂਲ ਸਿੱਖਿਆ ਦਾ ਪੱਧਰ ਸੁਧਰ ਸਕਦਾ ਹੈ। ਇਸ ਕਰਕੇ ਮੇਰੀ ਤੁਹਾਨੂੰ ਬੇਨਤੀ ਹੈ ਕਿ ਸਰਕਾਰ ਇਸ ਉੱਪਰ ਗੌਰ ਫਰਮਾਵੇ। ਐਫ.ਐਮ. ਸਾਹਿਬ ਵੀ ਬੈਠੇ ਹਨ, ਮੈਂ ਇਨ੍ਹਾਂ ਨੂੰ ਵੀ ਬੇਨਤੀ ਕਰਾਂਗਾ ਕਿ ਐਜੂਕੇਸ਼ਨ ਔਰ ਹੈਲਥ ਦੇ ਉਪਰ ਇਸ ਬਜਟ ਵਿੱਚ ਖਾਸ ਤੌਰ ਤੇ ਫੋਕਸ ਕੀਤਾ ਜਾਵੇ। ਇਹ ਨਾ ਹੋਵੇ ਕਿ ਅੱਜ 2020-21 ਵਿੱਚ ਕਹਿ ਦਿੱਤਾ ਕਿ ਇੰਨੇ ਪਰਸੈਂਟ ਖਰਚਾਂਗੇ ਤੇ ਉਹ ਮੁੜ ਕੇ 5-7% ਜਾਂ 10% ਹੀ ਰਹਿ ਜਾਵੇ, ਉਹ ਨਹੀਂ ਹੋਣਾ ਚਾਹੀਦਾ ਹੈ, at least ਇਸ ਤੇ ਟਾਪ ਪ੍ਰਾਇਰਟੀ ਦਿੱਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਆਪਾਂ ਲੌਂਗੋਵਾਲ ਵਿੱਚ ਚਾਰ ਬੱਚਿਆਂ ਦੀ ਗੱਲ ਕਰੀਏ ਜੋ ਕਿ ਮੇਰੇ ਹਲਕੇ ਵਿੱਚ ਪੈਂਦੇ ਹਨ। ਸਰ, ਜਿਹੜੇ ਮਾਸੂਮ ਬੱਚੇ 4-4, 5-5 ਸਾਲ ਦੇ ਸਨ, ਅੱਗ ਦੀਆਂ ਲਪਟਾਂ ਵਿੱਚ ਚੀਕਾਂ ਮਾਰ-ਮਾਰ ਕੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਗੁਆ ਲਈ। ਮੈਨੂੰ ਸਪੱਸ਼ਟ ਅਤੇ ਸਾਫ ਗੱਲ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਹੈ ਕਿਉਂਕਿ ਜੇ ਉਸ ਵਿੱਚ ਕੋਈ ਜ਼ਿੰਮੇਵਾਰ ਹਾਂ ਤਾਂ ਆਪਾਂ ਸਾਰੇ ਹਾਂ, ਸਰਕਾਰਾਂ ਵੀ ਜ਼ਿੰਮੇਵਾਰ ਹਨ ਕਿਉਂ ਬੱਚੇ ਪ੍ਰਾਈਵੇਟ ਦੁਕਾਨਦਾਰੀਆਂ ਦੇ ਵਿੱਚ ਜਾਣ, ਕਿਉਂ ਸਾਡੇ ਬੱਚੇ ਸਰਕਾਰੀ ਸਕੂਲਾਂ ਦੇ ਵਿੱਚ ਨਾ ਪੜ੍ਹਨ? ਸਰ, ਪ੍ਰਾਈਵੇਟ

Under Print
Not for Legal/Official use

ਦੁਕਾਨਦਾਰੀਆਂ ਖੁੱਲ੍ਹ ਗਈਆਂ ਹਨ। ਇਹ 30-30 ਹਜ਼ਾਰ ਰੁਪਏ ਦੀਆਂ ਵੈਨਾਂ ਲਿਆ ਕੇ, 20-20 ਬੱਚਿਆਂ ਨੂੰ ਢੋਣ ਲਗਾ ਦਿੰਦੇ ਹਨ ਅਤੇ ਮੁੜ ਕੇ ਲੌਂਗੋਵਾਲ ਵਰਗੀਆਂ ਦੁਰਘਟਨਾਵਾਂ ਹੁੰਦੀਆਂ ਹਨ। ਸੋ, ਮੇਰੀ ਸਰਕਾਰ ਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਹੈਲਥ ਅਤੇ ਐਜੂਕੇਸ਼ਨ ਦੇ ਇਸ਼ੂ ਉੱਪਰ ਸੰਜੀਦਾ ਹੋਣਾ ਪਵੇਗਾ ਤਾਂ ਹੀ ਆਪਾਂ ਆਪਣਾ ਭਵਿੱਖ ਸੰਵਾਰ ਸਕਾਂਗੇ। ਬਹੁਤ-ਬਹੁਤ ਧੰਨਵਾਦ ਜੀ।

**ਸ਼੍ਰੀ ਨੱਥੂ ਰਾਮ (ਬਲੂਆਣਾ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਜੂਕੇਸ਼ਨ ਸਬੰਧੀ ਗੈਰ ਸਰਕਾਰੀ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਮਤੇ ਦੀ ਪੁਰਜ਼ੋਰ ਹਮਾਇਤ ਇਸ ਕਰਕੇ ਕਰਦਾ ਹਾਂ ਕਿ ਮੈਂ ਉਸ ਇਲਾਕੇ ਨਾਲ ਸੰਬੰਧ ਰੱਖਦਾ ਹਾਂ, ਜਿਹੜਾ ਬਿਲਕੁਲ ਰਾਜਸਥਾਨ ਦੇ ਨਾਲ ਲੱਗਦਾ ਬਾਰਡਰ ਹੈ ਅਤੇ ਲੋਕਾਂ ਦਾ ਜਿਹੜਾ ਸੱਭਿਆਚਾਰ ਹੈ, ਉਹ ਬਿਲਕੁਲ ਬਾਗੜੀ ਹੈ। ਇਸੇ ਤਰ੍ਹਾਂ ਜਿਹੜਾ ਤੁਹਾਡਾ ਹਲਕਾ ਮਲੋਟ ਹੈ, ਉਸ ਦਾ ਵੀ ਬੱਲੂਆਣਾ ਹਲਕੇ ਤੋਂ ਕੋਈ ਬਹੁਤਾ ਡਿਫਰੈਂਸ ਨਹੀਂ ਹੈ। ਇਸ ਸਰਕਾਰ ਨੇ ਤਿੰਨਾਂ ਸਾਲਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਤੇ ਐਜੂਕੇਸ਼ਨ ਮਨਿਸਟਰ ਦੀ ਅਗਵਾਈ ਵਿੱਚ ਬਹੁਤ ਵਧੀਆ ਢੰਗ ਦੇ ਨਾਲ ਸਕੂਲਾਂ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਆਪਣੇ ਹਲਕੇ ਦਾ ਇੱਕ ਵੀ ਪਿੰਡ, ਪ੍ਰਾਇਮਰੀ ਸਕੂਲ, ਸੈਕੰਡਰੀ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ ਨਹੀਂ ਛੱਡਿਆ, ਜਿਸ ਵਿੱਚ ਮੈਂ ਆਪ ਜਾ ਕੇ ਵਿਜ਼ਿਟ ਨਾ ਕੀਤੀ ਹੋਵੇ। ਮੇਰੀ ਦਿਲਚਸਪੀ ਇਸ ਕਰਕੇ ਵੀ ਜ਼ਿਆਦਾ ਹੈ ਕਿ ਬੱਲੂਆਣਾ ਹਲਕੇ ਵਿੱਚ 58,000 ਵੋਟ ਜਿਹੜੀ ਹੈ, ਉਹ ਬੈਕਵਰਡ ਕਲਾਸਿਜ਼ ਦੀ ਹੈ। ਇਸੇ ਤਰ੍ਹਾ 45-46 ਹਜ਼ਾਰ ਵੋਟ ਜਿਹੜੀ ਹੈ, ਉਹ ਸ਼ਡਿਊਲਡ ਕਾਸਟ ਨਾਲ ਸਬੰਧ ਰੱਖਦੀ ਹੈ।70 ਪ੍ਰਤੀਸ਼ਤ ਪਾਪੂਲੇਸ਼ਨ ਜਿਹੜੀ ਹੈ, ਉਹ ਐਸ.ਸੀ. ਔਰ ਬੀ.ਸੀ. ਕਲਾਸ ਨਾਲ ਸਬੰਧਿਤ ਹੈ। ਸਰਦਾਰ ਹਰਦਿਆਲ ਸਿੰਘ ਕੰਬੋਜ ਸਾਹਿਬ ਜੀ ਨੇ ਮਤਾ ਪੇਸ਼ ਕੀਤਾ ਹੈ ਅਤੇ ਪੁਰਾਣੇ ਸਮਿਆਂ ਦੀ ਇਨ੍ਹਾਂ ਨੇ ਗੱਲ ਕੀਤੀ ਹੈ। ਆਪਾਂ ਵੀ ਸਾਰੇ ਕਈ ਹਮ ਉਮਰ ਹਾਂ। ਉਸ ਸਮੇਂ ਸਕੂਲਾਂ ਦੀ ਘਾਟ ਸੀ, ਕੋਈ ਡੇਰਿਆਂ ਵਿੱਚ ਪੜ੍ਹਿਆ ਹੈ ਅਤੇ ਕੋਈ ਗੁਰਦੁਆਰਾ ਸਾਹਿਬ ਵਿੱਚ ਜਾ ਕੇ ਪੜ੍ਹਿਆ ਹੈ। ਅੱਜ ਜਿਹੜੇ ਹਾਲਾਤ ਬਣੇ, ਉਨ੍ਹਾਂ ਵਿੱਚ ਹੌਲੀ-ਹੌਲੀ ਸੁਧਾਰ ਹੋਇਆ ਪਰ ਬਦਕਿਸਮਤੀ ਇਹ ਹੋਈ ਕਿ ਪਿਛਲੇ ਸਮਿਆਂ ਵਿੱਚ ਸਰਕਾਰੀ ਸਕੂਲਾਂ ਦੀ ਜਿਹੜੀ ਪੜ੍ਹਾਈ ਦਾ ਪੱਧਰ ਸੀ, ਉਹ ਚਾਹੇ ਰਾਜਨੀਤਕ ਸੋਚ ਲਗਾ ਲਵੋ ਜਾਂ ਸਾਡੇ ਆਪਣੇ ਪਰਿਵਾਰਾਂ ਦੀ ਕੋਈ ਮਜਬੂਰੀ ਸਮਝ ਲਵੋ, ਸਰਕਾਰੀ ਸਕੂਲਾਂ ਦਾ ਜਿਹੜਾ ਪੜ੍ਹਾਈ ਦਾ ਪੱਧਰ ਸੀ, ਉਹ ਕਾਫੀ ਡਾਊਨ ਗਿਆ। ਸਾਡੇ ਕੋਲ ਇੰਨਾ highly qualified staff ਹੈ। ਪ੍ਰਾਇਮਰੀ ਸਕੂਲ ਹੈ ਤਾਂ ਉਸ ਵਿੱਚ ETT, ਜੇ ਹੈ ਤਾਂ ਉਸ ਵਿੱਚ ਕੋਈ BEd, ਕੋਈ MEd, Bcom ਜਾਂ BSc ਭਾਵ highly qualified staff ਹੋਣ ਦੇ ਬਾਵਜੂਦ, ਇਸ ਪਾਸਿਉਂ ਕਾਫੀ ਇੰਟਰੈਸਟ ਘਟਿਆ ਸੀ ਜਿਵੇਂ ਮੇਰੀ ਸਾਥੀ ਨੇ ਦਿੱਲੀ ਦੀ ਗੱਲ ਕੀਤੀ ਹੈ, ਉਨ੍ਹਾਂ ਦੀ ਨਕਲ ਕਰਕੇ ਐਜੂਕੇਸ਼ਨ ਅਤੇ ਹੈਲਥ ਵਾਲੇ ਪਾਸੇ ਧਿਆਨ ਦੇਣਾ

Under Print
Not for Legal/Official use

ਸ਼ੁਰੂ ਕੀਤਾ ਗਿਆ ਹੈ। ਪਰੰਤੂ ਸਾਡੇ ਸੂਬੇ ਵਿੱਚ ਤਿੰਨ ਸਾਲ ਤੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦਾ ਪੱਧਰ ਉੱਚਾ ਚੁੱਕਣ ਲਈ ਕਾਫੀ ਸ਼ਲਾਘਾਯੋਗ ਯਤਨ ਕੀਤੇ ਹਨ, ਜਿਸ ਲਈ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦੀ ਹਾਂ। ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਦੇ ਟੋਟਲ 149 ਸਕੂਲ ਹਨ। ਉਸ ਦੇ ਵਿੱਚ 85 ਪ੍ਰਾਇਮਰੀ ਹਨ, 22 ਹਾਈ ਸਕੂਲ, 20 ਮਿਡਲ ਸਕੂਲ ਅਤੇ 22 ਸੀਨੀਅਰ ਸੈਕੰਡਰੀ ਸਕੂਲ ਹਨ। ਉਸ ਦੇ ਵਿੱਚ 830 ਕਮਰਿਆਂ ਦੀ ਜ਼ਰੂਰਤ ਸੀ ਜਿਨ੍ਹਾਂ ਦੇ ਵਿੱਚ ਕਈ ਪ੍ਰਾਇਮਰੀ ਸਕੂਲ ਹਨ ਜਿਸ ਵਿੱਚੋਂ ਕੋਈ 1952 ਦਾ ਬਣਿਆ ਹੈ ਅਤੇ ਕੋਈ 1956 ਦਾ ਬਣਿਆ ਹੈ।ਉਨ੍ਹਾਂ ਦੇ ਮੋਸਟਲੀ ਕਮਰੇ damage ਹੋ ਗਏ ਹਨ। ਸਰਕਾਰ ਦੇ ਕੋਲ ਮੈਂ ਰਿਪੋਰਟ ਵੀ ਭੇਜੀ ਹੈ। ਮੈਂ ਆਪ 380 ਕਮਰਿਆਂ ਦੀ ਲਿਸਟ ਬਣਾ ਕੇ ਸੀ.ਐਮ. ਦਫਤਰ ਨੂੰ ਦਿੱਤੀ, ਮਨਿਸਟਰ ਸਾਹਿਬ ਦੇ ਦਫਤਰ ਦੇ ਵਿੱਚ ਵੀ ਦਿੱਤੀ। ਐਜੂਕੇਸ਼ਨ ਸੈਕਟਰੀ ਨੂੰ ਵੀ ਦਿੱਤੀ। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ 44 ਕਮਰੇ ਪਹਿਲਾਂ ਦਿੱਤੇ ਅਤੇ 51 ਕਮਰੇ ਹੁਣ ਦਿੱਤੇ ਹਨ। ਹੁਣ ਅਸੀਂ ਸਾਰੇ ਸਕੂਲਾਂ ਵਿੱਚ ਸ਼ੁਰੂਆਤ ਕੀਤੀ ਹੈ। ਤੁਸੀਂ ਐਨ.ਆਰ.ਆਈ. ਦੀ ਗੱਲ ਵੀ ਕੀਤੀ ਹੈ। ਹਰੇਕ ਪ੍ਰਾਇਮਰੀ ਸਕੂਲ ਵਿੱਚ, ਮਿਡਲ ਸਕੂਲ ਵਿੱਚ, ਸੈਕੰਡਰੀ ਸਕੂਲ ਵਿੱਚ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪ੍ਰੀ ਨਰਸਰੀ ਕਲਾਸਿਜ਼ ਔਰ ਸਮਾਰਟ ਕਲਾਸਿਜ਼ ਇੱਕ ਜਾਂ ਦੋ ਲੱਗਣੀਆਂ ਸ਼ੁਰੂ ਹੋ ਗਈਆਂ ਹਨ। ਉੱਥੇ ਟੀਚਰਜ਼ ਦੇ efforts ਨਾਲ, ਪਿੰਡ ਦੇ ਸਹਿਯੋਗ ਨਾਲ ਕਿਉਂਕਿ ਪਿੰਡ ਵਿੱਚ ਬਹੁਤ ਦਾਨੀ ਸੱਜਣ ਹਨ, ਉਹ ਬਾਗਾਂ ਵਾਲਾ ਏਰੀਆ ਹੈ ਅਤੇ ਲੋਕਾਂ ਕੋਲ ਖੁੱਲ੍ਹੀਆਂ ਜ਼ਮੀਨਾਂ ਜਾਇਦਾਦਾਂ ਹਨ ਜਦੋਂ ਉਨ੍ਹਾਂ ਨੇ ਦੇਖਿਆ ਕਿ ਤਾ ਉਹ ਟੀਚਰ ਆਪਣੀ ਜੇਬ ਵਿੱਚੋਂ, ਆਪਣੀ ਤਨਖਾਹ ਵਿੱਚੋਂ ਪੈਸੇ ਲਗਾ ਰਹੇ ਹਨ ਤਾਂ ਲੋਕਾਂ ਨੇ ਵੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਉੱਥੇ ਬਹੁਤ ਵਧੀਆ ਢੰਗ ਨਾਲ ਗੇਟ ਅਤੇ ਬਹੁਤ ਵਧੀਆ ਢੰਗ ਨਾਲ ਲੈਬ ਸਿਸਟਮ ਬਣਾਇਆ ਹੈ, ਬੱਚਿਆਂ ਦੇ ਲਈ ਕੰਪਿਊਟਰ ਸਿਸਟਮ ਹੈ, LED ਲੱਗੀਆਂ ਹਨ। ਇਹ ਮਤਾ ਅਚਨਚੇਤੀ ਆਇਆ ਹੈ। ਮੈਨੂੰ ਇਸ ਬਾਰੇ ਪਤਾ ਨਹੀਂ ਸੀ। ਮੈਂ ਤੁਹਾਨੂੰ ਇੱਕ ਦੋ ਸਕੂਲਾਂ ਦੀਆਂ ਫੋਟੋਆਂ ਲਿਆ ਕੇ ਦਿਖਾਉਂਦਾ ਕਿ ਕਿੰਨੇ ਵਧੀਆ ਤਰੀਕੇ ਨਾਲ ਟੀਚਰਜ਼ ਨੇ ਆਪਣੇ ਲੈਵਲ ਤੇ ਇਹ ਪ੍ਰਬੰਧ ਕੀਤਾ ਹੈ। ਮੈਂ ਤੁਹਾਡਾ ਵੀ ਧੰਨਵਾਦੀ ਹਾਂ, ਸੀ.ਐਮ. ਸਾਹਿਬ ਦਾ ਵੀ ਧੰਨਵਾਦੀ ਹਾਂ ਅਤੇ ਐਫ.ਐਮ. ਸਾਹਿਬ ਦਾ ਵੀ ਧੰਨਵਾਦੀ ਹਾਂ। ਐਫ.ਐਮ. ਸਾਹਿਬ ਉਸ ਇਲਾਕੇ ਨੂੰ represent ਵੀ ਕਰਦੇ ਹਨ ਅਤੇ ਬੱਲੂਆਣੇ ਹਲਕੇ ਵਿੱਚੋਂ ਲੰਘ ਕੇ ਇਹ ਬਾਦਲ ਚੱਕ ਜਾਂਦੇ ਹਨ। ਸਾਰੇ ਪਿੰਡਾਂ ਵਿੱਚ ਇਨ੍ਹਾਂ ਦੇ ਜਾਣਕਾਰ ਵੀ ਬੈਠੇ ਹਨ, ਇਨ੍ਹਾਂ ਦੇ ਹਮਦਰਦ ਵੀ ਬੈਠੇ ਹਨ ਅਤੇ ਇਨ੍ਹਾਂ ਦੇ ਰਿਸ਼ਤੇਦਾਰ ਵੀ ਬੈਠੇ ਹਨ। ਇਨ੍ਹਾਂ ਨੇ ਵੀ ਮੈਨੂੰ ਵਿਸ਼ਵਾਸ ਦਿਵਾਇਆ ਹੈ ਕਿ ਸਕੂਲਾਂ ਵਿੱਚ ਜਿੰਨੀ ਵੀ ਕਮੀ ਹੈ, ਉਸ ਨੂੰ ਦੂਰ ਕਰਨ ਵਾਸਤੇ ਫੰਡ ਵੀ

Under Print
Not for Legal/Official use

ਮੁਹੱਈਆ ਕਰਵਾਵਾਂਗੇ। ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਮੈਂ ਬੇਨਤੀ ਕਰਾਂਗਾ ਕਿ ਇਹ ਖਾਸ ਧਿਆਨ ਦੇਣ ਵਾਲੀ ਗੱਲ ਹੈ ਜਿਹੜੀ ਮੈਂ ਲਿਸਟ ਪੜ੍ਹ ਕੇ ਸੁਣਾਈ ਤੁਸੀਂ ਸ਼ਾਇਦ ਨਾ ਸੁਣੀ ਹੋਵੇ ਜਿਵੇਂ ਕਿ ਸੀਨੀਅਰ ਸੈਕੰਡਰੀ ਸਕੂਲ 22 ਹਨ, 20 ਮਿਡਲ ਸਕੂਲ ਹਨ, 22 ਹਾਈ ਸਕੂਲ ਹਨ ਔਰ 85 ਪ੍ਰਾਇਮਰੀ ਸਕੂਲ ਹਨ।ਇਹ ਸਾਰੇ ਬਹੁਤ ਪੁਰਾਣੇ ਸਮਿਆਂ ਤੋਂ ਜਦੋਂ ਆਬਾਦੀ ਘੱਟ ਸੀ ਉਸ ਸਮੇਂ ਤੋਂ ਇਹ ਸਕੂਲ ਜਿਹੜਾ ਪ੍ਰਾਇਮਰੀ ਹੈ ਉਹ ਪ੍ਰਾਇਮਰੀ ਹੀ ਖੜ੍ਹਾ ਹੈ, ਜਿਹੜਾ ਮਿਡਲ ਹੈ ਤਾਂ ਉਹ ਮਿਡਲ ਹੀ ਖੜ੍ਹਾ ਹੈ ਔਰ ਪਿਛਲੇ ਦਿਨੀਂ ਜਦੋਂ ਮੈਂ ਪਿੰਡ ਭਾਗੂ ਸਕੂਲ ਵਿੱਚ ਕਮਰਿਆਂ ਦੀ ਸ਼ੁਰੂਆਤ ਕਰਨ ਦੇ ਲਈ ਗਿਆ ਤਾਂ ਲੋਕਾਂ ਨੇ ਮੈਨੂੰ ਕਿਹਾ ਕਿ ਇਹ ਜਿਹੜਾ ਭਾਗੂ ਪਿੰਡ ਦਾ ਸਕੂਲ ਹੈ ਇਹ 8ਵੀਂ ਤੋਂ 10 ਵੀਂ ਤੱਕ ਦਾ ਸਕੂਲ ਤੁਹਾਡੇ ਪਿਤਾ ਦਾਨਾ ਰਾਮ ਜੀ ਜਿਹੜੇ ਇਸ ਪਵਿੱਤਰ ਸਦਨ ਦੇ ਮੈਂਬਰ ਵੀ ਰਹੇ ਇਹ ਉਨ੍ਹਾਂ ਨੇ ਅਪਗ੍ਰੇਡ ਕਰਵਾਇਆ ਸੀ।ਉਨ੍ਹਾਂ ਨੇ  1977 ਤੋਂ ਲੈ ਕੇ 1980 ਤੱਕ ਉਸ ਹਲਕੇ ਦੀ ਨੁਮਾਇੰਦਗੀ ਕੀਤੀ ਹੈ। 1980 ਤੋਂ ਲੈ ਕੇ ਅੱਜ ਤੱਕ 39 ਸਾਲ ਹੋ ਗਏ ਹਨ। ਉਸ ਸਮੇਂ ਦੀ ਪਾਪੂਲੇਸ਼ਨ ਅਤੇ ਅੱਜ ਦੀ ਪਾਪੂਲੇਸ਼ਨ ਦਾ ਬਹੁਤ ਗੈਪ ਹੈ। ਮੈਂ ਥਰੂ CMO  ਤੁਹਾਡੇ ਦਫਤਰ ਵੀ ਰਿਪੋਰਟ ਦਿੱਤੀ ਅਤੇ ਜਿਹੜੇ ਸਿੱਖਿਆ ਮੰਤਰੀ ਸਾਹਿਬ ਹਨ ਉਨ੍ਹਾਂ ਨੂੰ ਵੀ ਸਕੂਲ ਅਪਗ੍ਰੇਡ ਕਰਨ ਵਾਸਤੇ ਅਰਜ਼ੀ ਦਿੱਤੀ ਹੈ। ਪਿਛਲੀ ਸਰਕਾਰ ਸਮੇਂ ਜਿਹੜੇ ਕਈ ਹਾਈ ਸਕੂਲ ਹਨ ਜਿਨ੍ਹਾਂ ਵਿੱਚ  first year, second year, +1  ਅਤੇ +2  ਦੀਆਂ ਕਲਾਸਿਜ਼ ਸ਼ੁਰੂ ਕਰਵਾ ਕੇ ਇੱਕ ਦੋ ਸਾਲ ਜਿਹੜੇ ਸੀਨੀਅਰ ਸੈਕੰਡਰੀ ਸਕੂਲ ਸੀ। ਉਨ੍ਹਾਂ ਨਾਲ ਅਟੈਚ ਰੱਖੇ ਔਰ ਬਾਅਦ ਵਿੱਚ ਸਰਕਾਰ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਫਿਰ ਉਸ ਥਾਂ ਤੇ ਹੀ ਲਿਆਂਦਾ ਜਿਵੇਂ ਕਿ ਪਿੰਡ ਝੂਮੀਆਂ ਵਾਲੀ, ਘੱਲੂ, ਕਿੱਕਰ ਖੇੜਾ, ਰਾਏਪੁਰ, ਕੇਰਾ ਖੇੜਾ, ਖੇਪਾਂ ਵਾਲੀ, ਆਲਮਗੜ੍ਹ, ਮਲੂਕਪੁਰ, ਰਾਜਪੁਰਾ, ਸ਼ੇਰਗੜ੍ਹ ਹਨ। ਜਦੋਂ ਇਹ ਹਾਈ ਸਕੂਲ ਬਣੇ ਉਸ ਸਮੇਂ ਇਨ੍ਹਾਂ ਪਿੰਡਾਂ ਦੀ ਆਬਾਦੀ ਕੁਝ ਹੋਰ ਸੀ ਔਰ ਅੱਜ ਇਹ 3-3 ਹਜ਼ਾਰ ਵੋਟ ਦੀ ਆਬਾਦੀ ਵਾਲੇ ਪਿੰਡ ਹਨ। ਮੈਂ ਇੱਕ ਹੋਰ ਗੱਲ ਤੁਹਾਨੂੰ ਦੱਸਣੀ ਚਾਹੁੰਦਾ ਹਾਂ ਕਿ ਉਹ ਲੋਕ ਬਾਗੜੀ ਲੋਕ ਹਨ। ਉਹ ਲੋਕ ਆਪਣੀਆਂ ਧੀਆਂ-ਭੈਣਾਂ ਨੂੰ ਜੇ ਪ੍ਰਾਇਮਰੀ ਤੱਕ ਸਕੂਲ ਹੈ ਤਾਂ ਪ੍ਰਾਇਮਰੀ ਤੋਂ ਅੱਗੇ ਪੜ੍ਹਨ ਨੂੰ ਭੇਜਣ ਲਈ ਮੁਨਾਸਿਬ ਨਹੀਂ ਸਮਝਦੇ। ਜੇਕਰ ਸਕੂਲ ਅੱਠਵੀਂ ਤੱਕ ਹੈ ਤਾਂ ਲੜਕੀ ਨੂੰ ਅੱਠਵੀਂ ਤੱਕ ਹੀ ਪੜ੍ਹਾ ਕੇ ਛੱਡ ਦਿੰਦੇ ਹਨ। ਸੋ, ਸਾਡੇ ਸਤਿਕਾਰਯੋਗ ਵਿੱਤ ਮੰਤਰੀ ਸਾਹਿਬ ਪਿੱਛੇ ਜਿਹੇ ਸੀਤੋਗੰਨੋ ਗਊਸ਼ਾਲਾ ਦੇ ਵਿੱਚ ਗਏ ਸਨ, ਉੱਥੇ ਵੀ ਲੋਕਾਂ ਨੇ ਡਿਮਾਂਡ ਕੀਤੀ ਸੀ ਕਿ ਸਾਡਾ ਜਿਹੜਾ ਸਕੂਲ ਹੈ ਉਸ ਨੂੰ ਅਪਗ੍ਰੇਡ ਕੀਤਾ ਜਾਵੇ। ਪੰਜ ਪ੍ਰਾਇਮਰੀ ਸਕੂਲ ਹਨ, ਪਿੰਡ ਰਾਜਾਂਵਾਲੀ, ਸੁਖਚੈਨ, ਪੱਟੀ ਸਦੀਕ, ਰਾਮਗੜ੍ਹ ਅਤੇ ਢਹਿਣੀ ਕੜਾਕਾ ਸਿੰਘ, ਇਹ ਪਿੰਡ ਜਦੋਂ ਦੇ ਵਸੇ ਹਨ ਉਦੋਂ ਦੇ ਹੀ ਪ੍ਰਾਇਮਰੀ ਤੁਰੇ ਆਉਂਦੇ ਹਨ। ਜਿਹੜੀ ਤੁਸੀਂ ਅਪਗ੍ਰੇਡ ਕਰਨ ਦੀ ਤਿੰਨ ਕਿਲੋਮੀਟਰ ਦੀ ਸ਼ਰਤ ਰੱਖੀ ਹੈ ਕਿ ਜੇ ਵੱਧ ਡਿਸਟੈਂਸ ਹੈ ਤਾਂ ਹੀ ਅਪਗ੍ਰੇਡ ਕੀਤਾ ਜਾਵੇਗਾ। ਮੈਂ

Under Print
Not for Legal/Official use

ਸਿੱਖਿਆ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਡੇ ਏਰੀਏ ਵੱਲ ਖਾਸ ਤੌਰ ਤੇ ਧਿਆਨ ਕਰਦੇ ਹੋਏ ਇਸ ਕੰਡੀਸ਼ਨ ਨੂੰ ਖਤਮ ਕੀਤਾ ਜਾਵੇ ਅਤੇ ਸਕੱਤਰ, ਸਕੂਲ ਸਿੱਖਿਆ ਕੋਲ ਸਾਡੇ ਸਕੂਲਾਂ ਦੀ ਜਿਹੜੀ ਲਿਸਟ ਪਈ ਹੈ, ਉਨ੍ਹਾਂ ਸਕੂਲਾਂ ਨੂੰ ਅਪਗ੍ਰੇਡ ਕੀਤਾ ਜਾਵੇ ਜੀ। ਉਸ ਹਲਕੇ ਦਾ ਜਿਹੜਾ ਐਸ.ਸੀ/ਬੀ.ਸੀ. ਸਮਾਜ ਹੈ, ਉਹ ਪਛੜਿਆ ਸਮਾਜ ਹੈ ਅਤੇ ਜੋ ਰਾਜਸਥਾਨ ਦੇ ਬਿਲਕੁਲ ਨਾਲ ਲਗਦਾ ਹੈ। (ਵਿਘਨ) ਵਿਜੈਇੰਦਰ ਸਿੰਗਲਾ ਜੀ, ਸਿੱਖਿਆ ਮੰਤਰੀ ਸਾਹਿਬ ਸਾਡੇ ਏਰੀਏ ਵਿੱਚ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਹਨ। ਅੱਜ ਗੱਲਾਂ ਕਰਨ ਦਾ ਸਮਾਂ ਸੀ ਪਰ ਸੀ.ਐਮ. ਸਾਹਿਬ ਇਸ ਸਮੇਂ ਹਾਜ਼ਰ ਨਹੀਂ ਹਨ, ਕਦੀ ਫਿਰ ਮੌਕਾ ਮਿਲਿਆ ਤਾਂ ਸਾਰੀਆਂ ਗੱਲਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਵਾਂਗਾ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸਕੂਲਾਂ ਦਾ ਜਿਹੜਾ ਰਿਕਾਰਡ ਸੈਕਟਰੀ ਸਾਹਿਬ ਦੇ ਦਫਤਰ ਵਿੱਚ ਉਪਲਬਧ ਹੈ। ਸੋ ਇਨ੍ਹਾਂ ਸਕੂਲਾਂ ਨੂੰ ਅਪਗ੍ਰੇਡ ਕਰਕੇ ਇਸ ਇਲਾਕੇ ਵਿੱਚ ਗਰੀਬ ਅਤੇ ਪਛੜੇ ਵਰਗ ਦੇ ਬੱਚਿਆਂ ਅਤੇ ਬੱਚੀਆਂ ਦਾ ਭਵਿੱਖ ਸੁਧਾਰਨ ਵਿੱਚ ਖਾਸ ਤੌਰ ਤੇ ਮਦਦ ਕੀਤੀ ਜਾਵੇ। ਇਨ੍ਹਾਂ ਸਕੂਲਾਂ ਦੇ ਵਿੱਚ ਕਮਰਿਆਂ ਦੀ ਸਮੱਸਿਆ ਵੀ ਹੈ ਨਾਲ ਹੀ ਬੈਠਣ ਦੀ ਵੀ ਬੜੀ ਸਮੱਸਿਆ ਹੈ। ਜਿਹੜੀ ਬੈਂਚ ਸਪਲਾਈ ਕਰਨ ਵਾਲੀ ਸਕੀਮ ਹੈ ਇਹ ਸਿਰਫ ਦੋ ਸਕੂਲਾਂ ਦੇ ਵਿੱਚ ਹੀ ਪਹੁੰਚੀ ਹੈ। ਮੈਨੂੰ ਉਮੀਦ ਹੈ ਕਿ ਤੁਸੀਂ ਇਸ ਨੂੰ ਇਸੇ ਤਰ੍ਹਾਂ ਜਾਰੀ ਰੱਖਦੇ ਹੋਏ ਬੱਚਿਆਂ ਦੇ ਬੈਠਣ ਲਈ ਵਧੀਆ ਪ੍ਰਬੰਧ ਕਰੋਗੇ। ਸਿੰਗਲਾ ਸਾਹਿਬ, ਮੈਂ ਵਿਸ਼ੇਸ਼ ਤੌਰ ਤੇ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਭਾਵੇਂ ਇਹ ਗੱਲ ਇਸ ਮਤੇ ਨਾਲ ਸਬੰਧਿਤ ਹੈ ਜਾਂ ਨਹੀਂ ਪਰ ਕਈ ਸਕੂਲਾਂ ਵਿੱਚ ਜਿਹੜੇ ਬਿਜਲੀ ਦੇ ਕੁਨੈਕਸ਼ਨ ਹਨ, ਜਿਵੇਂ ਮੇਰੇ ਹਲਕੇ ਦਾ ਪਿੰਡ ਘੱਲੂ ਹੈ, ਮੈਂ ਉੱਥੇ ਪਰਸੋਂ ਸਕੂਲ ਦੇ ਕਮਰੇ ਦੀ ਸ਼ੁਰੂਆਤ ਕਰਵਾਉਣ ਲਈ ਗਿਆ ਸੀ। ਕਈ ਸਕੂਲਾਂ ਵਿੱਚ ਬਿਜਲੀ ਦੇ ਕੁਨੈਕਸ਼ਨਾਂ ਸਬੰਧੀ ਗੱਲ ਸਾਹਮਣੇ ਆਈ ਹੈ ਕਿ ਜੇ ਸਰਕਾਰ ਉਨ੍ਹਾਂ ਸਕੂਲਾਂ ਦਾ ਬਿਜਲੀ ਦੇ ਬਿਲ ਆਪ ਪੇਅ ਕਰੇ। ਕਿਉਂਕਿ ਉਨ੍ਹਾਂ ਸਕੂਲਾਂ ਦੇ ਬਿਜਲੀ ਦੇ ਕੁਨੈਕਸ਼ਨ ਕੱਟਣ ਦਾ ਖਤਰਾ ਪੈਦਾ ਹੋਇਆ ਖੜ੍ਹਾ ਹੈ। ਇੱਥੇ ਵਿੱਤ ਮੰਤਰੀ ਸਾਹਿਬ ਵੀ ਬੈਠੇ ਹਨ ਅਤੇ ਸਿੰਗਲਾ ਸਾਹਿਬ ਤੁਸੀਂ ਵੀ ਇੱਥੇ ਬਿਰਾਜਮਾਨ ਹੋ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਹੋਰ ਕਹਾਂਗਾ ਕਿ ਬੱਚਿਆਂ ਨੂੰ ਸੀਜ਼ਨ ਦੇ ਮੁਤਾਬਕ ਜਿਹੜੀਆਂ ਵਰਦੀਆਂ ਦਿੱਤੀਆਂ ਜਾਂਦੀਆਂ ਹਨ, ਪਿਛਲੀਆਂ ਸਰਦੀਆਂ ਦੇ ਵਿੱਚ ਉਹ ਸਮੇਂ ਸਿਰ ਨਹੀਂ ਪਹੁੰਚੀਆਂ। ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇ ਕਿ ਗਰਮੀਆਂ ਅਤੇ ਸਰਦੀਆਂ ਦੀਆਂ ਵਰਦੀਆਂ ਬੱਚਿਆਂ ਨੂੰ ਸਮੇਂ ਸਿਰ ਮਿਲ ਸਕਣ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਪਾਠ-ਪੁਸਤਕਾਂ ਉਹ ਸੈਸ਼ਨ ਸ਼ੁਰੂ ਹੋਣ ਸਾਰ ਹੀ ਉਨ੍ਹਾਂ ਨੂੰ ਮਿਲ ਜਾਣ ਤਾਂਕਿ ਬੱਚੇ ਆਪਣਾ ਸਿਲੇਬਸ ਟਾਈਮ ਨਾਲ ਪੂਰਾ ਕਰ ਸਕਣ। ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਦੇ ਜਿਹੜੇ ਲੋਕ ਹਨ ਉਹ ਖਾਂਦੇ ਪੀਂਦੇ ਲੋਕ ਹਨ ਉਨ੍ਹਾਂ ਨੇ ਆਪਣੇ ਲੈਵਲ ਉਤੇ ਸਕੂਲਾਂ ਵਿੱਚ ਫੈਕਲਟੀਜ਼ ਟੀਚਰ ਰੱਖੇ ਹਨ, ਲੋਕ ਸਹਿਯੋਗ ਦੇ ਰਹੇ ਹਨ ਜਿਹੜੇ ਕੋਈ ਯੋਗ ਹਨ, ਵਧੀਆ ਹਨ,

Under Print
Not for Legal/Official use

ਵਧੀਆ ਪੜਾਈ ਕਰਵਾਉਣ ਵਿਚ ਆਪਣਾ ਮਾਣ ਸਮਝਦੇ ਹਨ ਉਹ ਲੋਕਾਂ ਨਾਲ ਤਾਲਮੇਲ ਕਰਕੇ, ਪੰਚਾਇਤਾਂ ਨਾਲ ਤਾਲਮੇਲ ਕਰਕੇ ਕੰਮ ਕਰਵਾ ਰਹੇ ਹਨ। ਮੈਂ ਆਪਣੇ ਹਲਕੇ ਦੇ ਇੱਕ ਪਿੰਡ ਖੁੰਭਣ ਦੀ ਮਿਸਾਲ ਦਿਆਂਗਾ ਕਿ ਉਥੇ ਪੰਚਾਇਤ ਨੇ ਹਾਈ ਸਕੂਲ ਵਿਚ ਆਪਣੇ ਲੈਵਲ ਉਤੇ ਚਾਰ ਫੈਕਲਿਟੀ ਟੀਚਰ ਰੱਖੇ ਸਨ, ਉਸ ਸਕੂਲ ਦਾ ਕਾਫੀ ਮਾੜਾ ਹਾਲ ਸੀ । ਮੈਂ ਤੁਹਾਡਾ ਧੰਨਵਾਦੀ ਹਾਂ ਕਿਉਂਕਿ ਪਹਿਲਾਂ ਉਸ ਸਕੂਲ ਵਿਚ ਕਮਰੇ ਨਹੀਂ ਸੀ, ਸੀਨੀਅਰ ਸੈਕੰਡਰੀ ਸਕੂਲ ਹੈ, ਉਸ ਲਈ ਚਾਰ ਕਮਰੇ ਤੁਸੀਂ ਮੈਨੂੰ ਪਹਿਲਾਂ ਦਿੱਤੇ ਹਨ। ਤਿੰਨ ਕਮਰੇ ਹੁਣ ਦਿੱਤੇ ਹਨ, ਇਸ ਨਾਲ ਉਥੇ ਕੁਝ ਨਾ ਕੁਝ ਮਾਹੌਲ ਠੀਕ ਹੋਇਆ ਹੈ, ਪੜਾਈ ਵਾਲੇ ਪਾਸੇ ਬੱਚਿਆਂ ਦਾ ਧਿਆਨ ਵੀ ਗਿਆ ਹੈ। ਸੋ, ਤੁਸੀਂ ਜਿਸ ਤਰ੍ਹਾਂ ਪ੍ਰੋਗਰਾਮ ਸ਼ੁਰੂ ਕੀਤਾ ਹੈ, ਸਾਰੇ ਜਿਹੜੇ ਡਿਮਾਲਿਸ਼ ਹੋਏ ਕਮਰੇ ਹਨ ਜਾਂ ਜਿਹੜੇ ਪੁਰਾਣੇ ਕਮਰੇ ਹਨ ਉਨ੍ਹਾਂ ਬਾਰੇ ਸਾਰੇ ਡੀ.ਈ.ਓਜ਼ ਤੋਂ ਪੂਰੇ ਪੰਜਾਬ ਦੀ ਰਿਪੋਰਟ ਲੈ ਕੇ ਸਬੰਧਤ ਹਲਕਿਆਂ ਦੇ ਇੰਚਾਰਜ, ਐਮ.ਐਲ.ਏਜ਼ ਹਨ ਉਨ੍ਹਾਂ ਨਾਲ ਤਾਲਮੇਲ ਰੱਖ ਕੇ ਜਿਹੜੇ ਪੁਰਾਣੇ ਕਮਰੇ ਬਣੇ ਹਨ ਉਨ੍ਹਾਂ ਨੂੰ ਨਵੀਂ ਦਿਸ਼ਾ ਦੇਣ ਲਈ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤੇ ਜਾਣ ਜੀ। ਤੁਸੀਂ ਹਿੰਮਤੀ ਹੋ, ਨੌਜਵਾਨ ਹੋ, ਇਸ ਸਬੰਧ ਵਿਚ ਤੁਸੀਂ ਧਿਆਨ ਵੀ ਰੱਖਦੇ ਹੋ ਔਰ ਦੂਸਰਾ ਪੀ.ਡਬਲਯੂ.ਡੀ. ਮਹਿਕਮਾ ਵੀ ਤੁਹਾਡੇ ਕੋਲ ਹੀ ਹੈ, ਕਮਰਿਆਂ ਨੂੰ ਕਿਵੇਂ ਕੰਸਟ੍ਰਕਟ ਕਰਨਾ ਹੁੰਦਾ ਹੈ ਉਸ ਬਾਰੇ ਤੁਹਾਨੂੰ ਸਾਰੀ ਜਾਣਕਾਰੀ ਵੀ ਹੈ। ਸੋ, ਤੁਸੀਂ ਇਸ ਪਾਸੇ ਯੋਗ ਧਿਆਨ ਦਿਉਗੇ। ਸੋ, ਮੈਂ ਇੱਕ ਗੱਲ ਕਹਿ ਕੇ ਖਤਮ ਕਰਨੀ ਚਾਹਾਂਗਾ ਕਿ ਆਪਣੇ ਬਜੁਰਗਾਂ ਨੇ, ਸਿੰਗਲਾ ਸਾਹਿਬ ਤੁਹਾਡੇ ਬਜੁਰਗ ਵੀ, ਮੇਰੇ ਬਜੁਰਗ ਵੀ, ਵਿੱਤ ਮੰਤਰੀ ਸਾਹਿਬ ਦੇ ਬਜੁਰਗ ਵੀ ਇਨ੍ਹਾਂ ਸਾਰਿਆਂ ਨੇ ਪੰਜਾਬ ਨੂੰ ਪੰਜਾਬੀ ਸੂਬਾ ਬਣਾਉਣ ਵਾਸਤੇ ਬੜੀਆਂ ਜਦੋ ਜਹਿਦਾਂ ਕੀਤੀਆਂ ਸਨ। ਕਈਆਂ ਨੇ ਜੇਲ੍ਹਾਂ ਕੱਟੀਆਂ ਪਰ ਅਸੀਂ ਪੰਜਾਬੀ ਨੂੰ ਪੰਜਾਬ ਵਿਚ ਚੰਗੀ ਤਰ੍ਹਾਂ ਲਾਗੂ ਨਹੀਂ ਕਰ ਸਕੇ। ਜਿਹੜਾ ਮੇਰੇ ਵਰਗਾ ਕੋਈ ਦਸਵੀਂ ਪਾਸ ਹੁੰਦਾ ਹੈ ਉਸ ਨੂੰ ਤੁਹਾਡੀ ਅੰਗਰੇਜ਼ੀ ਸਮਝ ਨਹੀਂ ਆਉਂਦੀ ਔਰ ਮਾੜੀ ਗੱਲ ਇਹ ਹੈ, ਇਹ ਹੱਸਣ ਵਾਲੀ ਗੱਲ ਨਹੀਂ, ਜਿਹੜੀ ਗੱਲ ਮੈਂ ਕਹਿਣ ਲੱਗਿਆ ਹਾਂ ਕਿ ਪੰਜਾਬੀ ਸਾਡੀ ਮਾਤਰੀ ਭਾਸ਼ਾ ਹੈ, ਸਾਡੇ ਸਾਰੇ ਸਕੂਲਾਂ ਵਿੱਚ ਪੰਜਾਬੀ ਟੀਚਰ, ਪੰਜਾਬੀ ਲੈਕਚਰਾਰ ਦੀਆਂ ਪੋਸਟਾਂ ਸੈਂਕਸ਼ਨਡ ਨਹੀਂ, ਹਿੰਦੀ ਜਿਹੜੀ ਸਾਡੀ ਨੈਸ਼ਨਲ ਭਾਸ਼ਾ ਹੈ, ਉਸ ਦੀਆਂ ਸਾਰੇ ਸਕੂਲਾਂ ਵਿਚ ਪੋਸਟਾਂ ਸੈਂਕਸ਼ਨਡ ਨਹੀਂ। ਮੇਰਾ ਏਰੀਆ ਹਿੰਦੀ ਭਾਸ਼ੀ ਏਰੀਆ ਹੈ ਔਰ ਉਸ ਏਰੀਏ ਦੇ ਕਈ ਟੀਚਰ, ਆਹ, ਤੁਹਾਡੇ ਬਾਰਡਰ ਵਾਲੇ ਪਾਸੇ ..

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਕੋਲੋਂ ਇੱਕ ਕੁਰੈਕਸ਼ਨ ਕਰਵਾਉਣੀ ਚਾਹੁੰਦਾ ਹਾਂ ਕਿ ਸਾਡੀ ਕੋਈ ਰਾਸ਼ਟਰੀ ਭਾਸ਼ਾ ਨਹੀਂ ਹੈ, ਸਾਡੀਆਂ 22 ਰਾਸ਼ਟਰੀ ਭਾਸ਼ਾਵਾਂ ਹਨ।

Under Print
Not for Legal/Official use

**ਸ਼੍ਰੀ ਨੱਥੂ ਰਾਮ:** ਚਲੋ, ਮੈਂ ਆਪਣੀ ਇਸ ਗੱਲ ਨੂੰ ਵਾਪਸ ਲੈਂਦਾ ਹਾਂ ਜਿਹੜੀ ਭਾਸ਼ਾ ਹੈ ਉਹ ਲਿਖ ਦਿਉ । ਤੁਸੀਂ ਕਦੇ ਲੋਕ ਸਭਾ ਦੀ ਡਿਬੇਟ ਸੁਣਿਆ ਕਰੋ ਜਿਹੜੇ ਸਾਡੇ ਕਾਂਗਰਸ ਪਾਰਟੀ ਦੇ ਲੀਡਰ ਸ਼੍ਰੀ ਅਧੀਰ ਰੰਜਨ ਜੀ ਹਨ ਉਹ ਵੈਸਟ ਬੰਗਾਲ ਨਾਲ ਸਬੰਧ ਰੱਖਦੇ ਹਨ, ਉਹ ਵੀ ਹਿੰਦੀ ਬੋਲਦੇ ਹਨ, ਇਹ ਨੈਸ਼ਨਲ ਭਾਸ਼ਾ ਲਗਾ ਲਵੋ, ਰਾਸ਼ਟਰੀ ਭਾਸ਼ਾ ਲਗਾ ਲਵੋ, ਜਿਹੜੀ ਮਰਜ਼ੀ ਲਗਾ ਲਵੋ, ਸਾਰਿਆਂ ਨੇ ਇਸ ਨੂੰ ਰਿਕੋਗਨਾਈਜ਼ ਕੀਤਾ ਹੈ। ਹਿੰਦੀ ਦੀਆਂ ਸਾਡੇ ਸਾਰੇ ਸਕੂਲਾਂ ਵਿਚ ਪੋਸਟਾਂ ਸੈਂਕਸ਼ਨਡ ਨਹੀਂ ਹਨ । ਮੇਰੀ ਬੇਨਤੀ ਹੈ ਕਿ ਇਸ ਪਾਸੇ ਵੀ ਤੁਸੀਂ ਪੂਰਾ ਧਿਆਨ ਦੇ ਕੇ ਜਦੋਂ ਆਪਾਂ ਨੇਸ਼ਨ ਨੂੰ ਬਿਲਡ ਕਰਨ ਵਾਲੇ ਪਾਸੇ, ਪੰਜਾਬ ਨੂੰ ਤਰੱਕੀ ਕਰਵਾਉਣ ਵਾਲੇ ਪਾਸੇ ਲੈ ਕੇ ਜਾਂਦੇ ਹਾਂ ਤਾਂ ਹੀ ਤਰੱਕੀ ਹੋਵੇਗੀ ਜੇ ਸਕੂਲਾਂ ਦਾ ਸੁਧਾਰ ਕਰਾਂਗੇ, ਬੱਚਿਆਂ ਦੀ ਪੜਾਈ ਦਾ ਪੂਰਾ ਪ੍ਰਬੰਧ ਕਰਾਂਗੇ, ਉਨ੍ਹਾਂ ਸਕੂਲਾਂ ਨੂੰ ਵਧੀਆ ਇੰਫ੍ਰਾਸਟ੍ਰਕਚਰ ਦਿਆਂਗੇ। ਸੋ, ਇਸ ਕਰਕੇ ਤੁਹਾਡੇ ਅੱਗੇ ਬੇਨਤੀ ਕਰਦਾ ਹੋਇਆ ਉਮੀਦ ਕਰਦਾ ਹਾਂ ਕਿ ਵਿੱਤ ਮੰਤਰੀ ਸਾਹਿਬ ਇਸ ਪਾਸੇ ਵੱਲ ਪੂਰਾ ਧਿਆਨ ਦੇਣਗੇ, ਐਜੂਕੇਸ਼ਨ ਵਾਲੇ ਪਾਸੇ ਵੱਧ ਤੋਂ ਵੱਧ ਫੰਡ ਮੁਹੱਈਆ ਕਰਵਾਉਣ ਵਿਚ ਤੁਹਾਡੀ ਮੱਦਦ ਕਰਨਗੇ। ਅੱਜ ਦੇ ਸਮੇਂ ਵਿੱਚ ਦੋ ਹੀ ਚੀਜ਼ਾਂ ਦੀ ਜ਼ਰੂਰਤ ਹੈ, ਐਜੂਕੇਸ਼ਨ ਤੇ ਹੈਲਥ। ਐਜੂਕੇਸ਼ਨ ਦੇ ਨਾਲ ਰੁਜ਼ਗਾਰ ਮਿਲੇਗਾ, ਵਧੀਆ ਪੜ੍ਹਾਈ ਹੋਵੇਗੀ, ਵਧੀਆ ਸਿਹਤ ਹੋਵੇਗੀ ਅਤੇ ਨੌਜਵਾਨ ਨੂੰ ਵਧੀਆ ਨੌਕਰੀ ਮਿਲ ਜਾਵੇਗੀ ਤਾਂ ਕਿਸੇ ਕਿਸਮ ਦੀ ਘਾਟ ਨਾ ਹੋਣ ਤੇ ਸੂਬਾ ਹਮੇਸ਼ਾ ਤਰੱਕੀਆਂ ਕਰਦਾ ਹੈ।

ਮੈਂ ਇਕ ਦੋ ਗੱਲਾਂ ਹੋਰ ਕਰਨੀਆਂ ਹਨ। ਸਿੰਗਲਾ ਸਾਹਿਬ, ਸਾਡੇ ਸਮੇਂ ਵਿੱਚ ਹਰੇਕ ਸਕੂਲ ਵਿੱਚ ਪੀ.ਟੀ.ਆਈ ਦੀ ਪੋਸਟ ਹੁੰਦੀ ਸੀ, ਐਨ.ਸੀ.ਸੀ ਹੁੰਦੀ ਸੀ। ਸਾਡੇ ਜ਼ਮਾਨੇ ਵਿੱਚ ਜਦੋਂ ਫਿਜ਼ੀਕਲ ਐਜੂਕੇਸ਼ਨ ਦਾ ਸਾਡਾ ਪੀਰੀਅਡ ਲਗਦਾ ਹੁੰਦਾ ਸੀ, ਉਸ ਪੀਰੀਅਡ ਰਾਹੀਂ ਹਾਕੀ ਦੇ ਖਿਡਾਰੀ, ਕ੍ਰਿਕਟ ਦੇ ਖਿਡਾਰੀ, ਵਾਲੀਬਾਲ ਦੇ ਖਿਡਾਰੀ ਸਕੂਲਾਂ ਵਿਚੋਂ ਹੀ ਪੈਦਾ ਹੋ ਕੇ ਆ ਜਾਂਦੇ ਸਨ। ਉਹ ਪੋਸਟਾਂ ਸੈਂਕਸ਼ਨ ਕਰਵਾ ਕੇ ਹਰੇਕ ਸਕੂਲ ਵਿੱਚ ਇਹ ਪੀਰੀਅਡ ਸ਼ੁਰੂ ਕਰਵਾਏ ਜਾਣ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਵਿੱਤ ਮੰਤਰੀ ਜੀ ਦਾ, ਸਿੰਗਲਾ ਜੀ ਦਾ ਅਤੇ ਸਾਰਿਆਂ ਦਾ ਧੰਨਵਾਦੀ ਹਾਂ, ਸਾਰੇ ਸਾਥੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਵਿਚਾਲੇ ਇੰਟ੍ਰਪਟ ਨਹੀਂ ਕੀਤਾ। ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ। ਜੈ ਹਿੰਦ।

**ਡਾਕਟਰ ਸੁਖਵਿੰਦਰ ਕੁਮਾਰ (ਬੰਗਾ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਅੱਜ ਬਹੁਤ ਹੀ ਅਹਿਮ ਸਰਕਾਰੀ, ਪ੍ਰਾਇਮਰੀ ਅਤੇ ਐਲੀਮੈਂਟਰੀ ਸਕੂਲਾਂ ਦਾ ਗੈਰ ਸਰਕਾਰੀ ਮਤਾ ਰੱਖਿਆ ਗਿਆ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਦੇਸ਼ ਦਾ ਫਿਊਚਰ ਜਿਹੜੇ ਸਾਡੇ ਬੱਚੇ ਹਨ, ਜੇਕਰ ਉਨ੍ਹਾਂ ਨੂੰ ਚੰਗੀ ਐਜੂਕੇਸ਼ਨ ਮਿਲ

Under Print
Not for Legal/Official use

ਜਾਵੇ ਤਾਂ ਮੈਂ ਸਮਝਦਾ ਹਾਂ ਕਿ ਉਹ ਦੇਸ਼ ਦੀ ਤਰੱਕੀ ਵਿੱਚ ਆਪਣਾ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਨ। ਅੱਜ ਸਰਕਾਰ 'ਪੜ੍ਹੋ ਪੰਜਾਬ' ਦਾ ਨਾਅਰਾ ਦੇ ਰਹੀ ਹੈ। ਜਿੱਥੇ ਇਨ੍ਹਾਂ ਨੇ ਚੰਗੀ ਅਤੇ ਸੁਰੱਖਿਅਤ ਬਿਲਡਿੰਗ ਦੀ ਗੱਲ ਕੀਤੀ ਹੈ, ਮੈਂ ਸਮਝਦਾ ਹਾਂ ਕਿ ਇਕੱਲੀ ਬਿਲਡਿੰਗ ਸਾਡੇ ਬੱਚਿਆਂ ਨੂੰ ਚੰਗੀ ਐਜੂਕੇਸ਼ਨ ਨਹੀਂ ਦੇ ਸਕਦੀ। ਉਸ ਦੇ ਨਾਲ ਨਾਲ ਉਨ੍ਹਾਂ ਨੂੰ ਦੂਸਰੀਆਂ ਸਹੂਲਤਾਂ ਵੀ ਦੇਣੀਆਂ ਬਹੁਤ ਜ਼ਰੂਰੀ ਹਨ। ਜਿਸ ਸਦਨ ਵਿੱਚ ਅੱਜ ਅਸੀਂ ਬੈਠੇ ਹਾਂ, ਇਹ ਜਿਹੜੀ ਬਿਲਡਿੰਗ ਹੈ ਜੇਕਰ ਇੱਥੇ ਐਮ.ਐਲ.ਏ ਨਾ ਹੋਣ ਤਾਂ ਇਸ ਬਿਲਡਿੰਗ ਦੀ ਕੋਈ ਵੈਲਿਊ ਨਹੀਂ ਹੈ। ਇਸ ਦੀ ਵੈਲਿਊ ਇਸ ਕਰਕੇ ਹੈ ਕਿਉਂਕਿ ਇੱਥੇ ਲੋਕਾਂ ਦੇ ਚੁਣੇ ਹੋਏ 117 ਨੁਮਾਇੰਦੇ ਆਉਂਦੇ ਹਨ। ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ, 'ਪੜ੍ਹੋ ਪੰਜਾਬ' ਦੇ ਤਹਿਤ ਜਿੱਥੇ ਸਾਨੂੰ ਸਕੂਲਾਂ ਵਿੱਚ ਚੰਗੇ ਅਧਿਆਪਕ ਚਾਹੀਦੇ ਹਨ, ਉਨ੍ਹਾਂ ਦੀ ਗਿਣਤੀ ਪੂਰੀ ਚਾਹੀਦੀ ਹੈ, ਮੈਂ ਸਮਝਦਾ ਹਾਂ ਕਿ ਜਿੰਨਾ ਚਿਰ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ ਪੂਰੀ ਨਹੀਂ ਹੁੰਦੀ, ਉਤਨਾ ਚਿਰ ਚੰਗੀ ਐਜੂਕੇਸ਼ਨ ਨਹੀਂ ਦਿੱਤੀ ਜਾ ਸਕਦੀ।

ਮੈਂ ਦੂਜੇ ਜ਼ਿਲ੍ਹਿਆਂ ਦੀ ਗੱਲ ਨਾ ਕਰਦਾ ਹੋਇਆ ਆਪਣੇ ਜ਼ਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਅਤੇ ਉਸ ਦੇ ਸਕੂਲਾਂ ਦੀ ਕਰਾਂਗਾ, ਜਿੱਥੇ 425 ਦੇ ਕਰੀਬ ਸਕੂਲ ਹਨ ਅਤੇ ਇਨ੍ਹਾਂ ਵਿਚੋਂ 133 ਦੇ ਕਰੀਬ ਉਹ ਸਕੂਲ ਹਨ, ਜਿੱਥੇ ਸਿੰਗਲ ਟੀਚਰ ਹਨ। ਜਿੱਥੇ ਅੱਜ ਕਲ੍ਹ ਘਰ ਵਿੱਚ ਕਿਸੇ ਮਾਂ ਕੋਲ 1 ਜਾਂ 2 ਬੱਚੇ ਹੁੰਦੇ ਹਨ ਅਤੇ ਉਹ ਬੱਚੇ ਵੀ ਉਹ ਮਸਾਂ ਹੀ ਸੰਭਾਲਦੀ ਹੈ, ਇਕ ਟੀਚਰ ਜਿਸ ਨੇ ਬੱਚੇ ਨੂੰ ਚੰਗੀ ਐਜੂਕੇਸ਼ਨ ਦੇਣੀ ਹੈ, ਉਸ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਕੁਝ ਸਿਖਾਉਣਾ ਹੈ, ਮੈਂ ਸਮਝਦਾ ਹਾਂ ਕਿ ਉਹ ਇਕ ਅਧਿਆਪਕ ਪੰਜ ਕਲਾਸਾਂ ਨੂੰ ਨਹੀਂ ਪੜ੍ਹਾ ਸਕਦਾ। ਤੁਹਾਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਜੇ ਅਸੀਂ ਚੰਗੀ ਬਿਲਡਿੰਗ ਬਣਾਉਣੀ ਹੈ ਤਾਂ ਉਸ ਦੇ ਨਾਲ ਨਾਲ ਪੂਰੇ ਟੀਚਰ ਵੀ ਹੋਣੇ ਚਾਹੀਦੇ ਹਨ। ਇਹ ਵੀ ਬੜੀ ਹੈਰਾਨੀ ਦੀ ਗੱਲ ਹੈ ਕਿ ਹਰ ਇਕ ਪਿੰਡ ਵਿੱਚ 1-2 ਸਕੂਲ ਹਨ ਅਤੇ ਉਸੇ ਪਿੰਡ ਵਿੱਚ ਹੀ ਪ੍ਰਾਈਵੇਟ ਸਕੂਲ ਵੀ ਖੁੱਲ੍ਹੇ ਹੋਏ ਹਨ। ਲੋਕਾਂ ਦਾ ਰੁਝਾਨ ਗੌਰਮਿੰਟ ਸਕੂਲਾਂ ਵੱਲ ਬਹੁਤ ਥੋੜ੍ਹਾ ਹੈ। ਇਥੋਂ ਤੱਕ ਕਿ ਕਈ ਵਾਰੀ ਬੱਚਿਆਂ ਦੀ ਗਿਣਤੀ ਘੱਟ ਹੋਣ ਕਾਰਨ ਸਕੂਲ ਬੰਦ ਕਰਨੇ ਪੈਂਦੇ ਹਨ। ਜਿਹੜੇ ਪ੍ਰਾਈਵੇਟ ਸਕੂਲ ਹਨ, ਉਹ ਫੀਸ ਵੀ ਜ਼ਿਆਦਾ ਲੈਂਦੇ ਹਨ ਅਤੇ ਜਿਹੜਾ ਉਥੋਂ ਦਾ ਸਟਾਫ ਹੈ ਉਹ ਵੀ ਇੰਨਾ ਪੜ੍ਹਿਆ ਲਿਖਿਆ ਨਹੀਂ ਹੁੰਦਾ। ਹੈਰਾਨੀ ਦੀ ਗੱਲ ਹੈ ਕਿ ਜੇਕਰ ਗੌਰਮਿੰਟ ਸਕੂਲਾਂ ਦੇ ਟੀਚਰਾਂ ਦੇ ਅੰਕੜੇ ਇਕੱਠੇ ਕਰੀਏ ਤਾਂ ਤੁਹਾਨੂੰ ਪੰਜਾਬ ਵਿੱਚ 5-7% ਤੱਕ ਟੀਚਰ ਮਸਾਂ ਮਿਲਣਗੇ ਜਿਨ੍ਹਾਂ ਦੇ ਆਪਣੇ ਬੱਚੇ ਗੌਰਮਿੰਟ ਸਕੂਲਾਂ ਵਿੱਚ ਪੜ੍ਹਦੇ ਹੋਣਗੇ। ਸਾਰਿਆਂ ਦੇ ਬੱਚੇ ਪਿੰਡ ਵਿਚਲੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਦੇ ਹਨ। ਇਸ ਦੇ ਪਿੱਛੇ ਜਿਹੜੇ ਕਾਰਨ ਹਨ, ਉਨ੍ਹਾਂ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਜਿਹੜੀ ਐਲੀਮੈਂਟਰੀ ਟੀਚਰਜ਼ ਦੀ ਗੱਲ ਹੈ, ਇਹ ਘੱਟੋ ਘੱਟ ਇੱਕ ਸਕੂਲ ਵਿੱਚ 7 ਟੀਚਰ ਹੋਣੇ ਚਾਹੀਦੇ ਹਨ ਪਰ ਪੰਜਾਬ ਦੇ ਵਿੱਚ ਮੈਂ ਸਮਝਦਾ ਹਾਂ ਕਿ ਕਿਤੇ ਵੀ ਇੱਕ ਦੋ ਜਾਂ ਤਿੰਨ ਤੋਂ ਵੱਧ ਟੀਚਰਜ਼ ਨਹੀਂ

Under Print
Not for Legal/Official use

ਹਨ। ਇਹ ਕ੍ਰਾਈਟੇਰੀਆ ਰੱਖਿਆ ਗਿਆ ਹੈ ਕਿ 30 ਸਟੂਡੈਂਟਸ ਦੇ ਪਿੱਛੇ ਇੱਕ ਟੀਚਰ ਦਿੱਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਸਾਡੇ ਪੰਜਾਬ ਦੇ ਗੌਰਮਿੰਟ ਸਕੂਲਾਂ ਦਾ ਬਹੁਤ ਮਾੜਾ ਹਾਲ ਹੋਇਆ ਹੈ। ਹਰੇਕ ਐਲੀਮੈਂਟਰੀ ਸਕੂਲ ਵਿੱਚ ਘੱਟ ਤੋਂ ਘੱਟ ਦੋ ਟੀਚਰਜ਼ ਤਾਂ ਜ਼ਰੂਰ ਦੇਣੇ ਚਾਹੀਦੇ ਹਨ। ਇਸ ਦੇ ਨਾਲ ਦੂਸਰੀਆਂ ਚੀਜ਼ਾਂ ਹਨ, ਜਿਵੇਂ ਕਿ ਮਿੱਡ ਡੇਅ ਮੀਲ ਹੈ, ਸਟੱਡੀ ਵਿੱਚ ਇਹ ਦੇਖਿਆ ਗਿਆ ਹੈ ਕਿ ਬੇਸ਼ੱਕ ਉਹ ਪ੍ਰਾਈਵੇਟ ਸਕੂਲ ਹੋਣ ਭਾਵੇਂ ਸਰਕਾਰੀ ਸਕੂਲ ਹੋਣ, ਜਿਹੜੇ ਸਕੂਲਾਂ ਦੇ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਕੁਝ ਖਾਣ ਨੂੰ ਦਿੱਤਾ ਜਾਂਦਾ ਹੈ, ਉਨ੍ਹਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਅਤੇ ਡਰਾਪ ਆਊਟ ਰੇਟ ਬਹੁਤ ਥੋੜ੍ਹਾ ਹੁੰਦਾ ਹੈ। ਪਹਿਲਾਂ ਵੀ ਇਹ ਸਟੱਡੀ ਕੀਤੀ ਸੀ ਕਿ ਜੇ ਬੱਚਿਆਂ ਨੂੰ ਕੁਝ ਖਾਣ ਨੂੰ ਦਿੰਦੇ ਹਾਂ ਤਾਂ ਬੱਚੇ ਉਥੋਂ ਹਟਦੇ ਨਹੀਂ ਪਰ ਇਹ ਹੈਰਾਨੀ ਦੀ ਗੱਲ ਹੈ ਕਿ ਜਿਹੜੇ ਸਾਡੇ ਪ੍ਰਾਈਵੇਟ ਸਕੂਲ ਹਨ, ਉਨ੍ਹਾਂ ਦਾ ਡਰਾਪ ਆਊਟ ਰੇਟ ਘੱਟ ਹੈ ਪ੍ਰੰਤੂ ਸਾਡੇ ਪੰਜਾਬ ਵਿੱਚ ਸਰਕਾਰੀ ਸਕੂਲ ਜਿਥੇ ਕਿ ਸਾਰਾ ਕੁਝ ਫਰੀ ਮਿਲਦਾ ਹੈ, ਉਥੇ ਡਰਾਪ ਆਊਟ ਰੇਟ ਬੜਾ ਜ਼ਿਆਦਾ ਹੈ। ਜਿਹੜੇ ਬੱਚੇ ਸਕੂਲਾਂ ਵਿੱਚ ਪੜ੍ਹਨ ਜਾਂਦੇ ਹਨ, ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਦਸਵੀਂ ਜਮਾਤ ਤੱਕ ਪਹੁੰਚਦੇ ਪਹੁੰਚਦੇ ਘੱਟ ਜਾਂਦੀ ਹੈ। ਸਰਕਾਰੀ ਸਕੂਲਾਂ ਦੇ 20-25% ਵਿਦਿਆਰਥੀ ਅੱਗੇ ਤੱਕ ਪੜ੍ਹਨ ਲਈ ਨਹੀਂ ਜਾਂਦੇ ਜੋ ਕਿ ਬੜੀ ਚਿੰਤਾ ਦਾ ਵਿਸ਼ਾ ਹੈ।

ਮੈਂ ਜਿਹੜੀ ਸਭ ਤੋਂ ਵੱਡੀ ਗੱਲ ਮਹਿਸੂਸ ਕਰਦਾ ਹਾਂ ਕਿ ਜਦੋਂ ਸਵੇਰੇ ਬੱਚਾ ਸਕੂਲ ਜਾਣ ਲਈ ਤਿਆਰ ਹੁੰਦਾ ਹੈ, ਇੱਕ ਪ੍ਰਾਈਵੇਟ ਸਕੂਲ ਦੇ ਬੱਚੇ ਨੂੰ ਉਸ ਦੀ ਮਾਂ ਤਿਆਰ ਕਰਕੇ ਬਾਹਰ ਖੜ੍ਹਾ ਕਰਦੀ ਹੈ, ਸਕੂਲ ਦੀ ਬੱਸ ਆਉਂਦੀ ਹੈ ਅਤੇ ਉਹ ਬੱਸ ਉਸ ਨੂੰ ਲੈ ਕੇ ਜਾਂਦੀ ਹੈ ਪ੍ਰੰਤੂ ਦੂਸਰਾ ਬੱਚਾ, ਜਿਹੜਾ ਗੌਰਮਿੰਟ ਸਕੂਲ ਵਿੱਚ ਪੜ੍ਹਦਾ ਹੈ, ਉਸ ਕੋਲ ਸਕੂਲ ਵਿੱਚ ਜਾਣ ਵਾਸਤੇ ਕੁਝ ਨਹੀਂ ਹੁੰਦਾ, ਨਾ ਸਕੂਲ ਬੱਸ ਆਉਂਦੀ ਹੈ, ਨਾ ਉਸ ਬੱਚੇ ਕੋਲ ਚੰਗੀ ਵਰਦੀ ਹੁੰਦੀ ਹੈ, ਨਾ ਉਸ ਕੋਲ ਚੰਗੇ ਪੈਨ ਤੇ ਸ਼ੂਜ਼ ਆਦਿ ਹੁੰਦੇ ਹਨ ਅਤੇ ਨਾ ਹੀ ਉਸ ਕੋਲ ਵਧੀਆ ਕਿਤਾਬਾਂ ਹੁੰਦੀਆਂ ਹਨ ਜਿਸ ਕਾਰਨ ਉਹ ਹੀਣ ਭਾਵਨਾ ਵਿਚ ਆ ਜਾਂਦਾ ਹੈ, ਉਸ ਵਿੱਚ ਕੰਪਲੈਕਸ ਆ ਜਾਂਦਾ ਹੈ ਕਿ ਪ੍ਰਾਈਵੇਟ ਸਕੂਲ ਵਿੱਚ ਪੜ੍ਹਨ ਵਾਲਾ ਬੱਚਾ ਹੁਸ਼ਿਆਰ ਹੈ ਅਤੇ ਮੈਂ ਕਮਜ਼ੋਰ ਹਾਂ। ਜੇ ਅੱਜ ਤੋਂ 25-30 ਸਾਲ ਪਹਿਲਾਂ ਦੀ ਗੱਲ ਕਰੀਏ, ਮੇਰੇ ਬਹੁਤ ਸਾਰੇ ਸਾਥੀ ਵੀ ਗੌਰਮਿੰਟ ਸਕੂਲਾਂ ਵਿੱਚ ਪੜ੍ਹੇ ਹੋਣਗੇ, ਆਪਾਂ ਗੌਰਮਿੰਟ ਸਕੂਲਾਂ ਵਿੱਚ ਹੀ ਪੜ੍ਹੇ ਹਾਂ, ਮੈਂ ਆਪਣੀ ਜ਼ਿੰਦਗੀ ਵਿੱਚ ਜਿੰਨੀ ਵੀ ਤਰੱਕੀ ਕੀਤੀ ਹੈ, ਮੈਂ ਅੱਜ ਜਿਥੇ ਵੀ ਪਹੁੰਚਿਆ ਹਾਂ, ਉਹ ਬਾਬਾ ਸਾਹਿਬ ਅੰਬੇਦਕਰ ਜੀ ਦੀ ਬਦੌਲਤ ਪਹੁੰਚਿਆ ਹਾਂ ਔਰ ਉਨ੍ਹਾਂ ਵੱਲੋਂ ਦਿੱਤੇ ਹੱਕਾਂ ਦੀ ਬਦੌਲਤ ਪਹੁੰਚਿਆ ਹਾਂ, ਉਨ੍ਹਾਂ ਨੇ ਸਾਨੂੰ ਪੜ੍ਹਨ ਲਿਖਣ ਦਾ ਹੱਕ ਲੈ ਕੇ ਦਿੱਤਾ ਔਰ ਸਰਕਾਰਾਂ ਨੇ, ਭਾਵੇਂ ਕਿਸੇ ਦੀ ਵੀ ਸਰਕਾਰ ਹੋਵੇ, ਉਨ੍ਹਾਂ ਨੇ ਅਜਿਹੇ ਗੌਰਮਿੰਟ ਸਕੂਲ ਇਸਟੈਬਲਿਸ਼ ਕਰਕੇ ਦਿੱਤੇ ਸੀ ਜਿਥੇ ਲੋਕਾਂ ਦਾ ਵਿਸ਼ਵਾਸ ਸੀ ਪ੍ਰੰਤੂ ਅੱਜ 25-30 ਸਾਲਾਂ ਦੌਰਾਨ ਲੋਕਾਂ ਦਾ ਵਿਸ਼ਵਾਸ ਗੌਰਮਿੰਟ ਸਕੂਲਾਂ ਤੋਂ ਟੁੱਟ ਚੁੱਕਿਆ ਹੈ।

Under Print
Not for Legal/Official use

ਇਸ ਦੇ ਵਿੱਚ ਸਾਨੂੰ ਸੁਧਾਰ ਲਿਆਉਣ ਦੀ ਲੋੜ ਹੈ । ਮੈਂ ਸਕੂਲਾਂ ਦੀ ਟਰਾਂਸਪੋਰਟੇਸ਼ਨ ਬਾਰੇ ਗੱਲ ਕਰਦਾ ਹਾਂ। ਮੈਂ ਸੁਣਿਆ ਹੈ ਕਿ ਸਰਕਾਰ ਵੱਲੋਂ ਹੁਣ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਵੀ ਬੱਸਾਂ ਰਾਹੀਂ ਸਕੂਲਾਂ ਵਿੱਚ ਲਿਜਾਇਆ ਜਾਇਆ ਕਰੇਗਾ। ਮੈਂ ਸਮਝਦਾ ਹਾਂ ਕਿ ਜੇਕਰ ਸਰਕਾਰ ਅਜਿਹੀ ਪਾਲਿਸੀ ਬਣਾਉਂਦੀ ਹੈ ਤਾਂ ਇਹ ਬਹੁਤ ਵੱਡਾ ਸ਼ਲਾਘਾਯੋਗ ਕਦਮ ਹੋਵੇਗਾ ਅਤੇ ਇਸ ਦੇ ਨਾਲ ਐਜੂਕੇਸ਼ਨ ਬੈਟਰ ਹੋਵੇਗੀ।

ਐਜੂਕੇਸ਼ਨ ਅਤੇ ਹੈਲਥ ਦੋ ਬਹੁਤ ਵੱਡੇ ਇੰਪਾਰਟੈਂਟ ਮੁੱਦੇ ਹਨ, ਜਿਨ੍ਹਾਂ ਦੇ ਕਾਰਨ ਸਾਡੀ ਸਟੇਟ ਦੀ, ਸਾਡੇ ਦੇਸ਼ ਦੀ ਅਤੇ ਸਾਡੇ ਆਮ ਲੋਕਾਂ ਦੀ ਤਰੱਕੀ ਹੁੰਦੀ ਹੈ। ਬੜੀ ਹੈਰਾਨੀ ਹੁੰਦੀ ਹੈ ਜਦੋਂ ਸਾਡੇ ਕੋਲ ਸਿਵਲ ਸਰਜਨ ਦਾ ਸਰਕੂਲਰ ਆਉਂਦਾ ਹੈ ਕਿ ਇਨ੍ਹਾਂ ਇਨ੍ਹਾਂ ਬਿਮਾਰੀਆਂ ਦਾ ਇਲਾਜ ਫਰੀ ਕੀਤਾ ਜਾਣਾ ਹੈ ਪਰ ਜਦੋਂ ਅਸੀਂ ਪ੍ਰੈਕਟੀਕਲੀ ਦੇਖਦੇ ਹਾਂ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਬੱਚਿਆਂ ਦਾ ਮੈਡੀਕਲ ਚੈੱਕਅੱਪ ਹੋਇਆ ਕਰਦਾ ਸੀ, ਮੈਂ ਪਿਛੇ ਜਿਹੇ ਇੱਕ ਸਕੂਲ ਵਿੱਚ ਪਤਾ ਕੀਤਾ ਕਿ ਕੀ ਤੁਹਾਡੇ ਸਕੂਲ ਦੇ ਵਿਦਿਆਰਥੀਆਂ ਦਾ ਮੈਡੀਕਲ ਚੈੱਕਅੱਪ ਹੁੰਦਾ ਹੈ ਤਾਂ ਉਨ੍ਹਾਂ ਨੇ ਦੱਸਿਆ ਕਿ ਕਦੇ ਕਦੇ ਕੋਈ ਆਉਂਦਾ ਹੈ ਅਤੇ ਉਹ ਸਾਨੂੰ ਪੇਟ ਦੇ ਕੀੜੇ ਮਾਰਨ ਦੀ ਦਵਾਈ ਦੇ ਜਾਂਦਾ ਹੈ। ਇਸ ਤੋਂ ਬਾਅਦ ਮੈਂ ਪੁੱਛਿਆ ਕਿ ਤੁਹਾਡੀਆਂ ਅੱਖਾਂ ਚੈੱਕ ਕਰਨ ਲਈ ਤਾਂ ਆਉਂਦੇ ਹੋਣਗੇ ਤਾਂ ਬੱਚੇ ਨੇ ਦੱਸਿਆ ਕਿ ਮਾਸਟਰ ਤਾਂ ਪੁੱਛ ਲੈਂਦਾ ਹੈ ਕਿ ਤੈਨੂੰ ਅੱਖਰ ਦਿਖਦਾ ਹੈ ਜਾਂ ਨਹੀਂ ਦਿਖਦਾ, ਹੋਰ ਨਹੀਂ ਕੋਈ ਆਉਂਦਾ। ਅਸੀਂ ਪਿਛੇ ਜਿਹੇ ਰੋਟਰੀ ਕਲੱਬ, ਨਵਾਂ ਸ਼ਹਿਰ ਵਲੋਂ ਇੱਕ ਕੈਂਪ ਲਗਾਇਆ। ਕੈਂਪ ਲਗਾਉਣ ਤੋਂ ਬਾਅਦ ਪਤਾ ਚੱਲਿਆ ਕਿ ਜਿਥੇ ਸਾਡੇ ਸਾਰੇ ਜ਼ਿਲ੍ਹੇ ਵਿਚ ਮਸਾਂ ਹੀ 40-50 ਬੱਚਿਆਂ ਨੂੰ ਐਨਕਾਂ ਲੱਗੀਆਂ ਹੋਈਆਂ ਸੀ, ਉਥੇ ਸਾਡੇ ਇਕੱਲੇ ਨਵਾਂ ਸ਼ਹਿਰ ਬਲਾਕ ਦੇ ਵਿਚ ਹੀ 450-500 ਬੱਚਿਆਂ ਨੂੰ ਐਨਕਾਂ ਲੱਗ ਗਈਆਂ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੱਚਿਆਂ ਨੂੰ ਜਦੋਂ ਟੀਚਰ ਪੜ੍ਹਾ ਰਿਹਾ ਹੁੰਦਾ ਹੈ, ਜੇਕਰ ਬੱਚਿਆਂ ਨੂੰ ਸਹੀ ਦਿਖਦਾ ਨਹੀਂ ਹੁੰਦਾ ਜਾਂ ਸਹੀ ਸੁਣਦਾ ਨਹੀਂ ਹੁੰਦਾ ਤਾਂ ਵੀ ਉਹ ਬੱਚਾ ਪੜ੍ਹਾਈ ਵਿਚ ਪਿਛੇ ਰਹਿ ਜਾਂਦਾ ਹੈ। ਸੋ, ਮੈਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦਾ ਮੈਡੀਕਲ ਚੈਕਅੱਪ ਰੈਗੂਲਰਲੀ ਹੁੰਦਾ ਰਹੇ।ਇਸ ਵਿਚ ਸਟੇਟ ਗੌਰਮਿੰਟ ਨੇ ਰੁਪਿਆ ਨਹੀਂ ਖਰਚਣਾ ਹੁੰਦਾ। ਮੈਂ ਪਿਛਲੀ ਵਾਰੀ ਵੀ ਇਹ ਗੱਲ ਕਹੀ ਸੀ ਪਰ ਸਰਕਾਰ ਦੀ ਮਨਸ਼ਾ ਨਹੀਂ ਹੈ। ਇਸ ਲਈ ਮੈਂ ਇਸ ਵਾਰ ਫਿਰ ਉਹੀ ਗੱਲ ਰਿਪੀਟ ਕਰਦਾ ਹਾਂ ਕਿ ਸਾਡੀ ਸਟੇਟ ਵਿਚ ਗੂੰਗੇ ਬੋਲੇ ਬੱਚਿਆਂ ਦੀ ਸਕਰੀਨਿੰਗ ਦਾ ਕੋਈ ਮੈਥਡ ਨਹੀਂ ਹੈ। ਸੋ, ਸਾਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਇਹ ਬੱਚਾ ਗੂੰਗਾ ਜਾਂ ਬੋਲਾ ਹੈ। ਜਦੋਂ ਸਾਨੂੰ ਪਤਾ ਲੱਗਦਾ ਹੈ ਤਾਂ ਉਸ ਵੇਲੇ ਉਸ ਦੀ ਉਮਰ ਲੰਘ ਗਈ ਹੁੰਦੀ ਹੈ। 3 ਸਾਲ ਤੋਂ ਬਾਅਦ ਜੇਕਰ ਸਾਨੂੰ ਪਤਾ ਲਗਦਾ ਹੈ ਤਾਂ ਉਹ ਬੱਚਾ ਦੁਬਾਰਾ ਨਾਰਮਲ ਨਹੀਂ ਹੋ ਸਕਦਾ, ਉਸ ਵਿਚ ਕੋਈ ਨਾ ਕੋਈ ਡਿਫੈਕਟ ਰਹਿ ਜਾਂਦਾ ਹੈ।ਜਿਹੜੀ ਇਹ ਸਕਰੀਨਿੰਗ ਦੀ ਮਸ਼ੀਨ ਹੈ, ਉਹ ਢਾਈ ਤਿੰਨ ਲੱਖ ਰੁਪਏ ਤੋਂ ਵੱਧ ਨਹੀਂ

Under Print
Not for Legal/Official use

ਹੈ। ਜਦੋਂ ਮੈਂ ਪਿਛਲੀ ਵਾਰੀ ਇਹ ਗੱਲ ਵਿਧਾਨ ਸਭਾ ਵਿਚ ਰੱਖੀ ਸੀ ਤਾਂ ਮੰਤਰੀ ਸਾਹਿਬ ਨੇ ਇਸ ਮਸ਼ੀਨ ਵਾਸਤੇ ਟੈਂਡਰ ਮੰਗੇ ਸਨ ਪਰ ਜਦੋਂ ਬਜਟ ਸੈਸ਼ਨ ਖਤਮ ਹੋ ਗਿਆ ਤਾਂ ਇਕ ਸਾਲ ਦੇ ਅੰਦਰ ਹੀ ਉਹ ਟੈਂਡਰ ਵਾਪਸ ਲੈ ਲਏ, ਉਹ ਮਸ਼ੀਨਾਂ ਹੀ ਨਹੀਂ ਲਈਆਂ ਗਈਆਂ। ਡਿਪਟੀ ਸਪੀਕਰ ਸਾਹਿਬ, ਅੱਜ ਤੱਕ ਸਾਡੇ ਸਦਨ ਵਿਚ ਕੋਈ ਡੈਫ ਐਂਡ ਡੰਬ ਨਹੀਂ ਪਹੁੰਚਿਆ। ਸਾਨੂੰ ਰੱਬ ਨੇ ਸੁਣਨ ਤੇ ਬੋਲਣ ਦੀ ਸ਼ਕਤੀ ਦਿੱਤੀ ਹੈ ਤਾਂ ਹੀ ਅਸੀਂ ਇਥੇ ਲੋਕਾਂ ਦੀਆਂ ਅਵਾਜ਼ਾਂ ਪਹੁੰਚਾਉਣ ਵਿਚ ਸਫਲ ਹੁੰਦੇ ਹਾਂ। ਮੈਂ ਸਿੱਖਿਆ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਕੂਲਾਂ ਵਿਚ ਇਹ ਮੈਡੀਕਲ ਸਹੂਲਤ ਜ਼ਰੂਰ ਮੁਹੱਈਆ ਕਰਵਾਉਣ ਕਿਉਂਕਿ ਇਸ ਦਾ ਖਰਚਾ ਕੋਈ ਬਹੁਤ ਜ਼ਿਆਦਾ ਨਹੀਂ ਹੈ। ਜੇਕਰ ਕੋਈ ਬੱਚਾ ਡੈਫ ਐਂਡ ਡੰਬ ਹੈ ਤਾਂ ਟੀਚਰ ਲਿਖ ਦਿੰਦਾ ਹੈ ਕਿ ਇਸ ਦਾ ਮੁਫਤ ਇਲਾਜ ਕਰੋ ਪਰ ਸਾਡੇ ਪੰਜਾਬ ਦੇ ਵਿਚ ਅਜਿਹੇ ਬੱਚੇ ਨੂੰ ਕੇਵਲ ਹੀਅਰਿੰਗ ਏਡ ਦਿੱਤੀ ਜਾਂਦੀ ਹੈ, ਉਸ ਨੂੰ ਕੌਕਲੀਅਰ ਇੰਪਲਾਂਟ ਮਸ਼ੀਨ ਨਹੀਂ ਦਿੰਦੇ। ਜੇਕਰ ਮੰਤਰੀ ਸਾਹਿਬ ਇਹ ਸਰਕੂਲਰ ਕੱਢਵਾ ਦੇਣ ਕਿ ਜਿਹੜਾ ਵੀ ਬੱਚਾ ਡੈਫ ਐਂਡ ਡੰਬ ਹੈ ਉਸ ਦਾ ਫਰੀ ਟਰੀਟਮੈਂਟ ਹੋਵੇਗਾ ਅਤੇ ਉਸ ਦਾ ਕੌਕਲੀਅਰ ਇੰਪਲਾਂਟ ਵੀ ਹੋਵੇਗਾ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਆਪਣੇ ਅਜਿਹੇ ਬੱਚਿਆਂ ਨੂੰ ਨਾਰਮਲਿਟੀ ਵੱਲ ਲਿਜਾ ਸਕਦੇ ਹਾਂ। ਜੇਕਰ ਅਸੀਂ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਾਂਗੇ ਤਾਂ ਹੀ ਫਿਰ ਚੰਗੀ ਬਿਲਡਿੰਗ ਦਾ ਲਾਭ ਹੋ ਸਕਦਾ ਹੈ। ਇਸ ਤੋਂ ਇਲਾਵਾ ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪ੍ਰਾਈਵੇਟ ਸਕੂਲਾਂ ਵਿਚ ਫੀਸ ਜ਼ਿਆਦਾ ਹੋਣ ਕਾਰਨ ਸਾਡੇ ਗਰੀਬ ਬੱਚੇ ਦਾਖਲੇ ਤੋਂ ਵਾਂਝੇ ਰਹਿ ਜਾਂਦੇ ਹਨ। ਕਈ ਵਾਰੀ ਸਕੂਲ ਨੇੜੇ ਹੁੰਦਾ ਹੈ ਪਰ ਫੀਸ ਬਹੁਤ ਜ਼ਿਆਦਾ ਹੁੰਦੀ ਹੈ। ਸੋ, ਪ੍ਰਾਈਵੇਟ ਸਕੂਲਾਂ ਤੇ ਇਸ ਤਰ੍ਹਾਂ ਦੀ ਕੋਈ ਕੰਡੀਸ਼ਨ ਲਾਉਣੀ ਚਾਹੀਦੀ ਹੈ ਕਿ ਪ੍ਰਾਈਵੇਟ ਸਕੂਲ 20 ਜਾਂ 30 ਫੀਸਦੀ ਗਰੀਬ ਬੱਚਿਆਂ ਨੂੰ ਮੁਫਤ ਦਾਖਲਾ ਦੇਣ। ਜ਼ਿਆਦਾਤਰ ਗਰੀਬ ਪਰਿਵਾਰਾਂ ਨਾਲ ਸਬੰਧਤ ਐਸ.ਸੀ./ਬੀ.ਸੀ. ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ। ਸੋ, ਪ੍ਰਾਈਵੇਟ ਸਕੂਲਾਂ ਲਈ ਇਹ ਕੰਡੀਸ਼ਨ ਹੋਣੀ ਚਾਹੀਦੀ ਹੈ ਕਿ 20 ਜਾਂ 30 ਫੀਸਦੀ ਗਰੀਬ ਬੱਚਿਆਂ ਕੋਲੋਂ ਤੁਸੀਂ ਕੋਈ ਫੀਸ ਨਹੀਂ ਲੈਣੀ। ਮੈਂ ਸਮਝਦਾ ਹਾਂ ਕਿ ਇਸ ਨਾਲ ਐਜੂਕੇਸ਼ਨ ਸਿਸਟਮ ਵਿਚ ਬਰਾਬਰਤਾ ਆਵੇਗੀ ਅਤੇ ਗਰੀਬ ਬੱਚਿਆਂ ਵਿਚ ਹੀਣ ਭਾਵਨਾ ਵੀ ਖਤਮ ਹੋਵੇਗੀ। ਇਸ ਨਾਲ ਸਾਡੇ ਬੱਚਿਆਂ ਦਾ ਭਵਿੱਖ ਵੀ ਵਧੀਆ ਹੋਵੇਗਾ। ਇੱਥੇ ਐਨ.ਆਰ.ਆਈ. ਭਰਾਵਾਂ ਦੀ ਗੱਲ ਹੋਈ ਹੈ। ਮੈਕਸੀਮਮ ਸਾਡੇ ਦੁਆਬੇ ਦੇ ਲੋਕ ਬਾਹਰਲੇ ਦੇਸ਼ਾਂ ਵਿਚ ਗਏ ਹਨ। ਅਸੀਂ ਜਦੋਂ ਵੀ ਉਨ੍ਹਾਂ ਨੂੰ ਬੇਨਤੀ ਕਰਦੇ ਹਾਂ ਕਿ ਫਲਾਣੇ ਸਕੂਲ ਵਿਚ ਫਲਾਣੀ ਚੀਜ਼ ਦੀ ਲੋੜ ਹੈ ਤਾਂ ਉਹ ਮਦਦ ਕਰਨ ਵਾਸਤੇ ਤਿਆਰ ਹੁੰਦੇ ਹਨ ਪਰ ਗੱਲ ਫਿਰ ਉੱਥੇ ਹੀ ਰੁਕ ਜਾਂਦੀ ਹੈ। ਮੈਂ ਇਕ ਉਦਾਹਰਣ ਦਿੰਦਾ ਹਾਂ ਕਿ ਮੇਰੇ ਹਲਕੇ ਵਿਚ ਤਲਵੰਡੀ ਜੱਟਾ ਪਿੰਡ ਹੈ, ਉਥੇ ਉਨ੍ਹਾਂ ਨੇ ਢਾਈ ਤਿੰਨ ਲੱਖ ਰੁਪਿਆ ਲਗਾ ਕੇ ਬਿਲਡਿੰਗ ਬਣਾ ਦਿੱਤੀ ਪਰ ਅਗਲੇ ਹੀ ਦਿਨ ਸਕੂਲ ਬੰਦ ਕਰ ਦਿੱਤਾ ਗਿਆ। ਉਹ ਐਨ.ਆਰ.ਆਈ. ਕਹਿੰਦੇ ਕਿ ਅਸੀਂ

Under Print
Not for Legal/Official use

ਤਾਂ ਪੈਸੇ ਇਸ ਕਰਕੇ ਲਗਾਏ ਸੀ ਕਿ ਸਾਡੇ ਪਿੰਡ ਦੇ ਬੱਚਿਆਂ ਨੂੰ ਪੜ੍ਹਨ ਵਾਸਤੇ ਕੋਈ ਮੁਸ਼ਕਿਲ ਨਾ ਆਵੇ ਪਰ ਉਹ ਸਕੂਲ ਹੀ ਬੰਦ ਕਰ ਦਿੱਤਾ ਗਿਆ। ਅਸੀਂ ਡੀ.ਈ.ਓ. ਨੂੰ ਵੀ ਕਿਹਾ ਪਰ ਗੱਲ ਨਹੀਂ ਬਣੀ। ਸੋ, ਐਨ.ਆਰ.ਆਈ. ਭਰਾ ਵੀ ਤਾਂ ਹੀ ਪੈਸਾ ਲਗਾਉਣਗੇ ਜੇਕਰ ਸਾਡੀਆਂ ਸਰਕਾਰੀ ਸੇਵਾਵਾਂ ਪੂਰੀਆਂ ਹੋਣਗੀਆਂ, ਉਥੇ ਟੀਚਰ ਪੂਰੇ ਹੋਣਗੇ। ਸਾਡੇ ਨਵਾਂ ਸ਼ਹਿਰ ਵਿਚ ਦੁਆਬਾ ਸਕੂਲ ਹੈ, ਉਥੇ ਛੰਨਾ ਪਈਆਂ ਹੋਈਆਂ ਹਨ। ਸਾਡੇ ਦੁਆਬੇ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਜ਼ਿਆਦਾਤਰ ਟੌਪਰ ਬੱਚੇ ਉਸੇ ਸਕੂਲ ਦੇ ਹਨ, ਜਿਥੇ ਛੰਨਾ ਪਈਆਂ ਹਨ। ਉਹ ਇਸ ਕਰਕੇ ਸੀ ਕਿ ਉਥੇ ਟੀਚਰ ਚੰਗੇ ਸੀ ਅਤੇ ਟੀਚਰਜ਼ ਦੀ ਸਟਰੈਂਥ ਪੂਰੀ ਸੀ। ਮੈਂ ਫਿਰ ਇਸ ਗੱਲ ਲਈ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਇਨ੍ਹਾਂ ਗੱਲਾਂ ਵੱਲ ਜੇਕਰ ਧਿਆਨ ਦਿਓਗੇ ਤਾਂ ਸਾਡਾ future, ਸਾਡੇ ਜਿਹੜੇ ਬੱਚੇ ਹਨ ਉਹ ਚੰਗੀ ਐਜੂਕੇਸ਼ਨ ਲੈਣਗੇ। ਬੇਸ਼ੱਕ ਉਨ੍ਹਾਂ ਨੂੰ ਸਰਕਾਰੀ ਨੌਕਰੀ ਮਿਲੇ ਜਾਂ ਨਾ ਮਿਲੇ ਪਰ ਉਹ ਵਧੀਆ ਨਾਗਰਿਕ ਸਾਬਤ ਹੋਣਗੇ। ਉਨ੍ਹਾਂ ਦੀ ਤਰੱਕੀ ਨਾਲ ਹੀ ਸਾਡੇ ਦੇਸ਼ ਦੀ ਤਰੱਕੀ ਹੋਵੇਗੀ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਧੰਨਵਾਦ ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਇੱਕ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਵੇਂ ਕਿ ਪਹਿਲਾਂ ਡਾਕਟਰ ਸਾਹਿਬ ਨੇ ਦੱਸਿਆ ਹੈ ਕਿ ਸਕੂਲ ਇੱਕਲੀ ਬਿਲਡਿੰਗ ਨੂੰ ਨਹੀਂ ਕਹਿੰਦੇ ਹਨ। ਡਿਪਟੀ ਸਪੀਕਰ ਸਾਹਿਬ, ਸਕੂਲ ਬਿਲਡਿੰਗ ਪਲੱਸ ਬੱਚੇ, ਪਲੱਸ ਟੀਚਰ, ਤਿੰਨਾਂ ਨੂੰ ਮਿਲਾ ਕੇ ਹੀ ਬਣਦਾ ਹੈ। ਜੇਕਰ ਬੱਚੇ ਨਹੀਂ ਹੋਣਗੇ ਤਾਂ ਵੀ ਕੋਈ ਫਾਇਦਾ ਨਹੀਂ ਹੈ। ਜੇਕਰ ਟੀਚਰ ਨਹੀਂ ਹੋਣਗੇ ਤਾਂ ਵੀ ਕੋਈ ਫਾਇਦਾ ਨਹੀਂ ਹੈ। ਜਿੱਥੋਂ ਬਿਲਡਿੰਗਾਂ ਦੀ ਗੱਲ ਹੈ, ਮੈਂ ਸਮਝਦਾ ਹਾਂ ਕਿ ਮੇਰੇ ਹਲਕੇ ਬੁਢਲਾਡੇ ਦੇ ਵਿੱਚ ਘੱਟੋ-ਘੱਟ 27 ਹਾਇਰ ਸੈਕੰਡਰੀ ਸਕੂਲ ਇਹੋ ਜਿਹੇ ਹਨ ਜਿਥੇ ਬਿਲਡਿੰਗ ਅਨਸੇਫ ਕਹਿ ਕੇ ਢਾਹ ਦਿੱਤੀ ਸੀ। ਨੌਵੇਂ ਪਾਤਸ਼ਾਹ ਨਾਲ ਸਬੰਧਿਤ ਇੱਕ ਇਤਿਹਾਸਕ ਪਿੰਡ ਹੈ, ਬਰ੍ਹੇ, ਉਥੇ ਸਕੂਲ ਦੇ ਛੇ ਕਮਰੇ ਢਾਹੇ ਗਏ ਅਤੇ ਫਿਰ ਉਸ ਤੋਂ ਬਾਅਦ ਕੋਈ ਕਮਰਾ ਨਹੀਂ ਬਣਿਆ। ਉਥੇ ਇੱਕ ਦਿਨ ਲੰਘਣ ਲੱਗੇ ਮੈਂ ਕਲਾਸਾਂ ਚੈੱਕ ਕਰਨ ਗਿਆ ਤਾਂ ਦੋ ਕਲਾਸਾਂ ਥੱਲੇ/ਭੁੰਜੇ ਬੈਠੀਆਂ ਸੀ।ਪਿੰਡ ਰਾਮਪੁਰ, ਮੰਦਰਾ, ਬਖਸ਼ੀਵਾਲਾ, ਧਰਮਪੁਰਾ, ਕਿਸ਼ਨਗੜ੍ਹ ਕਾਫੀ ਪਿੰਡਾਂ ਵਿੱਚ ਸਕੂਲਾਂ ਦੀਆਂ ਬਿਲਡਿੰਗਾਂ ਦੀ ਘਾਟ ਹੈ। ਮੇਰਾ ਆਪਣਾ ਸਕੂਲ ਜਿਥੇ ਮੈਂ ਪ੍ਰਿੰਸੀਪਲ ਦੇ ਤੌਰ ਤੇ ਕੰਮ ਕੀਤਾ ਸੀ, ਸੀਨੀਅਰ ਸੈਕੰਡਰੀ ਸਕੂਲ, ਬੁੱਢਲਾਡਾ, ਮੇਰੇ ਜਾਣ ਤੋਂ ਚਾਰ ਸਾਲ ਬਾਅਦ ਬਿਲਡਿੰਗ ਨੂੰ ਅਨਸੇਫ ਕਹਿ ਕੇ ਢਾਹ ਦਿੱਤਾ ਗਿਆ, ਉਸ ਦੇ 25 ਕਮਰੇ ਢਾਹ ਦਿੱਤੇ ਗਏ। ਪਿਛਲੇ ਸਾਲ ਬੇਨਤੀ

Under Print
Not for Legal/Official use

ਕੀਤੀ ਤਾਂ 22 ਲੱਖ ਰੁਪਿਆ ਮਨਜ਼ੂਰ ਹੋ ਗਿਆ, ਤਿੰਨ ਕਮਰੇ ਬਣਾ ਦਿੱਤੇ। ਜੇਕਰ ਉਸ ਸਕੂਲ ਦੀ ਬਿਲਡਿੰਗ ਦੀ ਪਲੈਨਿੰਗ ਢੰਗ ਨਾਲ ਬਣਾਈ ਜਾਂਦੀ । ਉਨ੍ਹਾਂ ਦੀਆਂ ਨੀਹਾਂ ਪੁੱਟੀਆਂ ਹੋਈਆਂ ਸਨ, 10-10 ਫੁੱਟ ਦੀਆਂ ਕੰਧਾਂ ਵੀ ਸਨ, ਉਹ 10-15 ਕਮਰਿਆਂ ਦੀ ਇੱਕਲੀ ਛੱਤ ਪੈਣੀ ਸੀ, ਛੱਤ ਨਹੀਂ ਪਾਈ, ਤਿੰਨ ਕਮਰੇ ਬਣਾ ਦਿੱਤੇ ਗਏ। ਪਲੈਨਿੰਗ ਦੀ ਘਾਟ ਹੈ।ਜਦੋਂ ਉਸ ਸਕੂਲ ਦਾ ਮੈਂ ਪ੍ਰਿੰਸੀਪਲ ਸੀ ਤਾਂ ਬਿਲਡਿੰਗ ਡਬਲ ਸਟੋਰੀ ਸੀ। ਅੱਜ ਬੁਢਲਾਡੇ ਦਾ ਸੀਨੀਅਰ ਸਕੈਂਡਰੀ ਸਕੂਲ ਖੰਡਰ ਬਣਿਆ ਪਿਆ ਹੈ। ਗੱਲ ਇਹ ਹੈ ਕਿ ਸਾਡੇ ਗੁਰੂਆਂ ਨੇ ਸਿੱਖਿਆ ਨੂੰ ਬੜਾ ਮਹੱਤਵ ਦਿੱਤਾ ਹੈ। ਸ੍ਰੀ ਜਪੁਜੀ ਸਾਹਿਬ ਵਿੱਚ ਦਰਜ ਹੈ -

ਅਖਰੀ ਨਾਮੁ ਅਖਰੀ ਸਾਲਾਹ।।

ਅਖਰੀ ਗਿਆਨੁ ਗੀਤ ਗੁਣ ਗਾਹ।।

ਅਖਰੀ ਲਿਖਣੁ ਬੋਲਣੁ ਬਾਣਿ।।

ਅਖਰਾ ਸਿਰਿ ਸੰਜੋਗੁ ਵਖਾਣਿ।।

ਅੱਖਰਾਂ ਦੀ ਇੰਨੀ ਮਹੱਤਤਾ ਹੈ ਕਿ ਗੁਰੂ ਸਾਹਿਬ ਕਹਿੰਦੇ ਕਿ ਅੱਖਰਾਂ ਦੇ ਨਾਲ ਤੁਸੀਂ ਗੁਰੂ ਸਾਹਿਬ ਦੀ ਬਾਣੀ ਪੜ੍ਹ ਸਕਦੇ ਹੋ, ਉਸ ਪਰਮਾਤਮਾ ਦੇ ਗੀਤ ਗਾ ਸਕਦੇ ਹੋ, ਲਿਖ ਸਕਦੇ ਹੋ । ਦਸਵੇਂ ਪਾਤਸ਼ਾਹ ਜੀ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਮੇਰਾ ਸਿੱਖ ਪੰਜ ਬਾਣੀਆਂ ਦਾ ਪਾਠ ਪੜ੍ਹੇਗਾ ਅਤੇ ਪੜ੍ਹੇਗਾ ਦੇਖ ਕੇ ਕਹਿਣ ਦਾ ਭਾਵ ਕਿ ਅੱਖਰੀ ਗਿਆਨ ਉਸ ਨੂੰ ਆਉਂਦਾ ਹੋਵੇ।" ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ" ਇੰਨੀ ਮਹੱਤਤਾ ਗਿਆਨ ਨੂੰ ਤੇ ਅੱਖਰਾ ਨੂੰ ਦਿੱਤੀ ਗਈ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਕਦੇ ਵੀ ਸਿੱਖਿਆ ਲਈ , ਵਿਦਿਆਰਥੀਆਂ ਦੇ ਲਈ ਸਿੱਖਿਆ ਪ੍ਰਤੀ ਸਹੂਲਤਾਂ ਦੇ ਲਈ ਕਦੇ ਵੀ ਬਜਟ ਦੀ ਘਾਟ ਨਹੀਂ ਹੋਣੀ ਚਾਹੀਦੀ ਸੀ। ਪਰ ਦੁੱਖ ਦੀ ਗੱਲ ਕਿ ਪੂਰਾ ਬਜਟ ਕਦੇ ਵੀ ਸਿੱਖਿਆ ਲਈ ਨਹੀਂ ਦਿੱਤਾ ਗਿਆ। ਵੱਡੇ ਪੱਧਰ ਤੇ ਲੈਕਚਰਾਰ ਤੇ ਮਾਸਟਰ ਕਾਡਰ ਦੀਆਂ ਪੋਸਟਾਂ ਖਾਲੀ ਪਈਆਂ ਹਨ। ਇਸ ਵਿੱਚ ਕੋਈ ਸ਼ਕ ਵਾਲੀ ਗੱਲ ਨਹੀਂ ਹੈ ਕਿ ਸ਼੍ਰੀ ਕ੍ਰਿਸ਼ਨ ਕੁਮਾਰ ਜੀ, ਸਕੱਤਰ, ਸਿੱਖਿਆ ਬੜੇ ਮਿਹਨਤੀ ਹਨ। ਜਿਥੇ ਅਸੀਂ ਆਲੋਚਨਾ ਕਰਦੇ ਹਾਂ ਉਥੇ ਪ੍ਰਸੰਸਾ ਵੀ ਕਰਨੀ ਬਣਦੀ ਹੈ ਕਿ ਉਨ੍ਹਾਂ ਨੇ ਪ੍ਰਿੰਸੀਪਲ ਤੇ ਹੈੱਡ ਮਾਸਟਰਾਂ ਦੀਆਂ ਕਾਫੀ ਪੋਸਟਾਂ ਕੱਢ

Under Print
Not for Legal/Official use

ਕੇ ਭਰੀਆਂ ਹਨ। ਜਿਥੇ ਘਾਟ ਹੈ ਉਥੇ ਵੀ ਸਾਨੂੰ ਆਸ ਹੈ ਕਿ ਉਹ ਕਰ ਦੇਣਗੇ। ਬੱਚਿਆਂ ਦੀ ਜਿਹੜੀ ਗਿਣਤੀ ਹੈ ਉਹ ਜਿਉਂ ਜਿਉਂ ਅਬਾਦੀ ਵੱਧ ਰਹੀ ਹੈ, ਕੁਦਰਤੀ ਗੱਲ ਹੈ ਇਸ ਨਾਲ ਗਿਣਤੀ ਵਧੇਗੀ ਪਰ ਦੁੱਖ ਦੀ ਗੱਲ ਹੈ ਪਿਛਲੇ ਦਸ ਸਾਲਾਂ ਦੇ ਵਿੱਚ ਸਾਲ 2009-10 ਦੇ ਵਿੱਚ 24,52,000 ਬੱਚੇ ਪੜ੍ਹਦੇ ਸੀ। ਪੰਜਾਬੀ ਟ੍ਰਿਬਿਊਨ ਵਿੱਚ ਬਕਾਇਦਾ ਪੱਤਰਕਾਰ ਚਰਨਜੀਤ ਭੁੱਲਰ ਦੀ ਖਬਰ ਹੈ, ਸਾਲ 2018-19 ਦੇ ਵਿੱਚ 23,29,000 ਰਹਿ ਗਈ ਹੈ। ਯਾਨੀ ਕਿ 1,23,000 ਦਾ ਘਾਟਾ ਪੈ ਗਿਆ ਜਦੋਂ ਕਿ ਇਹ ਵੱਧਣੇ ਚਾਹੀਦੇ ਸਨ। ਜਨਰਲ ਕਾਸਟ ਦੇ ਬੱਚੇ ਥੋੜ੍ਹੇ ਜਿਹੇ ਅਮੀਰ ਹੁੰਦੇ ਹਨ। ਉਹ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨ ਲੱਗ ਜਾਂਦੇ ਹਨ। ਐਸ.ਸੀ. ਅਤੇ ਬੀ.ਸੀ ਬੱਚਿਆਂ ਦੀ ਗਿਣਤੀ ਵਧੀ ਹੈ। 10 ਸਾਲ ਪਹਿਲਾਂ ਐਸ.ਸੀ/ਬੀ.ਸੀ ਦੀ ਗਿਣਤੀ 57% ਸੀ, ਹੁਣ 63% ਹੋ ਗਈ ਹੈ। ਉਨ੍ਹਾਂ ਕੋਲ ਕੋਈ ਚਾਰਾ ਨਹੀਂ ਹੈ । ਜੇਕਰ ਐਜੂਕੇਸ਼ਨ ਪ੍ਰਤੀ ਕੋਈ ਸੰਜੀਦਗੀ ਨਹੀਂ ਦਿਖਾਈ ਜਾ ਰਹੀ ਤਾਂ ਉਸ ਦੇ ਪਿੱਛੇ ਵੱਡਾ ਕਾਰਨ ਇਹ ਹੈ ਉਨ੍ਹਾਂ ਸਕੂਲਾਂ ਦੇ ਵਿੱਚ ਸਰਦੇ ਪੁੱਜਦੇ ਘਰਾਂ ਦੇ ਬੱਚੇ ਨਹੀਂ ਹੁੰਦੇ ਹਨ, ਗਰੀਬ ਘਰਾਂ ਦੇ ਬੱਚੇ ਹੁੰਦੇ ਹਨ। ਜੇਕਰ ਅਸੀਂ ਪ੍ਰਾਇਮਰੀ ਪੱਧਰ ਤੇ ਖੇਡਾਂ ਨੂੰ ਉਤਸ਼ਾਹਤ ਕਰਾਂਗੇ ਤਾਂ ਠੀਕ ਹੋਵੇਗਾ। ਮੈਂ ਜਦੋਂ ਪ੍ਰਿੰਸੀਪਲ ਸੀ ਤਾਂ ਉਦੋਂ ਜ਼ੋਨ ਦੀਆਂ ਖੇਡਾਂ ਹੁੰਦੀਆਂ ਸਨ, ਜ਼ਿਲ੍ਹੇ ਦੀਆਂ ਖੇਡਾਂ ਹੁੰਦੀਆਂ ਸਨ। ਮੈਂ 7 ਸਾਲ ਤੱਕ ਖੇਡਾਂ ਸਬੰਧੀ ਜ਼ੋਨ ਪੱਧਰ ਦਾ ਸਕੱਤਰ ਰਿਹਾ ਸੀ। ਉਦੋਂ ਇਨ੍ਹਾਂ ਵਾਸਤੇ ਪੈਸੇ ਆਉਂਦੇ ਸੀ ਪਰੰਤੂ ਪਿਛਲੇ 5 ਸਾਲ ਤੋਂ ਖੇਡਾਂ ਵਾਸਤੇ ਕੋਈ ਪੈਸਾ ਨਹੀਂ ਆਇਆ, ਨਾ ਹੀ ਪ੍ਰਾਇਮਰੀ ਪੱਧਰ ਤੇ ਨਾ ਬਲਾਕ, ਜ਼ਿਲ੍ਹਾ ਜਾਂ ਹਾਈ ਸਕੂਲ ਲੈਵਲ ਤੇ ਅਤੇ ਨਾ ਹੀ ਸੀਨੀਅਰ ਸੈਕੰਡਰੀ ਪੱਧਰ ਤੇ ਕੋਈ ਪੈਸਾ ਆਇਆ ਹੈ। ਇਸ ਕਾਰਨ ਬੱਚਿਆਂ ਦਾ ਖੇਡਾਂ ਪ੍ਰਤੀ ਟੈਲੈਂਟ ਵੀ ਕਾਫੀ ਘੱਟ ਗਿਆ ਹੈ। ਸੋ, ਜਿਹੜੇ ਪਲੇਗਰਾਊਂਡ ਹਨ, ਉਹ ਸਕੂਲਾਂ ਵਿੱਚ ਕਿਸ ਤਰ੍ਹਾਂ ਪੂਰੇ ਹੋਣ? ਇਸ ਲਈ ਇਨ੍ਹਾਂ ਫੰਡਾਂ ਦੀ ਘਾਟ ਪੂਰੀ ਕੀਤੀ ਜਾਣੀ ਚਾਹੀਦੀ ਹੈ।

ਮੈਂ ਸਮਾਰਟ ਸਕੂਲਾਂ ਦੀ ਗੱਲ ਕਰਦਾ ਹਾਂ। ਠੀਕ ਹੈ ਜਦੋਂ ਅਸੀਂ ਫੋਟੋਆਂ ਵੇਖਦੇ ਹਾਂ, ਬਹੁਤ ਵਧੀਆ ਨਾਅਰੇ ਲਿਖੇ ਹੋਏ ਹਨ। ਬਹੁਤ ਵਧੀਆ ਰੰਗ ਰੋਗਨ ਕੀਤਾ ਹੋਇਆ ਹੈ। ਉਸ ਰੰਗ ਰੋਗਨ ਦੀ ਸਰਕਾਰ ਵੱਲੋਂ ਕੋਈ ਦੇਣ ਨਹੀਂ ਹੈ। ਪਿਛਲੇ ਤਿੰਨ ਸਾਲਾਂ ਵਿੱਚ ਕਹਿੰਦੇ ਕਿ 19000 ਰੁਪਿਆ ਆਇਆ ਹੈ। ਮੈਂ ਕੱਲ੍ਹ ਇੱਕ ਸਕੂਲ ਵਿੱਚ ਗਿਆ ਤਾਂ ਉਹ ਕਹਿੰਦੇ ਕਿ ਸਾਨੂੰ 10 ਹਜ਼ਾਰ ਰੁਪਿਆ ਫੰਡ ਆਇਆ ਹੈ। ਟੀਚਰ, ਬੱਚੇ ਅਤੇ ਮਾਪੇ ਨੇ ਆਪਣੀ ਮਿਹਨਤ ਨਾਲ ਝੋਲੀ ਅੱਡ ਕੇ ਪਿੰਡਾਂ ਵਿੱਚ ਜਾਂਦੇ ਹਨ। ਇਕੱਲੇ ਇਕੱਲੇ ਘਰ ਤੋਂ ਪੈਸੇ ਆਉਂਦੇ ਹਨ। ਮੈਂ ਵੀ ਜਦੋਂ ਗਿਆ ਤਾਂ ਉਨ੍ਹਾਂ ਨੇ ਪਹਿਲਾਂ ਮੇਰੀ ਪਰਚੀ ਕੱਟੀ ਹੈ। ਜਦੋਂ ਵੀ ਕੋਈ ਪਹਿਲਾਂ ਸਕੂਲ ਵਿੱਚ ਵੜਦਾ ਹੈ ਤਾਂ ਪਰਚੀ ਕੱਟਦੇ ਹਨ। ਮੈਂ ਕਿਹਾ ਕਿ ਸਾਡੇ ਕੋਲ ਐਮ.ਐਲ.ਏ. ਕੋਲ ਕਿਹੜਾ ਕੋਈ ਫੰਡ ਹੁੰਦਾ ਹੈ

Under Print
Not for Legal/Official use

ਪਰੰਤੂ ਫਿਰ ਵੀ ਜਿੰਨਾ ਸਰਦਾ ਹੈ, ਦਿੰਦੇ ਹਾਂ। ਕੱਲ੍ਹ ਅਸੀਂ ਇੱਕ ਸਕੂਲ ਦਾ ਫੰਡ 75000 ਰੁਪਿਆ ਇਕੱਠਾ ਕੀਤਾ ਹੈ। ਸੋ, ਉਨ੍ਹਾਂ ਦੇ ਟੀਚਰ ਦੀ ਮਿਹਨਤ ਹੈ। ਉਨ੍ਹਾਂ ਨੂੰ ਜਬਰਦਸਤੀ ਕਿਹਾ ਜਾਂਦਾ ਹੈ, ਉਨ੍ਹਾਂ ਦੀ ਟੈਨਸ਼ਨ ਇੱਕ ਹੈ ਕਿ ਪੜ੍ਹਾਉ ਨਾ ਪੜ੍ਹਾਉ, ਪਰ ਤੁਸੀਂ ਪਿੰਡਾਂ ਵਿੱਚ ਜਾ ਕੇ ਫੰਡ ਇਕੱਠਾ ਕਰੋ, ਰੰਗ ਰੋਗਨ ਕਰਵਾਉ। ਜਦੋਂ ਰੰਗ ਰੋਗਨ ਹੋ ਜਾਂਦਾ ਹੈ ਤਾਂ ਤੁਹਾਡਾ ਇੱਕ ਬਲਾਕ ਲੈਵਲ ਦਾ ਅਫ਼ਸਰ ਜਾਂਦਾ ਹੈ, ਫੋਟੋ ਖਿੱਚ ਕੇ ਪਾ ਦਿੰਦਾ ਹੈ ਕਿ ਸਮਾਰਟ ਸਕੂਲ ਬਣ ਗਿਆ ਹੈ। ਚਾਹੀਦਾ ਇਹ ਸੀ ਕਿ ਸਰਕਾਰ ਇਹ ਖਰਚਾ ਚੁੱਕਦੀ। ਐਜੂਕੇਸ਼ਨ ਦਾ ਖਰਚ ਸਰਕਾਰ ਵੱਲੋਂ ਹੋਣਾ ਚਾਹੀਦਾ ਹੈ।

ਜਿੱਥੋਂ ਤੱਕ ਸਕੂਲਾਂ ਦੇ ਬੰਦ ਹੋਣ ਦੀ ਗੱਲ ਹੈ, ਜੇਕਰ ਤੁਸੀਂ ਕਹਿੰਦੇ ਹੋ ਕਿ ਸਾਡੇ ਸਕੂਲ ਬੰਦ ਨਹੀਂ ਹੋਏ ਤਾਂ ਜਿਹੜੀ ਖਬਰ ਲੱਗੀ ਹੈ, ਉਸ ਤੇ ਐਕਸ਼ਨ ਲੈਣਾ ਚਾਹੀਦਾ ਸੀ। ਪਿਛਲੇ ਸਾਲ ਅਕਾਲੀ ਭਾਜਪਾ ਗੱਠਜੋੜ ਵੇਲੇ 850 ਸਕੂਲ ਬੰਦ ਹੋਏ। ਬਕਾਇਦਾ ਚਰਨਜੀਤ ਭੁੱਲਰ ਦੀ ਖਬਰ ਹੈ। 490 ਸਕੂਲ ਇਸ ਸਰਕਾਰ ਵੇਲੇ ਬੰਦ ਹੋਏ ਹਨ। ਸਵੇਰੇ ਧਿਆਨ ਦਿਵਾਊ ਮਤੇ ਤੇ ਟੋਟਲ 1340 ਸਕੂਲਾਂ ਦੇ ਬੰਦ ਹੋਣ ਦੀ ਗੱਲ ਚੱਲ ਰਹੀ ਸੀ। ਜੇਕਰ ਉਹ ਗਲਤ ਸੀ ਤਾਂ ਸਰਕਾਰੀ ਪੱਧਰ ਤੇ ਉਸ ਖਬਰ ਦਾ ਖੰਡਨ ਕਿਉਂ ਨਹੀਂ ਕੀਤਾ ਗਿਆ? ਸੋ, ਮੈਂ ਜਿਹੜੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਸਕੂਲ ਵਿੱਚ ਸੀ ਤਾਂ ਅਸੀਂ ਘਰਾਂ ਵਿੱਚ ਜਾਂਦੇ ਸੀ ਤੇ ਕਹਿੰਦੇ ਸੀ ਕਿ ਬੱਚਾ ਸਕੂਲ ਭੇਜ ਦਿਉ ਤਾਂ ਉਹ ਕਹਿੰਦੇ ਸੀ ਕਿ ਕਿਉਂ ਭੇਜ ਦੇਈਏ, ਕਿੱਥੋਂ ਰੋਟੀ ਖਾਈਏ? ਸਾਡਾ ਬੱਚਾ ਫਲਾਣੇ ਜੱਟ ਦੇ ਸੀਰੀ ਲੱਗਾ ਹੋਇਆ ਹੈ, ਫਲਾਣੇ ਹੋਟਲ ਤੇ ਕੰਮ ਕਰਦਾ ਹੈ, ਸਾਨੂੰ ਰੋਟੀ ਕਮਾ ਕੇ ਦਿੰਦਾ ਹੈ। ਉਸ ਨੂੰ ਵਜੀਫਾ ਦਿੱਤਾ ਜਾਵੇ। ਪਹਿਲਾਂ ਬਾਲ ਵਿੱਦਿਅਕ ਭਲਾਈ ਸਕੀਮ ਦੇ ਤਹਿਤ ਵਜੀਫਾ ਦਿੱਤਾ ਜਾਂਦਾ ਸੀ। ਕਾਂਗਰਸ ਸਰਕਾਰ ਨੇ ਉਹ ਵੀ ਬੰਦ ਕਰ ਦਿੱਤਾ। ਪ੍ਰੀਮੈਟਰਿਕ ਤੇ ਪੋਸਟ ਮੈਟਰਿਕ ਦੇ ਘੱਟੋ ਘੱਟ 1650, 2015-16 ਤੱਕ ਦੇ, ਦੋ ਸਾਲ ਅਕਾਲੀ ਭਾਜਪਾ ਸਰਕਾਰ ਦੇ ਅਤੇ ਹੁਣ ਦੀ ਸਰਕਾਰ ਦੇ ਤਿੰਨ ਸਾਲ ਦਾ ਸ਼ਾਇਦ ਤੁਸੀਂ 52 ਕਰੋੜ ਰੁਪਿਆ ਪਾਇਆ ਜਾਂ 123 ਕਰੋੜ ਰੁਪਿਆ ਪਾਇਆ, ਜਦੋਂ ਕਿ ਘੱਟੋ ਘੱਟ 2000 ਕਰੋੜ ਰੁਪਏ ਦਾ ਬੈਕਲਾਗ ਇਕੱਲੇ ਵਜ਼ੀਫਿਆਂ ਦਾ ਹੀ ਬਾਕੀ ਹੈ।ਜੇਕਰ ਅਸੀਂ ਐਜੂਕੇਸ਼ਨ ਦੇ ਸਿਸਟਮ ਨੂੰ ਸੁਧਾਰਨਾ ਹੈ ਤਾਂ ਬੱਚਿਆਂ ਨੂੰ ਭਾਵੇਂ ਹਰਗੋਬਿੰਦ ਖੁਰਾਣਾ ਸਕੀਮ ਤਹਿਤ ਵਜ਼ੀਫੇ ਦੇਈਏ ਭਾਵੇਂ NTSE ਸਕੀਮ ਦੇ ਅਧੀਨ ਵਜ਼ੀਫੇ ਦਿੱਤੇ ਜਾਣ, ਭਾਵੇਂ ਹੋਰ ਕਿਸੇ ਸਕੀਮ ਦੇ ਤਹਿਤ ਜਿਵੇਂ ਕਿ ਧਾਰਮਿਕ ਘੱਟ ਗਿਣਤੀ ਦੇ ਤੌਰ ਤੇ ਵਜ਼ੀਫੇ ਦਿੱਤੇ ਜਾਂਦੇ ਹਨ, ਜਦੋਂ ਵੀ ਪੋਰਟਲ ਖੁੱਲ੍ਹਦਾ ਹੈ, ਉਹ ਬੜੇ ਉਤਸ਼ਾਹ ਨਾਲ ਪੋਰਟਲ ਤੇ ਜਾਂਦੇ ਹਨ ਅਤੇ ਅਪਲਾਈ ਕਰਦੇ ਹਨ ਪਰੰਤੂ ਜੇਕਰ ਅਸੀਂ ਇਸ ਸਾਲ ਦਾ ਵਜ਼ੀਫਾ ਇਸ ਸਾਲ ਨਹੀਂ ਦੇਵਾਂਗੇ ਤਾਂ ਉਸ ਨੂੰ ਕੀ ਫਾਇਦਾ ਹੈ। ਜੇਕਰ 2014-15 ਦਾ ਵਜ਼ੀਫਾ ਜਾਂ 2015-16 ਦਾ ਵਜ਼ੀਫਾ ਅੱਜ ਆਉਂਦਾ ਹੈ ਤਾਂ ਉਸ ਦਾ ਕੀ ਫਾਇਦਾ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਟੀਚਰਾਂ ਦੀ ਕੁਆਲਿਟੀ ਹੈ, ਜਿਹੜੇ ਟੀਚਰ ਹਨ, ਉਹ

Under Print
Not for Legal/Official use

ਲਗਭਗ ਸਾਰੇ ਐਮ.ਏ., ਬੀ.ਐੱਡ. ਹਨ, ਸਾਰੇ ਪ੍ਰਾਇਮਰੀ ਟੀਚਰ ਐਮ.ਏ. ਬੀ.ਐੱਡ ਹਨ ਅਤੇ ਹਾਇਲੀ ਕੁਆਲੀਫਾਈਡ ਹਨ। ਜਿੰਨੇ ਵੀ ਟੀਚਰ ਮੇਰੇ ਕੋਲ ਹੁੰਦੇ ਸਨ, ਕੋਈ ਵੀ ਐਮ.ਏ. ਤੋਂ ਘੱਟ ਨਹੀਂ ਸੀ, ਪਰ ਹੁਣ ਜਿਹੜੀ ਕੁਆਲਿਟੀ ਹੁਣ ਡਾਈਟਾਂ ਵਿੱਚੋਂ ਆ ਰਹੀ ਹੈ, ਮੈਂ ਬੇਨਤੀ ਕਰਦਾ ਹਾਂ ਕਿ ਮੰਤਰੀ ਜੀ ਧਿਆਨ ਦੇਣਾ, ਮੈਂ ਸਵੇਰੇ ਵੀ ਗੱਲ ਕਹੀ ਸੀ, ਉਦੋਂ ਸ਼ੋਰ ਵਿੱਚ ਪਤਾ ਨਹੀਂ ਲੱਗਾ ਸੀ। ਸਾਡੇ ਬੁੱਢਲਾਡੇ ਇੱਕ ਡਾਈਟ ਹੈ, District Institution of Education and Training 1973-75 ਵਿੱਚ ਖੁੱਲ੍ਹੀ ਸੀ, ਮੈਂ ਪਹਿਲੇ ਬੈਚ ਦਾ ਵਿਦਿਆਰਥੀ ਰਿਹਾ ਹਾਂ, ਪਹਿਲੇ ਬੈਚ ਵਿੱਚ ਮੇਰੀ ਸਿਲੈਕਸ਼ਨ ਹੋਈ ਸੀ, ਉਦੋਂ ਮੈਂ ਜੇ.ਬੀ.ਟੀ. ਕੀਤੀ ਸੀ। ਉਦੋਂ ਦੀ ਅੱਜ ਵੀ ਹੈੱਡ ਮਾਸਟਰ ਦੀ ਪੋਸਟ ਹੀ ਹੈ। ਜਦੋਂਕਿ ਡਾਈਟ ਵਿੱਚ ਪ੍ਰਿੰਸੀਪਲ ਹੋਣਾ ਚਾਹੀਦਾ ਹੈ, ਉਹ ਇਕੂਅਲ ਟੂ ਡੀ.ਈ.ਓ. ਹੁੰਦਾ ਹੈ। ਉੱਥੇ ਡਰਾਇੰਗ ਟੀਚਰ ਦੀ ਪੋਸਟ ਹੈ। ਉੱਥੇ ਅੱਜ ਫਿਜ਼ੀਕਲ ਲੈਕਚਰਾਰ ਨਹੀਂ ਹੈ। ਐਸ.ਐਸ. ਮਾਸਟਰ ਕਾਡਰ ਵਿੱਚ ਫਿਜ਼ੀਕਲ ਟੀਚਰ ਦੀ ਪੋਸਟ ਡੀ.ਪੀ. ਹੈ ਪਰ ਕੋਈ ਲੈਕਚਰਾਰ ਨਹੀਂ ਹੈ। ਉੱਥੇ ਦੋ ਲੈਕਚਰਾਰ ਲਗਾਏ ਹਨ, 200 ਬੱਚਿਆਂ ਨੂੰ ਪੜ੍ਹਾ ਰਹੇ ਹਨ। ਸੋ, ਮੰਤਰੀ ਜੀ ਮੈਂ ਬੇਨਤੀ ਕਰਦਾ ਹਾਂ ਕਿ ਜਿੱਥੇ ਟੀਚਰ ਪੈਦਾ ਹੋਣੇ ਹਨ, ਜਿੱਥੇ ਕੁਆਲਿਟੀ ਪੈਦਾ ਹੋਣੀ ਹੈ, ਉੱਥੇ ਹਾਈਲੀ ਕੁਆਲੀਫਾਈਡ ਟੀਚਰ ਘੱਟੋ ਘੱਟ ਪੰਜ ਬੰਦੇ ਅੱਜ ਹੀ ਡਿਪਿਊਟ ਕਰੋ। ਤੁਹਾਡਾ ਫਰਜ਼ ਬਣਦਾ ਹੈ। ਪ੍ਰਿੰਸੀਪਲ ਦੀ ਬਾਕਾਇਦਾ ਪੋਸਟ ਦਿਉ। ਉੱਥੇ ਜਿਹੜਾ ਡਰਾਇੰਗ ਟੀਚਰ ਹੈ, ਭਾਵੇਂ ਉਹ ਮੇਰਾ ਸਟੂਡੈਂਟ ਹੈ, ਉਸ ਡਰਾਇੰਗ ਟੀਚਰ ਦੀ ਜਿਹੜੀ ਬੇਸਿਕ ਕੁਆਲੀਫਿਕੇਸ਼ਨ ਹੈ, ਉਹ ਮੈਟਰਿਕ ਹੈ ਅਤੇ ਜਿਹੜੀ ਈ.ਟੀ.ਟੀ. ਦੀ ਹੈ, ਉਸ ਦੀ ਬੇਸਿਕ ਕੁਆਲੀਫਿਕੇਸ਼ਨ ਪਲੱਸ ਟੂ ਹੈ। ਮੈਟ੍ਰਿਕ ਬੇਸਿੱਕ ਕੁਆਲੀਫਿਕੇਸ਼ਨ ਵਾਲਾ ਪਲੱਸ-ਟੂ ਵਾਲੇ ਨੂੰ ਪੜ੍ਹਾ ਰਿਹਾ ਹੈ। ਇਹ ਤਾਂ ਕੋਈ ਵਿਗਿਆਨਕ ਗੱਲ ਨਹੀਂ ਹੈ, ਭਾਵੇਂ ਜਿੰਨਾ ਮਰਜ਼ੀ ਬੱਚਾ ਪੜ੍ਹ ਲਵੇ। ਸਕੂਲ ਦੇ DIET ਦੇ ਵਿੱਚ ਕੋਈ ਸੁਪਰਡੰਟ ਜਾਂ ਕਲਰਕ ਨਹੀਂ ਹੈ। ਸੋ, ਜਿੱਥੋਂ ਟੀਚਰ ਪੈਦਾ ਹੋਣੇ ਹਨ, ਜਿੱਥੋਂ ਕੁਆਲਟੀ ਪੈਦਾ ਹੋਣੀ ਹੈ, ਉੱਥੇ ਇੰਨੇ ਵਧੀਆ ਟੀਚਰ ਚਾਹੀਦੇ ਹਨ ਤਾਂ ਕਿ ਅੱਗੇ ਆ ਕੇ ਉਹ ਸਕੂਲਾਂ ਦੀ ਹਾਲਤ ਨੂੰ ਸੁਧਾਰ ਸਕਣ। ਮੈਂ ਇਕ ਮਿੰਟ ਤੁਹਾਡੀ ਇਜਾਜ਼ਤ ਲੈ ਕੇ ਕਾਲਜ ਕਾਡਰ ਸਬੰਧੀ ਬੇਨਤੀ ਕਰਦਾ ਹਾਂ ਕਿਉਂਕਿ ਉਹ ਵੀ ਸਾਡੇ ਬੱਚਿਆਂ ਦੀ ਸਿੱਖਿਆ ਨਾਲ ਸਬੰਧਿਤ ਹੈ। ਅੱਜ ਕਾਲਜ ਕਾਡਰ ਦੇ ਵਿੱਚ ਮਤਲਬ ਜੇ 1873 ਪੋਸਟਾਂ ਹਨ ਤਾਂ ਸਿਰਫ 512 ਭਰੀਆਂ ਹੋਈਆਂ ਹਨ। ਇੰਨੀਆਂ ਪੋਸਟਾਂ ਖਾਲੀ ਪਈਆਂ ਹਨ। ਜਦੋਂ ਅਸੀਂ ਪੋਸਟਾਂ ਦੀ ਗੱਲ ਕਰਦੇ ਹਾਂ ਤਾਂ ਕਹਿੰਦੇ ਹਨ ਕਿ 1996 ਤੋਂ ਬਾਅਦ ਬੈਨ ਲੱਗਾ ਹੋਇਆ ਹੈ, ਸਟੇਅ ਆਈ ਹੋਈ ਹੈ। ਪਰੰਤੂ ਮੈਂ ਕਾਲਜਾਂ ਦੇ ਵਿੱਚ ਜਾ ਕੇ ਪਤਾ ਕੀਤਾ ਅਤੇ ਉਹ ਕਹਿੰਦੇ ਕਿ ਕੋਈ ਸਟੇਅ ਨਹੀਂ ਹੈ। ਜੇਕਰ ਸਟੇਅ ਨਹੀਂ ਹੈ ਤਾਂ ਪ੍ਰੋਫੈਸਰ ਕਿਉਂ ਨਹੀਂ ਰੱਖਦੇ? ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਇੱਕ ਬੜਾ ਪੁਰਾਣਾ ਕਾਲਜ ਹੈ, ਉੱਥੇ 26 ਲੈਕਚਰਾਰਾਂ ਦੀਆਂ ਪੋਸਟਾਂ ਵਿੱਚੋਂ ਇੱਕ ਹੀ ਭਰੀ ਹੋਈ ਹੈ, ਬਾਕੀ ਪੋਸਟਾਂ ਖਾਲੀ ਹਨ ਤਾਂ ਇਸ ਤਰ੍ਹਾਂ ਕੁਆਲਟੀ

Under Print
Not for Legal/Official use

ਐਜੂਕੇਸ਼ਨ ਕਿੱਥੋਂ ਆਵੇਗੀ? ਕਾਲਜਾਂ ਦੇ ਵਿੱਚ ਬੱਚੇ ਘੱਟ ਰਹੇ ਹਨ। ਮੈਂ ਇੱਕ ਦਿਨ ਅਖਬਾਰ ਵਿੱਚ ਪੜ੍ਹਿਆ ਸੀ, ਸ਼ਾਇਦ ਮੈਂ ਗਲਤ ਹੋਵਾਂ ਤਾਂ ਇੱਕ ਕਾਲਜ ਅਜਿਹਾ ਹੈ ਜਿੱਥੇ ਕੋਈ ਬੱਚਾ ਦਾਖਲ ਹੀ ਨਹੀਂ ਹੋਇਆ, ਪ੍ਰੋਫੈਸਰ ਮੌਜੂਦ ਹਨ। 925 ਗੈਸਟ ਫੈਕਲਟੀ ਵੱਲੋਂ ਚਲਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ 21600/- ਤਨਖਾਹ ਮਿਲਦੀ ਹੈ। 11,600/- ਰੁਪਏ PTA ਫੰਡ ਵਿਚੋਂ ਅਤੇ 10,000/- ਰੁਪਿਆ RUSA ਰਾਸ਼ਟਰੀਯ ਉਚਤਮ ਸਿੱਖਿਆ ਅਭਿਆਨ ਵੱਲੋਂ ਦਿੱਤਾ ਜਾਂਦਾ ਹੈ। ਹੁਣ 11,600 PTA ਸਾਰਿਆਂ ਤੋਂ ਲਿਆ ਜਾਂਦਾ ਹੈ, ਕਈ ਐਸ.ਸੀ. ਬੱਚਿਆਂ ਤੋਂ ਵੀ ਲਿਆ ਜਾਂਦਾ ਹੈ। ਜੇਕਰ ਟੀਚਰ ਬੱਚਿਆਂ ਨੇ ਹੀ ਰੱਖਣੇ ਹਨ ਤਾਂ ਫਿਰ ਸਰਕਾਰ ਦਾ ਕੀ ਮਤਲਬ ਹੈ? ਇਸ ਲਈ ਮੈਂ ਤੁਹਾਡੇ ਜ਼ਰੀਏ ਸਿੱਖਿਆ ਮੰਤਰੀ ਜੀ, ਹਾਇਰ ਐਜੂਕੇਸ਼ਨ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ 136 ਸਰਕਾਰੀ ਕਾਲਜਾਂ ਦੇ ਵਿੱਚ ਜਿੱਥੇ ਸਟੇਅ ਖਤਮ ਹੋਈ ਹੈ, ਉੱਥੇ ਭਰਤੀ ਜਾਰੀ ਕੀਤੀ ਜਾਵੇ ਤੇ ਨਾਲ-ਦੀ-ਨਾਲ ਜਿੱਥੇ ਆਪਾਂ ਟੀਚਰਾਂ ਦੀਆਂ ਸ਼ਰਤਾਂ ਲਾ ਦਿੰਦੇ ਹਾਂ, ਇਸ ਨੂੰ ਵੀ ਦੇਖਿਆ ਜਾਵੇ ।ਅੱਜ ਦੇਖੋ 15,000 ਟੀਚਰ ਟੈੱਟ ਪਾਸ ਕਰੀ ਬੈਠਾ ਹੈ, B.ed 50,000 ਹਜ਼ਾਰ ਟੈੱਟ ਪਾਸ ਕਰੀ ਬੈਠਾ ਹੈ। ਉਹ ਝਾਕੀ ਜਾਂਦੇ ਹਨ, ਕੋਈ ਟੈਂਕੀਆਂ ਤੇ ਚੜ੍ਹਾ ਬੈਠਾ ਹੈ, ਧਰਨੇ ਮਾਰੀ ਬੈਠੇ ਹਨ, ਸਿੱਖਿਆ ਮੰਤਰੀ ਦਾ ਘਰ ਘੇਰ ਲੈਂਦੇ ਹਨ। ਅਸੀਂ ਚਾਹੁੰਦੇ ਹਾਂ ਕਿ ਦੇਸ਼ ਨੂੰ ਜਿਸ ਨੇ ਸੁਧਾਰਨਾ ਹੈ, ਜਿਹੜੇ ਨੇਸ਼ਨ ਬਿਲਡਰ ਹਨ, ਉਨ੍ਹਾਂ ਨੂੰ ਧਰਨੇ ਮਾਰਨ ਦੀ ਕੀ ਲੋੜ ਪਵੇ? ਤੁਸੀਂ ਜਿੰਨੀਆਂ ਪੋਸਟਾਂ ਖਾਲੀ ਹਨ, ਉਹ ਪੋਸਟਾਂ ਕੱਢੋ। ਇੱਕ ਪਾਸੇ ਤਾਂ ਪ੍ਰਾਇਮਰੀ ਸਕੂਲਾਂ ਵਿੱਚ ਗਿਣਤੀ ਘੱਟ ਰਹੀ ਹੈ, ਬੱਚੇ ਘੱਟ ਰਹੇ ਹਨ। ਜਦੋਂ ਬੱਚੇ ਘੱਟ ਰਹੇ ਹਨ ਤਾਂ ਰੈਸ਼ਨਲਾਈਜ਼ੇਸ਼ਨ ਵਿੱਚ ਪੋਸਟਾਂ ਘੱਟ ਜਾਣਗੀਆਂ। ਉਨ੍ਹਾਂ ਪੋਸਟਾਂ ਤੋਂ ਦੂਜੀ ਥਾਈਂ ਸ਼ਿਫਟ ਕਰ ਦਿੰਦੇ ਹਨ ਤਾਂ ਫਿਰ ਫਾਇਦਾ ਕੀ ਹੋਇਆ? ਲੋੜ ਇਸ ਗੱਲ ਦੀ ਹੈ ਕਿ ਬੱਚੇ ਘੱਟਣ ਨਹੀਂ ਦੇਣੇ ਚਾਹੀਦੇ। ਮੁਹਿੰਮ ਚਲਾਈ ਹੋਈ ਹੈ, ਟੀਚਰ ਲਾਈਨਾਂ ਬੰਨ੍ਹ ਘਰਾਂ ਵਿੱਚ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਤੁਸੀਂ ਬੱਚੇ ਸਾਡੇ ਸਕੂਲ ਦਾਖਲ ਕਰਵਾਓ। ਇਹ ਕੋਈ ਸ਼ੱਕ ਵਾਲੀ ਗੱਲ ਨਹੀਂ, ਮੈਂ ਕਹਿੰਦਾ ਹਾਂ ਕਿ ਇਹ ਸਿੱਖਿਆ ਵਿਭਾਗ ਦਾ ਵਧੀਆ ਕਾਰਜ ਹੈ ਪਰ ਇਹ ਦਿਨ ਪੜ੍ਹਾਈ ਦੇ ਹਨ, ਇਨ੍ਹਾਂ ਦਿਨਾਂ ਵਿੱਚ ਟੀਚਰਾਂ ਨੂੰ ਬੱਚੇ ਪੜ੍ਹਾਉਣ ਦਿੱਤਾ ਜਾਵੇ। ਮਾਰਚ ਜਾਂ ਅਪਰੈਲ ਤੋਂ ਬਾਅਦ ਉਨ੍ਹਾਂ ਨੂੰ ਜਿਸ ਮਰਜ਼ੀ ਕੰਮ ਤੇ ਲਾਇਆ ਜਾਵੇ। ਸੋ, ਇਹ ਸ਼ਰਤ ਹਟਾ ਦਿੱਤੀ ਜਾਵੇ। ਮੈਨੂੰ ਪਤਾ ਲੱਗਿਆ ਹੈ ਕਿ ਤੁਸੀਂ ਪੋਸਟਾਂ ਬਹੁਤ ਘੱਟ ਕੱਢ ਰਹੇ ਹੋ, ਪੋਸਟਾਂ ਵੱਧ ਕੱਢੀਆਂ ਜਾਣ। ਦੂਜੀ ਗੱਲ ਇਹ ਹੈ ਕਿ ਜਿਹੜੀ ਈ.ਟੀ.ਟੀ., ਪ੍ਰਾਇਮਰੀ ਟੀਚਰ ਵਾਸਤੇ ਸ਼ਰਤ ਹੈ। ਜੇਕਰ ਉਨ੍ਹਾਂ ਦੀ ਈ.ਟੀ.ਟੀ. ਵਾਸਤੇ ਬੇਸ਼ਿੱਕ ਸ਼ਰਤ ਪਲੱਸ-ਟੂ ਹੈ ਤਾਂ ਜੁਆਇਨਿੰਗ ਦੀ ਵੀ ਪਲੱਸ-ਟੂ ਚਾਹੀਦੀ ਹੈ। ਉੱਥੋਂ ਤੁਸੀਂ ਬੀ.ਏ. ਸ਼ਰਤ ਕਿਉਂ ਲਾਉਂਦੇ ਹੋ? ਜੇ ਇੱਕ ਐਸ.ਸੀ. ਬੰਦਾ 45% ਨਾਲ ਸਿਲੈਕਟ ਹੋ ਜਾਂਦਾ ਹੈ, ਆਪਾਂ ਉਸ ਦੀ ਸ਼ਰਤ 50-55% ਰੱਖ ਦਿੰਦੇ ਹਾਂ, ਇਸ ਦਾ ਮਤਲਬ 45% ਵਾਲੇ ਤਾਂ ਕਿਸੇ ਹਾਲਤ ਵਿੱਚ ਸਾਰੀ ਉਮਰ ਸਿਲੈਕਟ ਹੀ ਨਹੀਂ ਹੋ ਸਕਦੇ। ਫਿਰ ਤੁਸੀਂ

Under Print
Not for Legal/Official use

ਉਸ ਨੂੰ ਈ.ਟੀ.ਟੀ. ਕਿਉਂ ਕਰਵਾਉਂਦੇ ਹੋ? ਤੁਸੀਂ B.ed ਜਾਂ ਈ.ਟੀ.ਟੀ. ਕਰਵਾਉਣ ਵੇਲੇ ਹੀ 50% ਲਗਾਓ ਜਾਂ 50-55% ਕਰੋ। ਉਸ ਤੋਂ ਪਿੱਛੋਂ ਜਦੋਂ ਬੰਦਾ ਈ.ਟੀ.ਟੀ. ਕਰ ਲੈਂਦਾ ਹੈ, B.ed ਕਰ ਲੈਂਦਾ ਹੈ, ਉਸ ਤੋਂ ਪਿੱਛੋਂ 55% ਸ਼ਰਤ ਲਗਾਉਣੀ, ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ ਔਰ ਇਹ ਅਨ-ਨੈਚਰਲ ਹੈ। ਸੋ, ਮੈਂ ਸਮਝਦਾ ਹਾਂ ਕਿ ਇਹ ਬਹੁਤ ਵਧੀਆ ਵਿਸ਼ਾ ਹੈ ਕਿਉਂਕਿ ਸਿੱਖਿਆ ਕਿਸੇ ਵੀ ਦੇਸ਼ ਦੇ ਵਿਕਾਸ ਦੀ ਸੜਕ ਸਕੂਲਾਂ ਵਿੱਚ ਜਾਂਦੀ ਹੈ। ਜੇ ਸਕੂਲ, ਕਾਲਜ ਚੰਗੇ ਹਨ ਤਾਂ ਤੁਹਾਡੇ ਬੱਚਿਆਂ ਦੇ ਕੋਲ ਚੰਗੀ ਐਜੂਕੇਸ਼ਨ ਹੈ ਤਾਂ ਤੁਸੀਂ ਵਿਕਾਸ ਵੱਲ ਜਾ ਰਹੇ ਹੋ। ਜੇ ਤੁਹਾਡੀ ਐਜੂਕੇਸ਼ਨ ਡਾਊਨਫਾਲ ਜਾ ਰਹੀ ਹੈ ਤਾਂ ਤੁਸੀਂ ਇਹ ਵਿਕਾਸ ਨਹੀਂ ਕਹਿ ਸਕਦੇ। ਦੂਜੀ ਗੱਲ ਜਿਹੜੀ ਆਪਾਂ ਸੁਣ ਰਹੇ ਸੀ, ਭਾਵੇਂ ਮੈਂ ਸੁਣਿਆ ਹੈ ਕਿ ਉਹ ਫੈਸਲਾ ਸਰਕਾਰ ਨੇ ਵਾਪਸ ਲੈ ਲਿਆ ਹੈ, ਪਾਸ ਪ੍ਰਤੀਸ਼ਤਤਾ 20% ਸਿੱਖਿਆ ਮੰਤਰੀ ਸਾਹਿਬ ਕਿਸੇ ਵੀ ਹਾਲਤ ਵਿੱਚ ਵਾਜਬ ਨਹੀਂ ਹੈ, ਉਹ ਸਾਨੂੰ ਭਾਵੇਂ 33% ਤੋਂ 40% ਕਰ ਦੇਣੀ ਚਾਹੀਦੀ ਹੈ, ਸਾਡੇ ਬੱਚਿਆਂ ਵਿਚ ਗਿਆਨ ਹੋਣਾ ਚਾਹੀਦਾ ਹੈ। ਇਹ ਉਹ ਗੱਲ ਹੋ ਗਈ ਕਿ ਬੱਚਾ 10ਵੀਂ ਜਮਾਤ ਪੜ੍ਹ ਲਵੇ ਪਰੰਤੂ ਦਿਮਾਗ ਉਸ ਦਾ 5ਵੀਂ ਜਿੰਨਾ ਹੀ ਰਹੇ। 20% ਦਾ ਮਤਲਬ ਤਾਂ ਇਹੀ ਹੈ। ਇਸ ਦਾ ਮਤਲਬ ਅਸੀਂ ਸਰਕਾਰੀ ਸਕੂਲਾਂ ਦਾ ਰਿਜ਼ਲਟ 100% ਕਰਨ ਤੱਕ ਕਿਸੇ ਦੀ ਪਾਸ ਪਰਸੈਂਟੇਜ 20 ਕਰ ਦੇਣੀ, ਇਹ ਕਿਸੇ ਵੀ ਤਰ੍ਹਾਂ ਵਾਜਬ ਨਹੀਂ। ਇਹ ਬੱਚਿਆਂ ਨਾਲ ਬੜਾ ਧੋਖਾ ਹੈ, ਉਸ ਦੇ ਮਾਨਸਕਿ ਵਿਕਾਸ ਦੇ ਵਿੱਚ ਅੜਿੱਕਾ ਹੈ। ਚਲੋ ਸ਼ਰਤ ਜੇ 33% ਚੱਲਦੀ ਹੈ ਤਾਂ ਉਹ 33% ਹੀ ਰਹਿਣੀ ਚਾਹੀਦੀ ਹੈ। ਅਗਲੀ ਗੱਲ ਮੈਂ  ਟੀਚਰਾਂ ਸਬੰਧੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਸਾਡੇ ਪੇਪਰ ਦੇਖੇ ਜਾਂਦੇ ਹਨ ਤਾਂ ਸਾਨੂੰ ਕੋਈ ਮਾਣ-ਭੱਤਾ ਨਹੀਂ ਦਿੱਤਾ ਜਾਂਦਾ। ਜਿਹੜੇ ਲੈਕਚਰਾਰ ਤੌਰ ਤੇ ਉੱਥੇ ਅਬਜ਼ਰਵਰ ਲੱਗਦੇ ਹਨ ਤਾਂ ਉਨ੍ਹਾਂ ਨੂੰ ਕੋਈ ਮਾਣ-ਭੱਤਾ ਨਹੀਂ ਦਿੱਤਾ ਜਾਂਦਾ। ਜਿਵੇਂ ਕੰਪਿਊਟਰ, ਫਿਜ਼ੀਕਲ ਜਾਂ ਡਰਾਇੰਗ ਦਾ ਪੇਪਰ ਹੈ, ਇਨ੍ਹਾਂ ਪੇਪਰਾਂ ਦੀ ਗਰੇਡਿੰਗ ਹੁੰਦੀ ਹੈ ਔਰ ਮੈਟ੍ਰਿਕ ਤੇ ਪਲੱਸ-ਟੂ ਤੱਕ ਦੇ ਪੇਪਰ ਸਕੂਲ ਵਿੱਚ ਹੀ ਮਾਰਕ ਕੀਤੇ ਜਾਂਦੇ ਹਨ। ਇਹ ਪੇਪਰ ਲਗਭਗ ਜੇ ਤੁਸੀਂ ਉਸੇ ਬਲਾਕ ਵਿਚ ਕਿਸੇ ਹੋਰ ਸਕੂਲ ਵਿੱਚ ਭੇਜ ਦਿਉ ਤਾਂ ਬਹੁਤ ਅੱਛੀ ਗੱਲ ਹੈ। ਉਸੇ ਟੀਚਰ ਨੇ ਮਾਰਕ ਕਰਨੇ, ਜਿਸ ਟੀਚਰ ਨੇ ਪੜ੍ਹਾਇਆ ਹੈ। ਇਹ ਕਦੇ ਵੀ ਵਾਜਬ ਨਹੀਂ ਹੁੰਦਾ।

ਦੂਜੀ ਗੱਲ, ਲਾਸਟ ਵਿੱਚ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਿਲੀ ਵਾਰੀ 10ਵੀਂ ਜਮਾਤ ਦੀ ਪ੍ਰੀਖਿਆ ਫੀਸ 800/-ਰੁਪਏ ਐਸ.ਸੀ. ਅਤੇ ਬੀ.ਸੀ. ਬੱਚਿਆਂ ਵਾਸਤੇ ਲਗਾਈ ਗਈ ਹੈ। 70 ਸਾਲ ਤੋਂ ਕਿਸੇ ਵੀ ਸਰਕਾਰ ਨੇ 10ਵੀਂ ਜਮਾਤ ਦੀ ਐਸ.ਸੀ. ਅਤੇ ਬੀ.ਸੀ. ਬੱਚਿਆਂ ਦੀ ਪ੍ਰੀਖਿਆ ਫੀਸ ਨਹੀਂ ਲਗਾਈ ਸੀ, ਇਨ੍ਹਾਂ ਬੱਚਿਆਂ ਦੀ ਪ੍ਰੀਖਿਆ ਫੀਸ ਮੁਆਫ ਕੀਤੀ ਹੋਈ ਸੀ । ਪਾਕਿਸਤਾਨ ਸਰਕਾਰ ਵੱਲੋਂ ਵੀਹ ਡਾਲਰ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੇਖਣ ਵਾਸਤੇ ਲਗਾਏ, ਇਸ ਬਾਰੇ ਵੀ ਅਸੀਂ ਬਹੁਤ ਰੌਲਾ ਪਾਇਆ ਪਰੰਤੂ ਤੁਸੀਂ ਲੱਖਾਂ ਵਿਦਿਆਰਥੀਆਂ ਦੀ, ਸਿੱਖਿਆ ਵਿਭਾਗ ਵਾਲਿਆਂ ਨੇ 10ਵੀਂ ਜਮਾਤ ਦੇ ਐਸ.ਸੀ. ਅਤੇ ਬੀ.ਸੀ.

Under Print
Not for Legal/Official use

ਬੱਚਿਆਂ ਦੀ ਪ੍ਰੀਖਿਆ ਫੀਸ 800/-ਰੁਪਏ ਲਗਾ ਦਿੱਤੀ ਅਤੇ 300/-ਰੁਪਿਆ ਉਨ੍ਹਾਂ ਲਈ ਪ੍ਰੈਕਟੀਕਲ ਫੀਸ ਲਗਾ ਦਿੱਤੀ, ਇਹ ਬਹੁਤ ਵੱਡਾ ਨੁਕਸਾਨ ਹੈ ਕਿਉਂਕਿ 1400-1400/-ਰੁਪਿਆ ਭਰਨ ਲੱਗਿਆ ਬਹੁਤ ਔਖਾ ਹੁੰਦਾ ਹੈ ਕਿਉਂਕਿ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ, ਜਿਹੜੇ ਗਰੀਬ ਲੋਕ ਦਿਹਾੜੀ ਕਰਦੇ ਹਨ, ਜਿਹੜੇ ਸੋਚਦੇ ਹਨ ਕਿ ਸਵੇਰ ਨੂੰ ਰੋਟੀ ਮਿਲੇਗੀ ਜਾਂ ਨਹੀਂ ਮਿਲੇਗੀ, ਇਸ ਤਰ੍ਹਾਂ ਦੇ ਵੀ ਬਹੁਤ ਗਰੀਬ ਪਰਿਵਾਰ ਪਏ ਹਨ। ਉਨ੍ਹਾਂ ਵਾਸਤੇ ਪ੍ਰੀਖਿਆ ਫੀਸ ਭਰਨੀ ਬਹੁਤ ਔਖੀ ਹੈ। ਸੋ, ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹੈ ਕਿ 10ਵੀਂ ਜਮਾਤ ਦੀ ਜਿਹੜੀ ਪ੍ਰੀਖਿਆ ਫੀਸ ਹੈ, ਉਹ 70 ਸਾਲਾਂ ਤੋਂ ਐਸ.ਸੀ. ਅਤੇ ਬੀ.ਸੀ. ਬੱਚਿਆਂ ਵਾਸਤੇ ਫਰੀ ਸੀ। ਮੈਂ ਚਾਹੁੰਦਾ ਹਾਂ ਕਿ ਇਹ ਪ੍ਰੀਖਿਆ ਫੀਸ ਹੁਣ ਵੀ ਬੱਚਿਆਂ ਤੇ ਨਾ ਲਗਾਈ ਜਾਵੇ। ਇਸ ਤੋਂ ਇਲਾਵਾ ਮੈਂ ਆਮਦਨ ਦੇ ਵਸੀਲੇ ਪੈਦਾ ਕਰਨ ਸਬੰਧੀ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿਹੜੀ ਪਿੰਡਾਂ ਵਿੱਚ ਪੰਚਾਇਤੀ ਜ਼ਮੀਨ ਹੈ, ਉਸ ਵਿੱਚੋਂ ਬਿਲ ਭਰਨ ਵਾਸਤੇ, ਬਿਲਡਿੰਗ ਦੇ ਰੰਗ-ਰੋਗਨ ਵਾਸਤੇ, ਉਸ ਦੀ ਮੁਰੰਮਤ ਵਾਸਤੇ ਜਿਵੇਂ ਕੋਈ ਪੱਖਾ ਖਰਾਬ ਹੋ ਗਿਆ, ਸਵਿੱਚ ਖਰਾਬ ਹੋ ਗਿਆ, ਪਾਇਪ ਖਰਾਬ ਹੋ ਗਈ ਜਾਂ ਟੂਟੀ ਖਰਾਬ ਹੋ ਗਈ ਅਤੇ ਪਲੰਬਰ ਦੇ ਵਾਸਤੇ, ਜਿੰਨੀ ਪਿੰਡਾਂ ਵਿੱਚ ਪੰਚਾਇਤੀ ਜ਼ਮੀਨ ਹੈ, ਉਸ ਦਾ ਚੌਥਾ ਹਿੱਸਾ ਪਿੰਡ ਦੇ ਸਕੂਲਾਂ ਵਾਸਤੇ ਪੱਕਾ ਰਿਜ਼ਰਵ ਕਰ ਦਿਓ। ਮੰਨ ਲਓ ਜੇਕਰ ਇੱਕ ਪੰਚਾਇਤ ਕੋਲ ਲੱਖ ਰੁਪਏ ਦੀ ਆਮਦਨ ਹੈ, ਉਸ ਵਿੱਚੋਂ 25,000/-ਰੁਪਿਆ ਸਕੂਲ ਦੇ ਉੱਪਰ ਲਗਾਇਆ ਜਾਵੇ ਤਾਂ ਮੇਰਾ ਖਿਆਲ ਹੈ ਕਿ ਜਿਹੜੀਆਂ ਆਪਣੀਆਂ ਅੱਧੀਆਂ ਸਮੱਸਿਆਵਾਂ ਹਨ, ਉਹ ਹੱਲ ਹੋ ਜਾਣਗੀਆਂ। ਸੋ, ਜਿੰਨੀ ਮੈਂ ਸਕੂਲਾਂ ਦੇ ਸਬੰਧ ਵਿੱਚ ਗੱਲ ਕੀਤੀ ਹੈ, ਆਸ ਕਰਦਾ ਹਾਂ ਕਿ ਮੇਰੀ ਗੱਲ ਤੇ ਗੌਰ ਫ਼ਰਮਾਉਂਦੇ ਹੋਏ, ਤੁਸੀਂ ਚੰਗੇ ਭਵਿੱਖ ਵਾਸਤੇ, ਚੰਗੇ ਸਕੂਲਾਂ ਵਾਸਤੇ, ਇੱਕ ਵਧੀਆ ਵਿਦਿਆਰਥੀ ਪੈਦਾ ਹੋਣ ਵਾਸਤੇ, ਇੱਕ ਵਧੀਆ ਐਜੂਕੇਟਿਡ ਟੀਚਰਾਂ ਵਾਸਤੇ, ਇਸ ਗੱਲ ਤੇ ਗੌਰ ਫ਼ਰਮਾਉਗੇ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਜੀ। ਮੈਂ ਇਸ ਪ੍ਰਸਤਾਵ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। ਜਿਵੇਂ ਸਤਿਕਾਰਯੋਗ ਸਾਥੀਆਂ ਨੇ ਪਹਿਲਾਂ ਦੱਸਿਆ ਹੈ ਕਿਉਂਕਿ ਜਿਹੜੀ ਐਜੂਕੇਸ਼ਨ ਹੈ, ਉਹ ਸਾਡੇ ਸਮਾਜ ਦਾ ਇੱਕ ਮੁੱਖ ਅੰਗ ਹੈ ਔਰ ਅਕਸਰ ਕਿਹਾ ਜਾਂਦਾ ਹੈ ਕਿ ਜਿਹੜਾ ਪੜ੍ਹਿਆ-ਲਿਖਿਆ ਵਿਅਕਤੀ ਹੁੰਦਾ ਹੈ, ਉਹ ਸਮਾਜ ਦੇ ਵਾਸਤੇ ਅਤੇ ਸਮਾਜ ਨੂੰ ਅੱਗੇ ਵਧਾਉਣ ਵਾਸਤੇ ਹਮੇਸ਼ਾਂ ਚੰਗਾ ਯੋਗਦਾਨ ਪਾਉਂਦਾ ਹੈ। ਸੋ, ਇਸ ਵਿਸ਼ੇ ਦੇ ਸਬੰਧ ਵਿੱਚ ਬਹੁਤ ਸਾਰੇ ਸਤਿਕਾਰਯੋਗ ਸਾਥੀਆਂ ਨੇ ਆਪਣੇ-ਆਪਣੇ ਵਿਚਾਰ ਰੱਖੇ ਹਨ ਅਤੇ ਸੁਝਾਅ ਵੀ ਦਿੱਤੇ ਹਨ।ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਸਰਕਾਰੀ ਐਜੂਕੇਸ਼ਨ ਦਾ ਜਿਹੜਾ ਮਿਆਰ ਹੈ, ਜੇਕਰ ਮੈਂ ਆਪਣੇ ਹਲਕੇ ਦੀ ਗੱਲ

Under Print
Not for Legal/Official use

ਕਰਾਂ ਤਾਂ ਪਿਛਲੇ ਤਿੰਨ ਸਾਲਾਂ ਦੇ ਵਿੱਚ ਸਰਕਾਰ ਦੀਆਂ ਭਰਪੂਰ ਕੋਸ਼ਿਸ਼ਾਂ ਦੇ ਸਦਕਾ ਜਿਹੜੇ ਸਾਡੇ ਸਰਕਾਰੀ ਸਕੂਲਾਂ ਨੂੰ ਛੱਡ ਕੇ ਜਾਣ ਦੀ ਗਿਣਤੀ ਸੀ, ਉਸ ਗਿਣਤੀ ਨੂੰ ਘਟਾ ਕੇ, ਸਰਕਾਰੀ ਸਕੂਲਾਂ ਦੀਆਂ ਐਡਮਿਸ਼ਨਾਂ ਵਿੱਚ ਵਾਧਾ ਕੀਤਾ। ਸਮਾਰਟ ਸਕੂਲ ਜਿਵੇਂ ਬਡਾਲੀ ਆਲਾ ਸਿੰਘ ਸਰਕਾਰੀ ਕੰਨਿਆ ਸਕੂਲ, ਸੀਨੀਅਰ ਸੈਕੰਡਰੀ ਸਕੂਲ, ਸਰਹਿੰਦ ਅਤੇ ਸੀਨੀਅਰ ਸੈਕੰਡਰੀ ਸਕੂਲ, ਸੰਗਤਪੁਰ ਸੋਢੀਆਂ ਵਿਖੇ ਤਿੰਨ ਦਿੱਤੇ ਗਏ ਸਨ। ਇਸ ਤੋਂ ਇਲਾਵਾ ਜਿਹੜੀ ਸੈਲਫ ਸਮਾਰਟ ਸਕੂਲ ਬਣਾਉਣ ਦੀ ਇੱਕ ਮੁਹਿੰਮ ਚੱਲੀ ਸੀ, ਜਿਸ ਦੇ ਤਹਿਤ ਸਰਕਾਰੀ ਸਕੂਲਾਂ ਦੇ ਵਿੱਚ, ਸਕੂਲਾਂ ਦੀ ਸਵੱਛਤਾ ਨੂੰ ਲੈ ਕੇ, ਸਕੂਲਾਂ ਦੀ ਬਿਲਡਿੰਗ ਨੂੰ ਲੈ ਕੇ, ਸਕੂਲਾਂ ਦੀ ਬਿਲਡਿੰਗ ਦੇ ਪੇਂਟ, ਪਾਰਕ ਜਾਂ ਕੋਈ ਹੋਰ ਇਨਫਰਾਸਟਰੱਕਚਰ ਨੂੰ ਲੈ ਕੇ ਜੋ ਵੀ ਸਰਕਾਰ ਵੱਲੋਂ ਅਤੇ ਐਮ.ਪੀ. ਸਾਹਿਬਾਨ ਵੱਲੋਂ ਗਰਾਂਟਾਂ ਮਿਲਦੀਆਂ ਸਨ, ਜੋ ਮਨਿਸਟਰ ਸਾਹਿਬ ਵੱਲੋਂ ਗਰਾਂਟਾਂ ਮਿਲਦੀਆਂ ਸਨ ਜਾਂ ਐਜੂਕੇਸ਼ਨ ਮਹਿਕਮੇ ਤੋਂ ਗਰਾਂਟਾਂ ਮਿਲਦੀਆਂ ਸਨ, ਉਨ੍ਹਾਂ ਨੂੰ ਸੈਲਫ ਸਮਾਰਟ ਸਕੂਲਾਂ ਉੱਪਰ ਲਗਾਇਆ ਗਿਆ, ਜਿਸ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਅਤੇ ਪੰਚਾਇਤਾਂ ਨੇ ਆਪਣਾ ਯੋਗਦਾਨ ਪਾਇਆ ਔਰ ਤਕਰੀਬਨ-ਤਕਰੀਬਨ ਹਰੇਕ ਪ੍ਰਾਇਮਰੀ, ਮਿਡਲ, ਹਾਈ ਸਕੂਲ, ਸੀਨੀਅਰ ਸੈਕੰਡਰੀ ਸਕੂਲਾਂ ਦਾ ਸੈਲਫ ਸਮਾਰਟ ਸਕੂਲ ਦੀ ਮੁਹਿੰਮ ਤਹਿਤ, ਇਸ ਦਾਇਰੇ ਵਿੱਚ ਕਾਫੀ ਸੁਧਾਰ ਹੋਇਆ। ਮੈਂ ਇੱਥੇ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਪਿਛਲਾ ਰਿਜ਼ਲਟ ਹੈ ਅਤੇ ਜਿਹੜੀ ਮੈਰਿਟ ਲਿਸਟ ਆਈ ਉਸ ਵਿੱਚੋਂ 15 ਵਿਦਿਆਰਥੀਆਂ ਵਿੱਚੋਂ ਸਰਕਾਰੀ ਸਕੂਲ ਦੇ 8 ਵਿਦਿਆਰਥੀਆਂ ਨੇ ਮੈਰਿਟ ਹਾਸਲ ਕੀਤੀ। ਪ੍ਰਾਈਵੇਟ ਸਕੂਲਾਂ ਤੋਂ ਜ਼ਿਆਦਾ ਸਰਕਾਰੀ ਸਕੂਲਾਂ ਨੇ ਮੈਰਿਟ ਹਾਸਿਲ ਕੀਤੀ।ਇਸ ਦੇ ਨਾਲ ਨਾਲ ਅਧਿਆਪਕ ਜਥੇਬੰਦੀਆਂ ਦਾ ਯੋਗਦਾਨ ਵੀ ਭਰਪੂਰ ਰਿਹਾ। ਹੌਲੀ ਹੌਲੀ ਸਰਕਾਰ ਦੀ ਪਾਲਿਸੀਜ਼ ਦੇ ਮੁਤਾਬਿਕ ਜਿੱਥੇ ਅਧਿਆਪਕਾਂ ਦੀਆਂ ਮੰਗਾਂ ਵੀ ਮੰਨੀਆਂ ਗਈਆਂ, ਅਧਿਆਪਕਾਂ ਦੇ ਨਾਲ ਬੈਠ ਕੇ ਵਿਚਾਰ ਵਟਾਂਦਰਾ ਕਰਕੇ ਮੰਤਰੀ ਸਾਹਿਬਾਨ ਨੇ, ਮੁੱਖ ਮੰਤਰੀ ਸਾਹਿਬਾਨ ਨੇ, ਵਿੱਤ ਮੰਤਰੀ ਸਾਹਿਬਾਨ ਨੇ ਜਾਂ ਐਜੂਕੇਸ਼ਨ ਮਹਿਕਮੇ ਦੇ ਅਫਸਰਾਂ ਨੇ ਉਨ੍ਹਾਂ ਦੀਆਂ ਕਾਫੀ ਮੰਗਾਂ ਮੰਨੀਆਂ ਅਤੇ ਕੁਝ ਵਿਚਾਰ ਅਧੀਨ ਹਨ। ਇਸ ਦੇ ਤਹਿਤ ਅਧਿਆਪਕਾਂ ਨੇ ਸਕੂਲਾਂ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਲਈ ਆਪਣੇ ਪੱਧਰ ਤੇ ਵੀ ਇੱਕ ਬੀੜਾ ਚੁੱਕਿਆ ਜਿਸ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਰੋਲ ਹੈ, ਚਾਹੇ ਉਨ੍ਹਾਂ ਨੂੰ ਆਪਣੇ ਕੋਲੋਂ ਵੀ ਕੁਝ ਪਾਉਣਾ ਪਿਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਨਾਲ ਦੀ ਨਾਲ ਪਿੰਡਾਂ ਦੀਆਂ ਪੰਚਾਇਤਾਂ, ਪਿੰਡਾਂ ਦੇ ਲੋਕਾਂ ਤੋਂ, ਆਸੇ ਪਾਸੇ ਤੋਂ, ਬਹੁਤ ਸਾਰੇ ਇੰਡਸਟੀਲਿਸਟਾਂ ਨੇ ਅਤੇ ਬਹੁਤ ਸਾਰੇ ਐਨ.ਆਰ.ਆਈਜ਼ ਨੇ ਇਸ ਵਿੱਚ ਆਪਣਾ ਯੋਗਦਾਨ ਪਾਇਆ। ਡਿਪਟੀ ਸਪੀਕਰ ਸਾਹਿਬ, ਇਹ ਇੱਕ ਨਿਰੰਤਰ ਚੱਲਣ ਵਾਲਾ ਪ੍ਰੋਸੈਸ ਹੈ ਕਿਉਂਕਿ ਜਿਹੜੀ ਗਿਰਾਵਟ ਸੀ ਉਹ ਕਾਫੀ ਆ ਚੁੱਕੀ ਸੀ। ਇੱਥੋਂ ਤੱਕ ਕਿ 10-10 ਸਾਲ ਕਈ ਸਕੂਲਾਂ ਦਾ ਰੰਗ ਰੋਗਨ ਵੀ ਨਹੀਂ ਹੋਇਆ। ਗੇਟ ਜਾਂ ਚਾਰ ਦੀਵਾਰੀਆਂ ਤਾਂ

Under Print
Not for Legal/Official use

ਦੂਸਰੀ ਗੱਲ ਹੈ, ਕਾਫੀ ਸਕੂਲਾਂ ਦੀਆਂ ਬਿਲਡਿੰਗਾਂ ਦਾ ਹੀ ਬੁਰਾ ਹਾਲ ਸੀ। ਲੋਕ ਸਕੂਲਾਂ ਦੇ ਵਿੱਚੋਂ ਹਟਾ ਕੇ ਆਪਣੇ ਬੱਚਿਆਂ ਨੂੰ ਬਾਹਰ ਪੜ੍ਹਾਉਣ ਦੇ ਲਈ ਮਜਬੂਰ ਹੋ ਰਹੇ ਸਨ। ਮੈਂ ਇੱਥੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਜਿਹੜੇ ਸਮਾਰਟ ਸਕੂਲ ਬਣਾਏ ਹਨ ਉਨ੍ਹਾਂ ਦੇ ਵਿੱਚ ਜੇਕਰ ਕਿਸੇ ਨੇ ਜਾ ਕੇ ਦੇਖਣਾ ਹੋਵੇ ਤਾਂਸਾਡੇ ਸਰਹਿੰਦ ਬਲਾਕ ਦੇ ਵਿੱਚ ਸੰਗਤਪੁਰ ਸੋਢੀਆਂ ਸਕੂਲ ਹੈ, ਬੱਚਿਆਂ ਦੀ ਗਿਣਤੀ ਸਰਕਾਰੀ ਸਕੂਲਾਂ ਵਿੱਚ ਜ਼ਿਆਦਾ ਹੈ। ਉੱਥੇ ਬੱਚਿਆਂ ਨੇ ਪ੍ਰਾਈਵੇਟ ਸਕੂਲਾਂ ਵਿੱਚੋਂ ਹਟ ਕੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਲਿਆ ਹੈ। ਇਸ ਤਰ੍ਹਾਂ ਹੀ ਚਨਾਰਥਨ ਕਲਾਂ ਪਿੰਡ ਹੈ, ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸਕੂਲ ਹਨ। ਡਿਪਟੀ ਸਪੀਕਰ ਸਾਹਿਬ, ਅੱਜ ਜਿਹੜੀ ਸਭ ਤੋਂ ਵੱਡੀ ਸਮੱਸਿਆ ਹੈ, ਕਈ ਵਾਰੀ ਅਸੀਂ ਇਸ ਗੱਲ ਨੂੰ ਕਰਨ ਤੋਂ ਆਪ ਹੀ ਪਿੱਛੇ ਹਟ ਜਾਂਦੇ ਹਾਂ। ਅੱਜ ਮੇਰਾ ਬੱਚਾ ਤਾਂ ਬੱਸ ਵਿੱਚ ਬੈਠ ਕੇ 10 ਕਿਲੋਮੀਟਰ ਚੰਗੇ ਸਕੂਲ ਵਿੱਚ ਜਾ ਸਕਦਾ ਹੈ। ਮੈਂ ਪਿੰਡ ਵਿੱਚ ਰਹਿੰਦਾ ਹਾਂ। ਮੈਂ ਕਹਿੰਦਾ ਹਾਂ ਕਿ ਜੇਕਰ 15 ਕਿਲੋਮੀਟਰ ਵੀ ਜਾਣਾ ਪਵੇ ਤਾਂ ਵੀ ਜਾ ਸਕਦਾ ਹੈ। ਕਿਉਂ ਜਾਂਦਾ ਹੈ, ਕਿਉਂਕਿ ਉਸ ਨੂੰ ਬੱਸ ਦੀ ਸੁਵਿਧਾ ਮਿਲਦੀ ਹੈ। ਅੱਗੇ ਚਾਹੇ ਫੀਸ ਹੈ ਜਾਂ ਨਹੀਂ ਹੈ। ਅੱਜ ਜਿਹੜੀ ਸਰਕਾਰ ਦੀ ਪਾਲਿਸੀ ਹੈ, ਉਸ ਲਈ ਮੈਂ ਮੰਤਰੀ ਸਾਹਿਬ ਨੂੰ, ਮੁੱਖ ਮੰਤਰੀ ਸਾਹਿਬ ਨੂੰ ਵੀ ਅਤੇ ਐਜੂਕੇਸ਼ਨ ਮਹਿਕਮੇ ਦੇ ਅਧਿਕਾਰੀਆਂ ਨੂੰ ਵੀ ਇਕ ਸਲਾਹ ਦਿੱਤੀ ਸੀ ਅਤੇ ਉਸ ਤੇ ਮੰਤਰੀ ਸਾਹਿਬ ਨੇ ਕੁਝ ਗੌਰ ਵੀ ਕੀਤੀ ਹੈ ਅਤੇ ਇਸ ਸਬੰਧੀ ਮੈਂ ਆਪਣੇ ਹਲਕੇ ਦਾ ਜ਼ਿਕਰ ਕੀਤਾ ਸੀ। ਅੱਜ ਕੋਈ ਗਰੀਬ ਆਪਣੇ ਬੱਚੇ ਨੂੰ ਉਸੇ ਸਕੂਲ ਦੇ ਵਿੱਚ ਇਸ ਕਰਕੇ ਵੀ ਪੜ੍ਹਾ ਰਿਹਾ ਹੈ ਕਿਉਂਕਿ ਉਸ ਕੋਲ ਜਿਹੜੀ ਬੱਸ ਤੇ ਭੇਜਣ ਦੀ ਸੁਵਿਧਾ ਹੈ 1000 ਜਾਂ 1200 ਰੁਪਏ ਹੈ ਉਹ ਨਹੀਂ ਦੇ ਸਕਦਾ। ਇੱਕ ਰਾਮਗੜ੍ਹ ਸੈਣੀਆਂ ਸਕੂਲ ਹੈ ਉੱਥੇ ਸਿਰਫ 9 ਬੱਚੇ ਹਨ। ਕਿਸੇ ਸਕੂਲ ਵਿੱਚ ਸੱਤ ਬੱਚੇ ਹਨ। ਸਾਡੇ ਕੋਲ well qualified teacher ਹਨ ਪਰ 4-5 ਸਕੂਲਾਂ ਵਿੱਚ ਜਿਹੜੇ ਟੀਚਰ ਹਨ, ਉਹ ਕਿਤੇ ਇੱਕ ਹੈ ਅਤੇ ਕਿਤੇ ਦੋ ਹਨ ਅਤੇ ਜੇਕਰ ਉੱਥੇ ਜਿਹੜੇ ਬੱਚੇ ਦੇਖੀਏ ਤਾਂ ਉਹ ਕਿਤੇ 9 ਹਨ, ਕਿਤੇ 8 ਹਨ ਕਿਤੇ 15 ਹਨ ਅਤੇ ਕਿਤੇ 13 ਹਨ। ਮੈਂ ਇਨ੍ਹਾਂ ਨੂੰ ਇਹ ਸਲਾਹ ਦਿੱਤੀ ਸੀ ਕਿ ਜਿਹੜੀ ਸੁਵਿਧਾ ਹੈ ਅਸੀਂ ਉਹ ਆਪਣੇ ਬੱਚਿਆਂ ਨੂੰ ਬੱਸ ਸਰਵਿਸ, ਵਧੀਆਂ ਵਰਦੀਆਂ, ਵਧੀਆ ਬੈਗ ਅਤੇ ਵਧੀਆ ਸਹੂਲਤਾਂ ਦੇਈਏ।ਇੱਕ ਸਕੂਲ ਦੇ ਵਿੱਚ ਟੀਚਰ ਪੂਰੇ ਕਰੋ ਔਰ ਉਨ੍ਹਾਂ ਦੇ ਵਿੱਚ ਉਨ੍ਹਾਂ ਬੱਚਿਆਂ ਨੂੰ ਫਰੀ ਸਹੂਲਤਾਂ ਦੇ ਕੇ ਉਨ੍ਹਾਂ ਤੋਂ ਕੁਝ ਵੀ ਚਾਰਜ ਨਾ ਕੀਤਾ ਜਾਵੇ। ਉਨ੍ਹਾਂ ਨੂੰ ਉੱਥੋਂ ਦੀ ਬੱਸ ਸਰਵਿਸ ਦੇ ਕੇ ਇੱਕ ਥਾਂ ਤੇ ਇਕੱਠਾ ਕੀਤਾ ਜਾਵੇ ਤਾਂ ਕਿ ਅਲੱਕ ਅਲੱਕ ਸਕੂਲਾਂ ਦੇ ਟੀਚਰ ਅਤੇ ਬੱਚੇ ਇਕ ਸਕੂਲ ਵਿੱਚ ਇਕੱਠੇ ਕੀਤੇ ਜਾਣ। ਇਸ ਨਾਲ ਟੀਚਰ ਪੂਰੇ ਹੋ ਜਾਣਗੇ ਅਤੇ ਕਲਾਸ ਵੀ ਵੱਡੀ ਹੋ ਜਾਵੇਗੀ। ਮੇਰੇ ਹਲਕੇ ਵਿੱਚ ਇਹੋ

Under Print
Not for Legal/Official use

ਜਿਹੇ ਪੰਜ ਸਕੂਲ ਹਨ ਜਿਨ੍ਹਾਂ ਵਿੱਚ 20 ਤੋਂ ਘੱਟ ਬੱਚੇ ਹਨ। ਉਨ੍ਹਾਂ ਨੂੰ ਵੀ ਓਨਾ ਹੀ ਪੈਸਾ ਦੇਣਾ ਪੈ ਰਿਹਾ ਹੈ। ਸਾਰੇ ਸਕੂਲਾਂ ਵਿੱਚ ਉਹ ਪੈਸਾ ਖਿੰਡ ਜਾਂਦਾ ਹੈ ਕਿਉਂਕਿ ਅਸੀਂ ਉਸ ਸਕੂਲ ਨੂੰ ਇਹ ਤਾਂ ਨਹੀਂ ਕਹਿ ਸਕਦੇ ਕਿ ਅਸੀਂ ਗ੍ਰਾਂਟ ਨਹੀਂ ਦੇਣੀ। ਜੇਕਰ 15,000 ਦੀ ਗ੍ਰਾਂਟ ਹੈ ਤਾਂ ਉਨ੍ਹਾਂ ਸਕੂਲਾਂ ਨੂੰ ਵੀ 15,000 ਦੀ ਹੀ ਗ੍ਰਾਂਟ ਜਾਵੇਗੀ, ਜੇ 25,000 ਦੀ ਗ੍ਰਾਂਟ ਦੇਣੀ ਹੈ ਤਾਂ ਉਨ੍ਹਾਂ ਨੂੰ ਵੀ 25,000 ਦੀ ਗ੍ਰਾਂਟ ਹੀ ਜਾਵੇਗੀ। ਜੇਕਰ ਅਸੀਂ ਇਨ੍ਹਾਂ ਸਕੂਲਾਂ ਨੂੰ club ਕਰਦੇ ਹਾਂ ਤਾਂ ਇਹ ਗ੍ਰਾਂਟ ਦਾ ਪੈਸਾ ਵੀ ਇੱਕ ਸਕੂਲ ਤੇ ਹੀ ਲੱਗ ਜਾਵੇਗਾ ਅਤੇ ਇਸ ਨਾਲ ਅਸੀਂ ਸਕੂਲਾਂ ਦੀ ਹਾਲਤ ਵਧੀਆ ਬਣਾ ਸਕਦੇ ਹਾਂ। ਸਿਰਫ ਇੱਕ ਕੰਡੀਸ਼ਨ ਹੈ ਕਿ ਸਾਡੀ ਪੰਜਾਬ ਦੀ ਸਰਕਾਰ ਉਨ੍ਹਾਂ ਨੂੰ ਫਰੀ ਬੱਸ ਸਰਵਿਸ ਦੇਵੇ। ਉਨ੍ਹਾਂ ਦੀ ਇਸ ਗੱਲ ਵਾਸਤੇ ਜ਼ਿੰਮੇਵਾਰੀ ਲਵੇ ਕਿ ਉਨ੍ਹਾਂ ਨੂੰ ਵਹੀਕਲ ਫਰੀ ਲੈ ਕੇ ਜਾਵੇਗਾ ਤੇ ਫਰੀ ਹੀ ਛੱਡੇਗਾ। ਇਸ ਤਰ੍ਹਾਂ ਇੱਕ ਸਕੂਲ ਦੇ ਵਿੱਚ ਟੀਚਰ ਵੀ ਪੂਰੇ ਹੋ ਗਏ ਅਤੇ ਸਕੂਲ ਦੇ ਵਿੱਚ ਫੰਡ ਵੀ ਪੂਰੇ ਹੋ ਗਏ ਜਿਹੜੇ ਕਿ ਪੰਜ ਸਕੂਲਾਂ ਦੇ ਵਿੱਚ ਵੰਡੇ ਜਾਣੇ ਸੀ। ਪੰਜ ਸਕੂਲਾਂ ਵਾਲਾ ਇਨਫਰਾਸਟਕਚਰ ਇੱਕ ਸਕੂਲ ਵਿੱਚ ਹੀ ਪੂਰਾ ਹੋ ਜਾਵੇਗਾ ਅਤੇ ਸਕੂਲ ਦੀ ਹਾਲਤ ਸੁਧਰੇਗੀ। ਪ੍ਰਾਈਵੇਟ ਸਕੂਲਾਂ ਵਿੱਚ +2 ਅਤੇ ਬੀ.ਏ. ਪੜ੍ਹੇ ਅਧਿਆਪਕ ਬੱਚਿਆਂ ਨੂੰ ਪੜ੍ਹਾਉਂਦੇ ਹਨ ਪਰ ਸਾਡੇ ਟੀਚਰ ਜਾਂ ਈ.ਟੀ.ਟੀ. ਹਨ, ਬੀ.ਏ., ਬੀ.ਐਡ, ਐਮ.ਏ. ਐਮ.ਐਡ, ਪੀ.ਐਚ.ਡੀ. ਜਾਂ ਐਮ.ਫਿਲ ਹਨ। ਇਸ ਤਰ੍ਹਾਂ ਅਸੀਂ ਉਨ੍ਹਾਂ ਟੀਚਰਾਂ ਦਾ ਵੱਧ ਤੋਂ ਵੱਧ ਫਾਇਦਾ ਲੈ ਸਕਦੇ ਹਾਂ। ਅਸੀਂ ਇਸ ਵਾਸਤੇ ਆਪਣੇ ਤੌਰ ਤੇ ਐਮ.ਪੀ. ਸਾਹਿਬ ਨੂੰ ਵੀ ਕਿਹਾ ਹੋਇਆ ਹੈ ਅਤੇ ਸਾਡੇ ਮੰਤਰੀ ਸਾਹਿਬ ਨੂੰ ਵੀ ਕਿਹਾ ਹੋਇਆ ਹੈ। ਇਹ ਜਿਹੜਾ ਮਾਡਲ ਹੈ, ਇਸ ਵਾਸਤੇ ਸਾਨੂੰ ਲੋਕਾਂ ਨੂੰ ਵੀ ਜਾਗਰੂਕ ਕਰਨਾ ਪਵੇਗਾ ਔਰ ਖਾਸ ਤੌਰ ਤੇ ਸਿਆਸਤ ਤੋਂ ਉੱਪਰ ਉੱਠਣਾ ਪਵੇਗਾ।ਮੈਂ ਇੱਥੇ ਦੇਖ ਰਿਹਾ ਹਾਂ ਕਿ ਸਾਡੇ ਕਈ ਸਾਥੀ ਆਪਣੀ ਸਿਆਸਤ ਨੂੰ ਜਿੰਦਾ ਰੱਖਣ ਦੇ ਲਈ ਇਸ ਗੱਲ ਦਾ ਰੌਲਾ ਪਾਉਣ ਲੱਗ ਜਾਂਦੇ ਹਨ ਕਿ ਦੇਖੋ ਜੀ ਪੰਜਾਬ ਦੇ ਵਿੱਚ ਇੰਨੇ ਸਕੂਲ ਬੰਦ ਕਰ ਦਿੱਤੇ ਪਰ ਇੱਥੇ ਇਹ ਦੇਖਣਾ ਪਏਗਾ ਕਿ ਸਕੂਲ ਬੰਦ ਕਰ ਦਿੱਤੇ ਹਨ ਕਿ ਜਾਂ ਉਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਅਤੇ ਵਧੀਆ ਸਹੂਲਤਾਂ ਅਤੇ ਪ੍ਰਾਈਵੇਟ ਸਕੂਲਾਂ ਤੋਂ ਵਧੀਆ ਮਾਹੌਲ ਦਿੱਤਾ ਗਿਆ ਹੈ। ਇੱਥੇ ਇਸ ਗੱਲ ਦਾ ਫਰਕ ਵੀ ਕੱਢਣਾ ਪਵੇਗਾ।ਇਹ ਕਹਿਣਾ ਬੜਾ ਸੌਖਾ ਹੈ ਕਿ ਫਲਾਣਾ ਸਕੂਲ ਬੰਦ ਕਰ ਦਿੱਤਾ (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)। ਇੱਕ ਵਾਰੀ ਮੈਂ ਐਵਰੇਜ ਕੱਢੀ ਸੀ ਕਿ ਜਿੰਨਾ ਸਕੂਲ ਦਾ ਟੋਟਲ ਖਰਚਾ ਹੈ ਉਸ ਵਿੱਚੋਂ ਇੱਕ ਵਿਦਿਆਰਥੀ ਦੇ ਉੱਤੇ 2800 ਰੁਪਏ ਖਰਚਾ ਆ ਰਿਹਾ ਹੈ।ਮੇਰੇ ਕਹਿਣ ਦਾ ਭਾਵ ਹੈ ਕਿ ਸਰਕਾਰ ਦੀ ਨੀਅਤ ਅਤੇ ਨੀਤੀ ਬਿਲਕੁਲ ਸਾਫ ਹੈ ਪਰ ਸਾਡੇ ਸਿਆਸੀ ਲੀਡਰਾਂ ਦੀ ਨੀਅਤ ਅਤੇ ਨੀਤੀ ਸਾਫ-ਸੁਥਰੀ ਹੋਣੀ ਚਾਹੀਦੀ ਹੈ ਸਰਕਾਰ ਨੂੰ ਹਰ ਵੇਲੇ ਭੰਡਣ ਤੋਂ ਇਲਾਵਾ ਸਰਕਾਰ ਵੱਲੋਂ ਕੀਤੇ ਚੰਗੇ ਕੰਮ ਨੂੰ ਵੀ ਸਲਾਹੁਣਾ ਚਾਹੀਦਾ ਹੈ ਕਿ ਇੱਥੇ ਚੰਗਾ ਕੰਮ ਕੀਤਾ ਹੈ ਇੱਥੇ ਕਦੀ ਦਿੱਲੀ ਅਤੇ ਕਦੀ ਕਿਸੇ ਹੋਰ ਥਾਂ ਦੀਆਂ ਬੜੀਆਂ ਉਦਾਹਰਣਾਂ

Under Print
Not for Legal/Official use

ਦਿੱਤੀਆਂ ਜਾਂਦੀਆਂ ਹਨ। ਦਿੱਲੀ ਦੀ ਉਦਾਹਰਣ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੱਥਾਂ ਦੇ ਆਧਾਰ ਤੇ ਗੱਲ ਕਰਨੀ ਹੋਰ ਗੱਲ ਹੈ ਅਤੇ ਐਵੇਂ ਕਹਿ ਦੇਣਾ ਹੋਰ ਗੱਲ ਹੈ। ਦਿੱਲੀ ਦੇ ਸਕੂਲਾਂ ਦਾ ਡਰਾਪ ਆਊਟ ਰੇਟ ਜਿਹੜਾ ਹੈ, ਉਹ ਜੇ ਇੱਥੇ ਲਿਆ ਕੇ ਦੇਖ ਲਵੋਗੇ ਤਾਂ ਪਤਾ ਲੱਗ ਜਾਵੇਗਾ ਕਿ ਉਥੇ ਪੰਜ ਸਾਲਾਂ ਦੇ ਵਿੱਚ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਘਟੀ ਹੈ ਤੇ ਕਿੰਨੀ ਵਧੀ ਹੈ। ਜਿਹੜੇ ਦਿੱਲੀ ਦੀਆਂ ਗੱਲਾਂ ਕਰਦੇ ਹਨ ਉਨ੍ਹਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਉੱਥੇ 2200 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦਿੱਤੀ ਹੈ। ਇੱਥੇ ਪੰਜਾਬ ਸਰਕਾਰ ਨੇ 9000 ਕਰੋੜ ਰੁਪਏ ਬਿਜਲੀ ਦੀ ਸਬਸਿਡੀ ਦਿੱਤੀ ਹੈ ਤੇ ਤੁਸੀਂ ਪੰਜਾਬ ਸਰਕਾਰ ਤੇ ਕੁਐਸਚਨ ਉਠਾਉਂਦੇ ਹੋ? (ਵਿਘਨ...ਸ਼ੋਰ)

( ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਰਦਾਰ ਕੁਲਵੰਤ ਸਿੰਘ ਪੰਡੋਰੀ, ਸਰਦਾਰ ਮਨਜੀਤ ਸਿੰਘ ਅਤੇ ਸਰਦਾਰ ਜੈ ਕ੍ਰਿਸ਼ਨ ਸਿੰਘ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ :** ਪਲੀਜ਼ ਤੁਸੀਂ ਸੁਣੋ ਜੀ। ਉਹ ਕੋਈ ਮਾੜੀ ਗੱਲ ਨਹੀਂ ਕਰ ਰਹੇ। ਤੁਸੀਂ ਉਨ੍ਹਾਂ ਨੂੰ ਡਿਸਟਰਬ ਨਾ ਕਰੋ। ਉਨ੍ਹਾਂ ਨੂੰ ਬੋਲ ਲੈਣ ਦਿਓ। Let him speak, let him speak. Nagra Ji, please carry on, please carry on. (ਵਿਘਨ..ਸ਼ੋਰ)

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ) :** ਡਿਪਟੀ ਸਪੀਕਰ ਸਾਹਿਬ, ਇਹ ਤਾਂ ਐਵੇਂ ਡਿਸਟਰਬ ਕਰਨ ਵਾਲੀ ਗੱਲ ਹੈ। ਮੈਂ ਤੱਥਾਂ ਦੇ ਆਧਾਰ ਤੇ ਗੱਲ ਕਰ ਰਿਹਾ ਹਾਂ ਜੀ। ਅਸੀਂ ਕਈ ਵਾਰ ਗੱਲਾਂ ਕਰਨ ਵਾਸਤੇ ਗੱਲਾਂ ਕਰਦੇ ਹਾਂ। ਅੱਜ ਇੱਥੇ ਦਿੱਲੀ ਦੇ ਮਾਡਲ ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੀ ਸਟੇਟ ਐਗਰੀਕਲਚਰ based ਸਟੇਟ ਹੈ ਅਤੇ ਦਿੱਲੀ ਇੱਕ ਬਿਜਨੈਸ ਸਟੇਟ ਹੈ। ਉੱਥੇ ਕੈਪੀਟਲ ਵੀ ਹੈ। ਜਿਸ ਦਿਨ ਸ਼੍ਰੀਮਤੀ ਸ਼ੀਲਾ ਦੀਕਸ਼ਿਤ ਜੀ ਦਿੱਲੀ ਨੂੰ ਛੱਡ ਕੇ ਗਏ ਸੀ, ਉਸ ਦਿਨ ਰੈਵੇਨਿਊ ਸਰਪਲੱਸ ਸਟੇਟ ਛੱਡ ਕੇ ਗਏ ਸੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਡਿਪਟੀ ਸਪੀਕਰ ਸਾਹਿਬ, ਇੱਕ ਮਿੰਟ ਜੀ। ਇਹ ਮੇਰੇ ਵੱਡੇ ਭਰਾ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ...

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

Under Print
Not for Legal/Official use

**ਮਾਨਯੋਗ ਡਿਪਟੀ ਸਪੀਕਰ:** ਤੁਸੀਂ ਟਾਈਮ ਕਿਉਂ ਵੇਸਟ ਕਰ ਰਹੇ ਹੋ, ਪਲੀਜ਼, ਤੁਸੀਂ ਬੈਠੋ। ਸੰਧਵਾਂ ਜੀ, ਤੁਸੀਂ ਬੈਠੋ। ਤੁਹਾਨੂੰ ਵੀ ਟਾਈਮ ਮਿਲੇਗਾ, ਇਸ ਲਈ ਤੁਸੀਂ ਬੈਠੋ।ਹਾਂ ਜੀ, ਨਾਗਰਾ ਜੀ, ਤੁਸੀਂ ਕਾਂਟੀਨਿਉ ਕਰੋ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ) :** ਤੁਸੀਂ ਬੋਲਣ ਦਿਉ, ਤੁਹਾਡੇ ਕੋਲ ਟਾਈਮ ਹੋਣਾ ਹੈ। ਸ਼੍ਰੀ ਬੁੱਧ ਰਾਮ ਜੀ ਨੂੰ ਖੁਲ੍ਹਾ ਟਾਈਮ ਦਿੱਤਾ ਗਿਆ ਹੈ। ਤੁਹਾਨੂੰ ਖੁਲ੍ਹਾ ਟਾਈਮ ਦਿੱਤਾ ਹੈ। (ਵਿਘਨ) ਜਨਾਬ ਤੁਸੀਂ ਕੀ ਕਰਦੇ ਹੋ।

**ਮਾਨਯੋਗ ਡਿਪਟੀ ਸਪੀਕਰ :** ਨਾਗਰਾ ਜੀ, ਪਲੀਜ਼ let us continue.

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ) :** ਸੌਰੀ ਸਰ। ਡਿਪਟੀ ਸਪੀਕਰ ਸਾਹਿਬ, ਜਿਸ ਦਿਨ ਦਿੱਲੀ ਵਿਚ ਸ਼੍ਰੀਮਤੀ ਸ਼ੀਲਾ ਦੀਕਸ਼ਤ ਦੇ 15 ਸਾਲ ਤੋਂ ਬਾਅਦ ਸ਼੍ਰੀ ਕੇਜਰੀਵਾਲ ਜੀ ਦਾ ਰਾਜ ਆਇਆ ਤਾਂ ਉਹ ਉਨ੍ਹਾਂ ਨੂੰ revenue surplus state ਦੇ ਕੇ ਗਏ ਸੀ, ਵਿੱਤੀ ਘਾਟਾ ਨਹੀਂ ਦੇ ਕੇ ਗਏ ਸੀ। ਅੱਜ ਸਾਡੀ ਸਟੇਟ ਉਤੇ 2,30,000 ਕਰੋੜ ਰੁਪਏ ਦਾ ਕਰਜ਼ਾ ਸਾਨੂੰ ਵਿਰਾਸਤ ਵਿਚ ਸਾਡੇ ਤੋਂ ਪਹਿਲਿਆਂ ਦੀ ਸਰਕਾਰ ਨੇ ਦਿੱਤਾ ਔਰ ਸਰਪਲੱਸ ਸਟੇਟ ਸੀ ਜਿਹੜੀ ਬਿਜਨੈਸ ਸਟੇਟ ਹੈ, ਜਿਸ ਵਿਚ ਜੀ.ਐਸ.ਟੀ. ਪੂਰੇ ਦੇਸ਼ ਨਾਲੋਂ ਵੱਧ ਇਕੱਠਾ ਹੁੰਦਾ ਹੈ ਉਸ ਸਟੇਟ ਦਾ ਅਤੇ ਸਾਡੀ ਸਟੇਟ ਦਾ ਬੜਾ ਫਰਕ ਹੈ । ਅੱਜ ਮੈਂ ਇਨ੍ਹਾਂ ਨੂੰ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਦੱਸਿਉ ਕਿ ਦਿੱਲੀ ਵਿੱਚ ਸੜਕਾਂ ਕਿੰਨੀਆਂ ਬਣੀਆਂ ਹਨ? ਮੈਂ ਦੱਸਣਾ ਚਾਹੁੰਦੀ ਹਾਂ ਕਿ 16000 ਕਿਲੋਮੀਟਰ ਸੜਕਾਂ ਪੰਜਾਬ ਵਿਚ ਪਿਛਲੇ ਸਾਲਾਂ ਵਿੱਚ ਬਣੀਆਂ ਹਨ। ਸੋ, ਮੇਰੇ ਕਹਿਣ ਦਾ ਭਾਵ ਇਹ ਹੈ ਕਿ.....

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, ਸਬਜੈਕਟ ਉਤੇ ਰਹੀਏ। ਨਾਗਰਾ ਜੀ, ਸਬਜੈਕਟ ਉਤੇ ਗੱਲ ਕਰੀਏ, ਆਪਾਂ ਦਿੱਲੀ ਡਸਕਸ ਨਹੀਂ ਕਰਨਾ । ਤੁਸੀਂ ਕਨਕਲੂਡ ਕਰੋ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ) :** ਡਿਪਟੀ ਸਪੀਕਰ ਸਾਹਿਬ, ਮੈਂ ਇਹ ਸਾਰੀਆਂ ਗੱਲਾਂ ਇਸ ਕਰਕੇ ਕਰ ਰਿਹਾ ਹਾਂ ਕਿ ਕੁੱਝ ਮੈਂਬਰਾਂ ਵੱਲੋਂ ਸਰਕਾਰ ਨੂੰ, ਸਰਕਾਰ ਦੇ ਚੰਗੇ ਕੰਮਾਂ ਨੂੰ, ਚੰਗਾ ਨਾ ਕਹਿ ਕੇ, ਉਸ ਨੂੰ ਸਿਰਫ ਤੇ ਸਿਰਫ ਭੰਡਣਾ ਹੁੰਦਾ ਹੈ ਉਨ੍ਹਾਂ ਨੇ ਉਸ ਦੇ ਵਾਸਤੇ ਕੁਝ ਨਾ ਕੁਝ ਜ਼ਰੂਰ ਬੋਲਣਾ ਹੈ। ਸੋ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਸਰਕਾਰ ਵਲੋਂ ਜਿਹੜੇ ਉਪਰਾਲੇ ਕੀਤੇ ਜਾ ਰਹੇ ਹਨ, ਉਹ ਸੀਮਤ ਸੋਮਿਆਂ ਦੇ ਵਿੱਚ ਅਸੀਂ ਹੈਲਥ ਤੇ ਐਜੂਕੇਸ਼ਨ ਉਤੇ ਵੱਧ ਤੋਂ ਵੱਧ ਕੰਮ ਕਰ ਰਹੇ ਹਾਂ। ਪੰਜਾਬ ਦੀ ਸਰਕਾਰ ਇਸ ਦੇ ਵਾਸਤੇ ਵਚਨਬੱਧ ਹੈ । ਡਿਪਟੀ ਸਪੀਕਰ ਸਾਹਿਬ, ਆਉਣ ਵਾਲੇ ਦਿਨਾਂ ਵਿੱਚ ਮੈਂ ਇਹ ਵੀ ਮਹਿਸੂਸ ਕਰਦਾ

Under Print
Not for Legal/Official use

ਹਾਂ ਕਿ ਕਿ ਸਾਡੇ ਵਿੱਤ ਮੰਤਰੀ ਸਾਹਿਬ, ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਔਰ ਮੁੱਖ ਮੰਤਰੀ ਸਾਹਿਬ ਜਿਹੜੇ ਹਨ, ਇਹ ਇਸ ਗੱਲ ਲਈ ਬੜੇ ਵਚਨਬੱਧ ਹਨ। ਮੈਂ ਸਰਕਾਰ ਦਾ ਇੱਕ ਗੱਲ ਉਤੇ ਧਿਆਨ ਜ਼ਰੂਰ ਲਿਆਉਣਾ ਚਾਹੁੰਦਾ ਹਾਂ, ਐਜੂਕੇਸ਼ਨ ਮਨਿਸਟਰ ਸਾਹਿਬ ਮੈਂ ਤੁਹਾਡਾ ਧਿਆਨ ਵੀ ਅਤੇ ਵਿੱਤ ਮੰਤਰੀ ਸਾਹਿਬ ਮੈਂ ਤੁਹਾਡਾ ਧਿਆਨ ਵੀ ਲਿਆਉਣਾ ਚਾਹੁੰਦਾ ਹਾਂ। ਮੈਨੂੰ ਪਤਾ ਹੈ ਕਿ ਕੰਮ ਬਹੁਤ ਹੋਏ ਹਨ, ਕੰਮ ਦੂਜੇ ਸੂਬਿਆਂ ਵਿਚ ਵੀ ਬਹੁਤ ਹੋਏ ਹਨ। ਤੁਹਾਡਾ ਜਿਹੜਾ ਐਡਵਰਟਾਈਜ਼ਮੈਂਟ ਉਤੇ ਖਰਚਾ ਹੈ, ਉਹ ਬਹੁਤ ਘੱਟ ਹੈ ਅਤੇ ਦਿੱਲੀ ਵਿੱਚ ਐਡਵਰਟਾਈਜ਼ਮੈਂਟ ਉਤੇ ਖਰਚਾ ਬਹੁਤ ਜ਼ਿਆਦਾ ਸੀ । (ਵਿਘਨ) ਇਹ ਜਿਹੜੀ ਚੀਜ਼ ਹੈ, ਇਸ ਦੇ ਉਤੇ ਆਪਾਂ ਜ਼ਰੂਰ ਮਾਰ ਖਾਂਦੇ ਹਨ। ਵਿੱਤ ਮੰਤਰੀ ਸਾਹਿਬ ਦਿੱਲੀ ਦੀ ਸਰਕਾਰ 650 ਕਰੋੜ ਰੁਪਏ ਤੋਂ ਉਤੇ ਦਾ ਖਰਚਾ ਐਡਵਰਟਾਈਜ਼ਮੈਂਟ ਦੇ ਉਤੇ ਕਰ ਰਹੀ ਹੈ, ਵਿੱਤ ਮੰਤਰੀ ਸਾਹਿਬ ਤੁਸੀਂ ਕਿੰਨਾ ਕਰ ਰਹੇ ਹੋ, ਜ਼ਰਾ ਦੱਸਣਾ।

**ਵਿੱਤ ਮੰਤਰੀ (ਬੈਠੇ ਬੈਠੇ):** 20 ਕਰੋੜ ਰੁਪਿਆ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** 20 ਕਰੋੜ ਰੁਪਿਆ ਜੀ। ਇਹ ਜਿਹੜਾ 650 ਕਰੋੜ ਰੁਪਿਆ ਲੋਕਾਂ ਦੇ ਦਿਮਾਗ ਵਿੱਚ ਵਾੜ ਦਿੱਤਾ, ਇਹ ਇਨ੍ਹਾਂ ਨੂੰ ਵੀ ਤੰਗ ਕਰ ਰਿਹਾ ਹੈ ਤੇ ਇਹ ਪੰਜਾਬ ਦੇ ਲੋਕਾਂ ਨੂੰ ਵੀ ਤੰਗ ਕਰ ਰਹੇ ਹਨ। ਬਹੁਤ ਬਹੁਤ ਧੰਨਵਾਦ । ਜੈ ਹਿੰਦ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਹੁਤ ਸੋਹਣੇ ਵਿਸ਼ੇ ਉਤੇ ਬੋਲਣ ਲਈ ਟਾਈਮ ਦਿੱਤਾ ਹੈ। ਮੈਂ ਸੱਚਮੁੱਚ ਹੀ ਮੈਂਬਰ ਸਾਹਿਬ ਦਾ ਵੀ ਧੰਨਵਾਦ ਕਰਦੀ ਹਾਂ ਕਿ ਜਿਨ੍ਹਾਂ ਨੇ ਇਹ ਰੈਜੋਲਿਊਸ਼ਨ ਲੈ ਕੇ ਆਉਂਦਾ ਹੈ ਤੇ ਤੁਹਾਡਾ ਵੀ, ਸਾਰਿਆਂ ਦਾ ਧੰਨਵਾਦ ਕਰਦੀ ਹਾਂ। ਡਿਪਟੀ ਸਪੀਕਰ ਸਾਹਿਬ, ਕਿਉਂਕਿ ਇਸ ਹਾਊਸ ਵਿੱਚ ਸਾਰੇ ਮੈਂਬਰਜ਼ ਨੇ ਆਪਣੀ ਆਪਣੀ ਗੱਲ ਰੱਖੀ ਹੈ, ਕਿਸੇ ਨੇ ਗੱਲ ਦਿੱਲੀ ਤੋਂ ਸਟਾਰਟ ਕਰਕੇ ਕੀਤੀ, ਲੇਕਿਨ ਮੈਂ ਗੱਲ ਪੰਜਾਬ ਤੋਂ ਕਰਾਂਗੀ। ਅਸੀਂ ਸਾਰੇ ਇਸ ਪੰਜਾਬ ਵਰਗੀ ਸਟੇਟ ਨੂੰ belong ਕਰਦੇ ਹਾਂ। ਜਦੋਂ ਗੱਲ ਚਲਦੀ ਸੀ ਕਿ ਜੇਕਰ ਸਭ ਤੋਂ ਅਮੀਰ ਸੂਬਾ ਕੋਈ ਹੈ ਤਾਂ ਉਹ ਪੰਜਾਬ ਹੈ। ਫੇਰ ਗੱਲ ਆਉਂਦੀ ਹੈ ਕਿ ਜੇ ਸਭ ਤੋਂ ਖੁਸ਼ਹਾਲ ਸੂਬਾ ਕੋਈ ਹੈ ਤਾਂ ਉਹ ਪੰਜਾਬ ਹੈ। ਫੇਰ ਜਦੋਂ ਗੱਲ ਚਲਦੀ ਸੀ ਕਿ ਜੇ ਸਭ ਤੋਂ ਚੰਗੀ ਸਿਹਤ ਕਿਤੇ ਹੈ ਤਾਂ ਉਹ ਪੰਜਾਬ ਵਿੱਚ ਹੈ। ਹੁਣ ਅੱਜ ਵੀ ਬਹੁਤ ਸਾਰੇ ਮੈਂਬਰ ਸਾਹਿਬਾਨਾਂ ਨੂੰ ਬਹੁਤ ਕੌੜੀ ਸੱਚਾਈ ਲੱਗ ਰਹੀ ਸੀ ਕਿ ਜਦੋਂ ਹੈਲਥ ਦੀ ਗੱਲ ਆਉਂਦੀ ਹੈ, ਜਦੋਂ ਸਿਹਤ ਦੀ ਗੱਲ ਆਉਂਦੀ ਹੈ, ਜਦੋਂ ਐਜੂਕੇਸ਼ਨ ਦੀ ਗੱਲ ਆਉਂਦੀ ਹੈ, ਜਦੋਂ ਖੁਸ਼ਹਾਲੀ ਦੀ ਗੱਲ ਆਉਂਦੀ ਹੈ ਤਾਂ ਜਿਹੜੀ ਸਟੇਟ ਨੇ ਅੱਜ ਪੰਜਾਬ ਨੂੰ ਰਿਪਲੇਸ ਕਰ ਦਿੱਤਾ ਤਾਂ ਇਹ ਸਾਡੇ ਸਾਰਿਆਂ ਦੇ

Under Print
Not for Legal/Official use

ਸਾਮ੍ਹਣੇ ਹੈ, ਪੂਰੀ ਦੁਨੀਆ ਦੇ ਸਾਮ੍ਹਣੇ ਹੈ, ਦੁਨੀਆ ਦੀ ਹਿਸਟਰੀ ਵਿੱਚ ਐਗਜ਼ਾਂਪਲ ਹੈ ਕਿ ਅੱਜ ਉਸ ਮੁਕਾਮ ਤੇ ਦਿੱਲੀ ਹੈ।(ਆਮ ਆਦਮੀ ਪਾਰਟੀ ਵਲੋਂ ਥੰਪਿੰਗ) ਇਸ ਨੂੰ ਕੋਈ ਵੀ ਇਗਨੋਰ ਨਹੀਂ ਕਰ ਸਕਦਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਇਕ ਬੇਨਤੀ ਹੈ ਕਿ ਦਿੱਲੀ ਦੇ ਸੀ.ਐਮ. ਆਪਣਾ ਇਲਾਜ ਕਰਾਉਣ ਕਿੱਥੇ ਗਏ ਸੀ? ਆਪਣੀ ਖੰਘ ਦਾ ਇਲਾਜ ਕਰਾਉਣ ਉਹ ਦਿੱਲੀ ਦੇ ਹਸਪਤਾਲ ਵਿੱਚ ਤਾਂ ਗਏ ਨਹੀਂ ਸੀ?

**ਪ੍ਰੋਫੈਸਰ ਬਲਜਿੰਦਰ ਕੌਰ** : ਮੈਂ ਉਥੇ ਹੀ ਆਉਂਦੀ ਹਾਂ। ਮੈਂ ਗੱਲ ਇਥੋਂ ਹੀ ਸ਼ੁਰੂ ਕੀਤੀ ਹੈ।(ਵਿਘਨ....) ਮੈਂ ਗੱਲ ਹੀ ਇਥੋਂ ਸ਼ੁਰੂ ਕੀਤੀ ਹੈ। ਮੈਂ ਆਪਣੀ ਗੱਲ ਦੀ ਸ਼ੁਰੂਆਤ ਪੰਜਾਬ ਤੋਂ ਕੀਤੀ ਹੈ।(ਵਿਘਨ...) ਮੈਂ ਗੱਲ ਦਿੱਲੀ ਤੋਂ ਸ਼ੁਰੂ ਨਹੀਂ ਕੀਤੀ ਕਿਉਂਕਿ we all belong to Punjab. ਅਸੀਂ ਅੱਜ ਪੰਜਾਬ ਦੀ ਵਿਧਾਨ ਸਭਾ ਵਿੱਚ ਗੱਲ ਕਰ ਰਹੇ ਹਾਂ ਅਤੇ ਮੈਂ ਪੰਜਾਬ ਤੋਂ ਹੀ ਸ਼ੁਰੂਆਤ ਕੀਤੀ ਹੈ ਕਿ ਜਦੋਂ ਦੁਨੀਆ ਭਰ ਦੀ ਹਿਸਟਰੀ ਵਿੱਚ ਕਿਸੇ ਸਟੇਟ ਦਾ ਨਾਂ ਆਉਂਦਾ ਸੀ, ਦੁਨੀਆ ਭਰ ਦੇ ਇਤਿਹਾਸ ਵਿੱਚ ਪੰਜਾਬ ਦਾ ਨਾਂ ਆਉਂਦਾ ਸੀ। ਅਸੀਂ ਸਾਰੇ ਪੰਜਾਬ ਨੂੰ belong ਕਰਦੇ ਹਾਂ ਪਰ ਅਫਸੋਸ ਹੈ ਕਿ ਜੇ ਸਾਨੂੰ ਅੱਜ ਕਿਸੇ ਨੇ ਰਿਪਲੇਸ ਕਰ ਦਿੱਤਾ ਹੈ ਤਾਂ ਉਹ ਦਿੱਲੀ ਨੇ ਕੀਤਾ ਹੈ, ਦਿੱਲੀ ਸਟੇਟ ਨੇ ਕੀਤਾ ਹੈ।(ਵਿਘਨ...ਸ਼ੋਰ) Yes, it is.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ, ਸ਼੍ਰੀ ਅਵਤਾਰ ਸਿੰਘ ਜੂਨੀਅਰ ਅਤੇ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਸ਼ੋਰ ਸੀ।)

**Mr. Deputy Speaker :** Please. ਸੁਣੋ ਜੀ।

**ਪ੍ਰੋਫੈਸਰ ਬਲਜਿੰਦਰ ਕੌਰ** : ਅੱਜ ਪੰਜਾਬ ਦੇ ਸਕੂਲਾਂ ਦਾ, ਪੰਜਾਬ ਦੀ ਸਿੱਖਿਆ ਦਾ....(ਵਿਘਨ)(ਸ਼ੋਰ) ਹੁਣ ਸੁਣ ਤਾਂ ਲਓ। (ਵਿਘਨ)(ਸ਼ੋਰ) ਹੁਣ ਤੁਸੀਂ ਮੈਨੂੰ ਬੋਲਣ ਤਾਂ ਦਿਓ।

**ਮਾਨਯੋਗ ਡਿਪਟੀ ਸਪੀਕਰ** : ਪ੍ਰੋਫੈਸਰ ਬਲਜਿੰਦਰ ਕੌਰ ਜੀ, ਇਕ ਮਿੰਟ ਮੈਨੂੰ ਸੁਣੋ। (ਵਿਘਨ)(ਸ਼ੋਰ)

**ਪ੍ਰੋਫੈਸਰ ਬਲਜਿੰਦਰ ਕੌਰ** : ਮੈਂ ਦਿੱਲੀ ਦੀ ਗੱਲ ਹੀ ਨਹੀਂ ਕੀਤੀ, ਮੈਂ ਤਾਂ ਗੱਲ ਹੀ ਪੰਜਾਬ ਦੀ ਕੀਤੀ ਹੈ। (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਬਲਜਿੰਦਰ ਜੀ, ਪਲੀਜ ਮੇਰੀ ਗੱਲ ਸੁਣੋ। (ਵਿਘਨ...ਸ਼ੋਰ) ਜਦੋਂ ਗੱਲ ਕਰਦੇ ਹਾਂ ਤਾਂ ਰੁਕਾਵਟ ਆਉਂਦੀ ਹੀ ਹੈ। Why are you not addressing the chair?

Under Print
Not for Legal/Official use

**ਪ੍ਰੋਫੈਸਰ ਬਲਜਿੰਦਰ ਕੌਰ** : ਮਾਫ ਕਰਨਾ ਜੀ। ਉਧਰਲੇ ਧਿਆਨ ਖਿੱਚ ਲੈਂਦੇ ਹਨ।

**Mr. Deputy Speaker :** Healthy discussion is on. Please listen.

**ਪ੍ਰੋਫੈਸਰ ਬਲਜਿੰਦਰ ਕੌਰ** : ਸਿਹਤ ਤੋਂ ਬਾਅਦ ਜਦੋਂ ਗੱਲ ਆਉਂਦੀ ਹੈ ਤਾਂ ਐਜੂਕੇਸ਼ਨ ਦੀ ਆਉਂਦੀ ਹੈ। ਪੰਜਾਬ ਦੀ ਸਿੱਖਿਆ ਦਾ ਮਿਆਰ ਇੰਨਾ ਜਿਆਦਾ ਗਿਰ ਗਿਆ ਕਿ ਇਸ ਬਾਰੇ ਸਾਰੇ ਮੈਂਬਰਾਂ ਨੇ ਗੱਲ ਕੀਤੀ ਹੈ, ਸਭ ਨੇ ਦੱਸ ਦਿੱਤਾ ਹੈ ਕਿ ਸਕੂਲਾਂ ਵਿੱਚ ਕਿੰਨੀਆਂ ਕਿੰਨੀਆਂ ਅਸਾਮੀਆਂ, ਕਿੱਥੇ ਕਿੱਥੇ ਖਾਲੀ ਪਈਆਂ ਹਨ। ਸਭ ਮੈਂਬਰ ਸਾਹਿਬਾਨਾਂ ਨੇ ਦੱਸ ਦਿੱਤਾ ਕਿ ਸਾਡੇ ਕਿਹੜੇ ਕਿਹੜੇ ਸਕੂਲ ਹਨ, ਜਿਨ੍ਹਾਂ ਨੂੰ ਅਣਸੁਰੱਖਿਅਤ ਡਿਕਲੇਅਰ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਹ ਗੱਲ ਵੀ ਹੋ ਗਈ ਕਿ ਐਜੂਕੇਸ਼ਨ ਦੇ ਮਿਆਰ ਵਿੱਚ ਹੇਠਲੇ ਪੱਧਰ ਦਾ ਨਿਘਾਰ ਆ ਰਿਹਾ ਹੈ। Obviously ਜਦੋਂ ਅਸੀਂ ਗੌਰਮਿੰਟ ਅਤੇ ਪ੍ਰਾਈਵੇਟ ਸਕੂਲਾਂ ਦਾ ਕੰਪੈਰੀਜ਼ਨ ਕਰਦੇ ਹਾਂ ਤਾਂ ਬੱਚਿਆਂ ਨੂੰ ਦੇਖ ਕੇ ਪਤਾ ਲੱਗ ਜਾਂਦਾ ਹੈ ਕਿ ਇਹ ਬੱਚਾ ਸਰਕਾਰੀ ਸਕੂਲ ਵਿੱਚ ਪੜ੍ਹਦਾ ਹੈ ਅਤੇ ਇਹ ਪ੍ਰਾਈਵੇਟ ਸਕੂਲ ਵਿੱਚ ਪੜ੍ਹਦਾ ਹੈ। ਉਨ੍ਹਾਂ ਦਾ ਲਹਿਜ਼ਾ, style, dressing sense, outer look ਇਨ੍ਹਾਂ ਗੱਲਾਂ ਨੂੰ ਡਿਕਲੇਅਰ ਕਰਦਾ ਹੈ ਕਿ ਪੰਜਾਬ ਦੇ ਸਕੂਲਾਂ ਵਿੱਚ ਇਹ ਹਾਲ ਹੈ। ਅਜਿਹਾ ਹੋਵੇ ਵੀ ਕਿਉਂ ਨਾ? ਬਹੁਤ ਸਾਰੀਆਂ ਗੱਲਾਂ ਹਨ and that is very obvious because that starts from budget. ਮੈਂ ਬਰੀਫ ਵਿੱਚ ਗੱਲ ਕਰਾਂਗੀ ਕਿ ਜਦੋਂ ਪੰਜਾਬ ਦੀ ਐਜੂਕੇਸ਼ਨ ਦੀ ਗੱਲ ਆਉਂਦੀ ਹੈ ਤਾਂ ਸਾਡੀ ਪੰਜਾਬ ਸਟੇਟ ਦਾ ਬਜਟ 10% ਹੈ, as compared to UP. ਉਸ ਦਾ 13% ਹੈ, ਹਰਿਆਣਾ ਦਾ 13% ਹੈ ਅਤੇ ਫੇਰ ਉਹੀ ਗੱਲ ਆਉਂਦੀ ਹੈ ਕਿ ਜਿਹੜੀ ਦਿੱਲੀ ਅੱਜ ਅੱਖਾਂ ਵਿੱਚ ਰੜਕਦੀ ਹੈ, ਉਸ ਦਿੱਲੀ ਦਾ ਬਜਟ 26% ਹੈ।(ਆਮ ਆਦਮੀ ਪਾਰਟੀ ਵਲੋਂ ਥੰਪਿੰਗ)

ਮੈਂ ਇਸ ਤੋਂ ਵੀ ਅਗਲੀ ਗੱਲ ਕਰਾਂ ਕਿ ਜਦੋਂ ਸਾਡਾ ਬਜਟ ਹੀ 10% ਹੈ, ਜਦੋਂ ਸਾਡੇ ਇਨਫ੍ਰਾਸਟ੍ਰਕਚਰ ਦਾ ਬੁਰਾ ਹਾਲ ਹੈ, ਜਦੋਂ ਸਾਡੀਆਂ ਅਸਾਮੀਆਂ ਦਾ ਬੁਰਾ ਹਾਲ ਹੈ ਤਾਂ ਫਿਰ ਅਸੀਂ ਆਊਟ ਪੁੱਟ ਭਾਵ ਰਿਜਲਟ ਦੀ ਕਿਥੋਂ ਉਮੀਦ ਕਰਾਂਗੇ? ਜਿਹੜਾ ਪੰਜਾਬ ਦੇ ਗੌਰਮਿੰਟ ਸਕੂਲਾਂ ਦਾ ਰਿਜਲਟ ਹੈ, ਉਹ 86% ਆਉਂਦਾ ਹੈ ਅਤੇ ਦਿੱਲੀ ਵਰਗੀ ਸਟੇਟ, obviously ਜਿਵੇਂ ਸਾਡੇ ਕੁਝ ਮੈਂਬਰ ਸਾਹਿਬਾਨਾਂ ਨੇ ਗੱਲਾਂ ਕੀਤੀਆਂ ਕਿ ਉਹ ਐਗਰੀਕਲਚਰ ਬੇਸਡ ਨਹੀਂ ਹੈ, ਉਸ ਸਟੇਟ ਦਾ ਰਿਜਲਟ 96% ਆਉਂਦਾ ਹੈ। ਇਸ ਦੇ ਪਿਛੇ ਮੈਂ ਕਹਿਣਾ ਚਾਹੁੰਦੀ ਹਾਂ ਕਿ ਹਾਊਸ ਵਿਚ ਤੁਸੀਂ ਸਾਰੇ ਬੜੇ ਸਿਆਣੇ ਬੈਠੇ ਹੋ, ਅਸੀਂ ਸਾਰੇ ਜੱਜ ਕਰ ਸਕਦੇ ਹਾਂ ਕਿ ਇਸ ਸਬੰਧ ਵਿੱਚ ਇੱਥੇ ਕਿਸ ਦੀਆਂ ਜ਼ਿੰਮੇਵਾਰੀਆਂ ਫਿਕਸ ਹੁੰਦੀਆਂ ਹਨ?

Under Print
Not for Legal/Official use

ਸੋ, ਅਗਲੀ ਗੱਲ ਹੈ, ਮੈਂ ਬੱਸ ਇੱਕ ਗੱਲ ਕਹਿ ਕੇ ਮੁਕਾਵਾਂਗੀ ਕਿ ਡਿਸਕਸ਼ਨ ਵਿਚ ਇਹ ਗੱਲ ਰੱਖੀ ਸੀ ਕਿ ਮਾਸਟਰ ਪਲਾਨ ਹੋਣਾ ਚਾਹੀਦਾ ਹੈ। ਹੁਣ ਕਿਹੜਾ ਮਾਸਟਰ ਪਲਾਨ ਹੋ ਸਕਦਾ ਹੈ, ਜੇ ਹਾਊਸ ਦੀ ਇਜਾਜ਼ਤ ਹੋਵੇ ਤਾਂ ਮੈਂ ਉਸ ਨੂੰ ਵੀ ਰੱਖਣਾ ਚਾਹੁੰਦੀ ਹਾਂ ਕਿ ਇੱਕੋ ਇੱਕ ਮਾਸਟਰ ਪਲਾਨ ਹੋ ਸਕਦਾ ਹੈ ਕਿ ਅਸੀਂ ਸਾਰੇ ਹਾਊਸ ਵਿਚ ਬੈਠ ਕੇ ਇਸ ਗੱਲ ਤੇ ਡਿਸਕਸ ਕਰਦੇ ਹਾਂ ਕਿ ਕਿਹੜੀ ਸਟਰੈਟਜੀ ਲੈ ਕੇ ਆਈਏ ਅਤੇ ਆਪਾਂ ਕੀ ਕਰੀਏ ਕਿ ਅਸੀਂ ਪੰਜਾਬ ਨੂੰ ਬੈਟਰ ਸਟੇਟ ਬਣਾ ਦੇਈਏ। I think better in everything, better in Education, better in Health, everywhere. ਉਸ ਬੈਟਰਮੈਂਟ ਦੇ ਲਈ ਸਭ ਤੋਂ ਇੰਪਰਟੈਂਟ ਮਾਸਟਰ ਪਲਾਨ ਇਹ ਹੈ ਕਿ ਜੇ ਇਜਾਜ਼ਤ ਹੋਵੇ ਤਾਂ ਮੈਂ ਬੋਲਾਂਗੀ ਕਿ ਸਾਡੇ ਮੈਂਬਰ ਸਾਹਿਬਾਨਾਂ ਦੀ ਇੱਕ ਕਮੇਟੀ ਬਣਾਈ ਜਾਵੇ। Obviously ਸਾਡੇ ਪੰਜਾਬ ਨੂੰ, ਸਾਡੀ ਸਟੇਟ ਨੂੰ ਉੱਚਾ ਚੁੱਕਣ ਲਈ ਸਾਨੂੰ ਕੁਝ ਕਰਨ ਵਿੱਚ ਕੋਈ ਸ਼ਰਮ ਨਹੀਂ ਆਉਣੀ ਚਾਹੀਦੀ। ਉਹ ਕਮੇਟੀ ਉਥੇ ਜਾਵੇ ਜਿਥੇ ਅਸੀਂ ਜਾ ਕੇ ਕੁਝ ਸਿੱਖ ਸਕਦੇ ਹਾਂ, ਜਿਥੋਂ ਸਾਨੂੰ ਸਿੱਖਣ ਦੀ ਲੋੜ ਹੈ, ਜਿਥੋਂ ਅਸੀਂ learn ਕਰ ਸਕਦੇ ਹਾਂ, ਜਿਹੜਾ ਦੁਨੀਆਂ ਦੇ ਨਕਸ਼ੇ ਤੇ ਐਗਜ਼ਾਂਪਲ ਬਣਿਆ ਹੋਇਆ ਹੈ, ਆਪਾਂ ਦਿੱਲੀ ਜਾ ਕੇ ਉਥੇ ਦੇ ਸਕੂਲਾਂ ਨੂੰ ਵਿਜ਼ਿਟ ਕਰੀਏ। ਅਸੀਂ ਉਥੇ ਜਾ ਕੇ ਦੇਖੀਏ ਔਰ ਉਥੋਂ ਅਸੀਂ ਨੋਟ ਕਰੀਏ, ਇਸ ਤੋਂ ਵੀ ਬੈਟਰ ਹੋਵੇਗਾ ਕਿ ਅਸੀਂ ਦਿੱਲੀ ਦੇ ਸਿੱਖਿਆ ਮੰਤਰੀ ਨਾਲ ਬੈਠ ਕੇ ਡਿਸਕਸ਼ਨ ਕਰੀਏ। ਉਥੋਂ ਸਿੱਖੀਏ ਕਿ ਕਿਵੇਂ ਜਿਹੜੇ ਦਿੱਲੀ ਦੇ ਸਟੂਡੈਂਟਸ ਹਨ, ਉਹ ਅੱਜ ਸਰਕਾਰੀ ਸਕੂਲਾਂ ਦੇ ਵਿੱਚ ਕਿਵੇਂ ਬੈਟਰ ਤਰੀਕੇ ਨਾਲ ਪ੍ਰਫਾਰਮ ਕਰ ਰਹੇ ਹਨ, ਕਿਵੇਂ ਉਥੋਂ ਦੇ ਚਾਹੇ ਉਹ ਜੱਜ ਹਨ, ਚਾਹੇ ਡਾਕਟਰਜ਼ ਹਨ ਅਤੇ ਚਾਹੇ ਕੋਈ ਆਮ ਸਧਾਰਨ ਆਟੋ ਰਿਕਸ਼ਾ ਡਰਾਈਵਰ ਹੈ, ਕਿਵੇਂ ਉਨ੍ਹਾਂ ਦੇ ਬੱਚੇ ਅੱਜ ਸਰਕਾਰੀ ਸਕੂਲਾਂ ਵਿੱਚ ਇੱਕੋ ਡੈਸਕ ਤੇ ਬੈਠ ਕੇ ਪੜ੍ਹਦੇ ਹਨ। ਸੋ, ਇਹ ਸਾਰੀਆਂ ਚੀਜ਼ਾਂ ਜੋ ਹਨ, ਮੈਨੂੰ ਲਗਦਾ ਹੈ ਕਿ ਇੱਕ ਕਮੇਟੀ ਬਣਾ ਕੇ ਚੈੱਕ ਕਰਨਾ ਬੈਟਰ ਹੋਵੇਗਾ, ਜੇ ਅਸੀਂ ਸਾਰੇ ਇਸ ਪੰਜਾਬ ਵਰਗੀ ਸਟੇਟ ਦੇ well-wisher ਹਾਂ। Thanks.

**ਮਾਨਯੋਗ ਡਿਪਟੀ ਸਪੀਕਰ:** ਸਾਡੇ ਨੈਕਸਟ ਵਕਤਾ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਹਨ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਬੈਠੇ-ਬੈਠੇ) :** ਡਿਪਟੀ ਸਪੀਕਰ ਸਾਹਿਬ, ਸਾਨੂੰ ਵੀ ਸਮਾਂ ਦੇ ਦਿਉ ਜੀ।

**ਮਾਨਯੋਗ ਡਿਪਟੀ ਸਪੀਕਰ:** ਇਸ ਤੋਂ ਬਾਅਦ ਤੁਹਾਨੂੰ ਹੀ ਦੇਵਾਂਗੇ ਜੀ।

Under Print
Not for Legal/Official use

**ਸਰਦਾਰ ਹਰਪ੍ਰਤਾਪ ਸਿੰਘ (ਅਜਨਾਲਾ ):** ਡਿਪਟੀ ਸਪੀਕਰ ਸਾਹਿਬ, ਧੰਨਵਾਦ ਜੀ। ਕੰਬੋਜ ਸਾਹਿਬ ਨੇ ਜਿਹੜਾ ਗੈਰ ਸਰਕਾਰੀ ਮਤਾ ਪ੍ਰਾਇਮਰੀ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਬਾਰੇ ਲਿਆਂਦਾ ਹੈ, ਇਹ ਇੱਕ ਬਹੁਤ ਹੀ ਅਹਿਮ ਮੁੱਦਾ ਹੈ ਅਤੇ ਅੱਜ ਦੇ ਸਮੇਂ ਦੀ ਲੋੜ ਹੈ। ਮੈਨੂੰ ਯਾਦ ਆਉਂਦਾ ਹੈ, ਇੱਕ ਗਰੀਕ ਫਿਲਾਸਫਰ ਹੋਇਆ ਹੈ, ਉਸ ਨੇ ਐਜੂਕੇਸ਼ਨ ਦੀ, ਵਿੱਦਿਆ ਦੀ ਗੱਲ ਕੀਤੀ ਸੀ, ਉਸ ਨੂੰ ਕਿਸੇ ਨੇ ਸਵਾਲ ਪਾਇਆ ਕਿ what is the difference between the educated and the un-educated, ਉਸ ਫਿਲਾਸਫਰ ਨੇ ਉਸ ਵੇਲੇ ਜਵਾਬ ਦਿੱਤਾ, educated differ from the uneducated as much as the living from the dead, ਕਿੰਨੀ ਮਹਾਨਤਾ ਵਿੱਦਿਆ ਦੀ ਉਸ ਵੇਲੇ ਦੀ ਚੱਲੀ ਆ ਰਹੀ ਹੈ। ਬੜਿਆਂ ਨੇ ਗੱਲ ਕੀਤੀ। ਜਿੰਨੇ ਬੁਲਾਰੇ ਹਨ, ਉਨ੍ਹਾਂ ਨੇ ਆਪਣੇ ਹਲਕਿਆਂ ਦੀ ਗੱਲ ਕੀਤੀ। ਡਿਪਟੀ ਸਪੀਕਰ ਸਾਹਿਬ, ਮੈਨੂੰ ਤੁਸੀਂ ਬੋਲਣ ਲਈ ਮੌਕਾ ਦਿੱਤਾ ਹੈ, ਮੈਂ ਵੀ ਗੱਲ ਕਰਾਂਗਾ ਪਰ ਮੈਂ ਆਪਣੇ ਬਾਰਡਰ ਏਰੀਏ ਦੀ ਗੱਲ ਕਰਾਂਗਾ, ਇਕੱਲੇ ਆਪਣੇ ਹਲਕੇ ਦੀ ਗੱਲ ਹੀ ਨਹੀਂ ਕਰਾਂਗਾ। ਬਾਰਡਰ ਏਰੀਆ ਪਠਾਨਕੋਟ ਤੋਂ ਚਲਦਾ ਹੈ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਤੱਕ ਅੱਗੇ ਨੂੰ ਵਧਦਾ ਹੈ, ਅਬੋਹਰ, ਫਾਜ਼ਿਲਕਾ ਵੱਲ ਨੂੰ ਤੁਰ ਪੈਂਦਾ ਹੈ। ਜੇ ਸੱਚੀ ਗੱਲ ਦੇਖੀਏ ਤਾਂ ਸਾਰਿਆਂ ਨਾਲੋਂ ਵੱਡੀ ਮੁਸ਼ਕਿਲ ਇਸ ਵੇਲੇ ਬਾਰਡਰ ਏਰੀਏ ਵਿਚ ਸਾਨੂੰ ਐਜੂਕੇਸ਼ਨ ਦੀ ਹੈ। ਕੋਈ ਸਮਾਂ ਸੀ ਕਿ ਪਿੰਡਾਂ ਦੇ ਸਕੂਲਾਂ ਵਿਚ ਬੱਚੇ ਪੜ੍ਹ ਕੇ ਅਫਸਰ ਬਣ ਜਾਂਦੇ ਸੀ। ਮੈਨੂੰ ਯਾਦ ਹੈ ਮੈਂ ਜਾਣ ਬੁੱਝ ਕੇ ਇਕ ਗੱਲ ਕਰਨ ਲੱਗਿਆ ਹਾਂ। ਜਦੋਂ ਮੈਂ ਆਪਣੀ ਐਮ.ਐਲ.ਏ. ਦੀ ਇਲੈਕਸ਼ਨ ਲੜਨੀ ਸੀ ਤੇ ਕਾਗਜ਼ ਭਰਨੇ ਸੀ ਤਾਂ ਮੈ ਆਪਣੇ ਪਿਤਾ ਜੀ ਦੇ ਕਾਗਜ਼ ਦੇਖ ਰਿਹਾ ਸੀ, ਜੋ ਇਸ ਹਾਊਸ ਦੇ ਸਪੀਕਰ ਵੀ ਰਹੇ ਹਨ, ਐਜੂਕੇਸ਼ਨ ਮੰਤਰੀ ਵੀ ਰਹੇ, ਸਰਦਾਰ ਹਰਚਰਨ ਸਿੰਘ ਅਜਨਾਲਾ। ਮੈਂ ਆਪਣੇ ਗਰੈਂਡ ਫਾਦਰ ਦਾ 1912 ਦਾ ਸਰਟੀਫਿਕੇਟ ਦੇਖਿਆ। ਉਹ ਉਸ ਸਮੇਂ ਆਪਣੇ ਪਿੰਡ ਵਿਚੋਂ ਪੈਦਲ ਤੁਰ ਕੇ ਅਜਨਾਲੇ ਆ ਕੇ ਪੜ੍ਹਦੇ ਹੁੰਦੇ ਸੀ। ਮੈਂ ਉਨ੍ਹਾਂ ਦਾ 8ਵੀਂ ਦਾ ਸਰਟੀਫਿਕੇਟ ਦੇਖਿਆ, ਉਨ੍ਹਾਂ ਨੂੰ ਸਟੇਟ ਲੈਵਲ ਤੇ ਵਜ਼ੀਫਾ ਮਿਲਿਆ ਸੀ। ਉਸ ਸਮੇਂ ਪੰਜਾਬ ਬਹੁਤ ਵੱਡਾ ਹੁੰਦਾ ਸੀ। ਉਹ ਖਾਲਸਾ ਕਾਲਜ ਗਏ, ਐਮ.ਏ. ਕੀਤੀ ਅਤੇ ਪੀ.ਸੀ.ਐਸ. ਅਫਸਰ ਬਣੇ। ਮੈਂ ਆਪਣੇ ਐਜੂਕੇਸ਼ਨ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੇਰੀ ਖਾਹਸ਼ ਹੈ ਕਿ ਸਾਡੇ ਪੰਜਾਬ ਵਿਚ ਐਜੂਕੇਸ਼ਨ ਦੇ ਮਿਆਰ ਨੂੰ ਉੱਚਾ ਚੁੱਕ ਦਿਓ। ਜਿੰਨੀ ਦੇਰ ਤੱਕ ਤੁਸੀਂ ਸਾਡੇ ਬੱਚਿਆਂ ਨੂੰ ਚੰਗਾ ਨਹੀਂ ਪੜ੍ਹਾਉਂਦੇ, ਉਨੀ ਦੇਰ ਤੱਕ ਉਨ੍ਹਾਂ ਨੂੰ ਚੰਗੀਆਂ ਨੌਕਰੀਆਂ ਨਹੀਂ ਮਿਲ ਸਕਦੀਆਂ। ਅੱਜ ਬਾਰਡਰ ਦੇ ਇਲਾਕੇ ਦੇ ਲੋਕਾਂ ਨੂੰ ਡਰੱਗਜ਼ ਦਾ ਬਹੁਤ ਵੱਡਾ ਰੋਗ ਚਿੰਬੜਿਆ ਹੋਇਆ ਹੈ। ਬੱਚੇ ਜਦੋਂ ਵਿਹਲੇ ਹੁੰਦੇ ਹਨ, ਕੰਮ ਨਹੀਂ ਮਿਲਦਾ, ਨੌਕਰੀ ਨਹੀਂ ਮਿਲਦੀ ਤਾਂ ਇਨ੍ਹਾਂ ਗਲਤ ਕੰਮਾਂ ਚ ਪੈਂਦੇ ਹਨ। ਅੱਜ ਸਰਕਾਰ ਉਪਰਾਲਾ ਕਰ ਰਹੀ ਹੈ ਅਤੇ ਸਕੂਲਾਂ ਦੇ ਮਿਆਰ ਨੂੰ ਵਧਾਉਣ ਲਈ ਸਮਾਰਟ ਸਕੂਲ ਬਣਾ ਰਹੀ ਹੈ। ਮੈਂ ਇਕ ਗੱਲ ਕਹਿਣੀ ਹੈ ਕਿ ਕੋਈ

Under Print
Not for Legal/Official use

ਸਮਾਂ ਸੀ, ਜਦੋਂ ਮੇਰੇ ਪਿਤਾ ਜੀ ਪਹਿਲੀ ਵਾਰ ਐਮ.ਐਲ.ਏ. ਬਣੇ, ਉਸ ਸਮੇਂ ਸਰਦਾਰ ਸੰਤੋਖ ਸਿੰਘ ਰੰਧਾਵਾ ਵੀ ਐਮ.ਐਲ.ਏ. ਬਣੇ। ਉਨ੍ਹਾਂ ਨੇ ਇਕੱਠਿਆਂ ਯਤਨ ਕਰਕੇ ਹੰਭਲਾ ਮਾਰਿਆ ਕਿ ਬਾਰਡਰ ਦਾ ਜਿਨਾ ਇਲਾਕਾ ਹੈ ਉਥੇ ਇਕ ਬਾਰਡਰ ਬੈਲਟ ਬਣਾ ਦਿੱਤੀ ਜਾਵੇ ਤੇ ਉਹ ਬਾਰਡਰ ਬੈਲਟ ਬਣੀ। ਸਿੱਖਿਆ ਅਤੇ ਹੈਲਥ ਵਿਭਾਗ ਵਿਚ ਬਾਰਡਰ ਅਲਾਊਂਸ ਦੇਣਾ ਸ਼ੁਰੂ ਕੀਤਾ ਗਿਆ। ਸਾਡੇ ਸ਼ਹਿਰਾਂ ਦੇ ਟੀਚਰ ਪਿੰਡਾਂ ਵਿਚ ਆ ਕੇ ਪੜ੍ਹਾਉਣ ਲੱਗ ਪਏ। ਮੰਤਰੀ ਜੀ, ਗੌਰ ਫੁਰਮਾਇਓ, ਸਾਡੇ ਪਿੰਡਾਂ ਦੇ ਸਕੂਲ ਜਿਥੇ ਪਹਿਲਾਂ ਟੀਚਰ ਨਹੀਂ ਲੱਭਦੇ ਸੀ, ਉਥੇ ਵਾਧੂ ਟੀਚਰ ਹੋਣ ਲੱਗ ਪਏ। ਅੱਜ ਦੇਖੋ, ਤੁਹਾਡੇ ਸਾਰੇ ਟੀਚਰ ਸ਼ਹਿਰਾਂ ਦੇ ਸਕੂਲਾਂ ਵਿਚ ਭਰੇ ਪਏ ਹਨ ਪਰ ਸਾਡੇ ਪਿੰਡਾਂ ਵਿਚ ਇਕ-ਇਕ ਟੀਚਰ ਹੈ। ਮੈਂ ਅਤੇ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਬੜੀ ਮੁਸ਼ਕਲ ਨਾਲ ਕੈਪਟਨ ਸਾਹਿਬ ਨਾਲ ਮੀਟਿੰਗ ਕਰਕੇ ਤਰਲਾ ਮਾਰਿਆ ਕਿ ਜੇ ਉਸ ਸਮੇਂ ਬਾਰਡਰ ਬੈਲਟ ਬਣ ਸਕਦੀ ਸੀ ਤੇ ਬਾਰਡਰ ਅਲਾਊਂਸ ਮਿਲ ਸਕਦਾ ਸੀ ਤਾਂ ਹੁਣ ਕਿਉਂ ਨਹੀਂ। ਅੱਜ ਸ਼ਹਿਰ ਵਾਲਿਆਂ ਨੂੰ ਐਕਸਟਰਾ ਅਲਾਊਂਸ ਮਿਲਦਾ ਹੈ ਪਰ ਸਾਡੇ ਬੱਚੇ ਟੀਚਰਾਂ ਤੋਂ ਵਾਂਝੇ ਹਨ। ਮੈਨੂੰ ਦੁੱਖ ਆਉਂਦਾ ਹੈ। ਮੇਰੀ ਗੱਲ ਤੇ ਗੌਰ ਕਰਿਓ "ਮੱਤ ਦਿੰਦਾ ਚੰਗਾ ਤੇ ਟੁੱਕ ਦਿੰਦਾ ਮੰਦਾ" ਮੈਂ ਥੋੜੀ ਜਿਹੀ ਡੂੰਘਾਈ ਵਿਚ ਗਿਆ ਕਿ ਇਹ ਕੀ ਲਿਖ ਦਿੱਤਾ? ਹਰ ਬੰਦੇ ਨੂੰ ਟੁੱਕ ਮਿਲ ਜਾਵੇ ਤਾਂ ਚੰਗਾ ਹੈ ਪਰ ਸ਼ਾਇਰ ਕਹਿੰਦਾ ਹੈ ਕਿ ਨਹੀਂ, ਰੋਟੀ ਦੇਣ ਨਾਲੋਂ ਰੋਟੀ ਕਮਾਉਣ ਜੋਗੀ ਅਕਲ ਦੇ ਦਿਓ, ਉਹ ਜ਼ਿਆਦਾ ਚੰਗੀ ਹੈ।(ਵਿੱਤ ਮੰਤਰੀ ਵੱਲੋਂ ਥੰਪਿੰਗ) ਮੈਂ ਇਹ ਗੱਲ ਤਾਂ ਕੀਤੀ ਹੈ ਕਿ ਅੱਜ ਹਰ ਵਿਅਕਤੀ ਨੂੰ ਚੰਗਾ ਪੜ੍ਹਨ ਲਿਖਣ ਦੀ ਲੋੜ ਹੈ ਕਿਉਂਕਿ ਮੈਂ ਅੱਜ ਇੱਥੇ ਤਾਂ ਖਲੋਤਾ ਹਾਂ ਕਿਉਂਕਿ ਮੈਨੂੰ ਚੰਗੀ ਐਜੂਕੇਸ਼ਨ ਮਿਲੀ ਹੈ। ਅੱਜ ਮੈਂ ਮਾਣ ਨਾਲ ਕਹਿੰਦਾ ਹਾਂ ਕਿ ਜਿਸ ਸਕੂਲ ਵਿਚ ਮੈਂ ਪੜ੍ਹਿਆ ਹਾਂ, ਉਸ ਸਕੂਲ ਵਿਚੋਂ ਪੰਜ ਐਮ.ਐਲ.ਏ. ਸਾਹਿਬਾਨ ਇਸ ਹਾਊਸ ਵਿਚ ਪਹੁੰਚੇ ਹਨ। ਮੈਂ ਬੜੇ ਮਾਣ ਨਾਲ ਇਹ ਗੱਲ ਕਹਿ ਰਿਹਾ ਹਾਂ। ਮੇਰੇ ਸਾਹਮਣੇ ਬੈਠੇ ਹਨ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ, ਸ਼੍ਰੀ ਕੰਵਰ ਸੰਧੂ, ਸਰਦਾਰ ਕੰਵਰਜੀਤ ਸਿੰਘ, ਸਰਦਾਰ ਫਤਿਹਜੰਗ ਸਿੰਘ ਬਜਾਵਾ। ਅਸੀਂ ਪੰਜ ਇੱਕੋ ਸਕੂਲ ਦੇ ਵਿੱਚ ਪੜ੍ਹੇ ਹੋਏ ਹਾਂ। ਚੰਗੀ ਐਜੂਕੇਸ਼ਨ ਮਿਲਣੀ ਚਾਹੀਦੀ ਹੈ। ਮੈਂ ਇਸ ਗੱਲ ਤੇ ਜਾਣ ਬੁਝ ਕੇ emphasise ਕਰਾਂਗਾ।

**ਸ਼੍ਰੀ ਅਮਨ ਅਰੋੜਾ:** ਸਕੂਲ ਦਾ ਨਾਮ ਤਾਂ ਦੱਸ ਦਿਓ।

**ਸਰਦਾਰ ਹਰਪ੍ਰਤਾਪ ਸਿੰਘ:** ਮੈਂ ਪੰਜਾਬ ਪਬਲਿਕ ਸਕੂਲ, ਨਾਭਾ ਵਿੱਚ ਪੜ੍ਹਿਆ ਹੋਇਆ ਹਾਂ। Maximum number of Colonels, Brigadiers, Major Generals and Lieutenant Generals are from our school. ਮੈਂ ਡਿਪਟੀ ਸਪੀਕਰ ਸਾਹਿਬ, ਪ੍ਰਾਇਮਰੀ ਐਜੂਕੇਸ਼ਨ ਤੇ ਫਿਰ ਆਉਂਦਾ ਹਾਂ। ਮੈਂ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ। ਇੱਥੇ ਮੇਰੇ ਬਹੁਤ ਹੀ ਸਤਿਕਾਰਯੋਗ

Under Print
Not for Legal/Official use

ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ। ਜਿਹੜੀ ਗੱਲ ਤੇ ਮੈਂ ਤੁਹਾਡਾ ਧਿਆਨ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਬਾਰਡਰ ਦਾ ਟੋਟਲ ਏਰੀਆ ਜਿਹੜਾ ਹੈ, ਉਹ ਇਸ ਗੱਲ ਦੀ ਦੁਹਾਈ ਦੇ ਰਿਹਾ ਹੈ, ਮੰਗ ਕਰ ਰਿਹਾ ਹੈ ਕਿ ਸਾਨੂੰ ਬਚਾ ਲਓ, ਸਾਡੇ ਬੱਚਿਆਂ ਨੂੰ ਪੜ੍ਹਾ ਦਿਓ। ਸਮੇਂ ਦੀ ਲੋੜ ਹੈ ਕਿ ਸਾਡੇ ਵੱਲ ਗੌਰ ਕਰੋ, ਸਾਡੇ ਵੱਲ ਧਿਆਨ ਦਿਓ। ਮੈਂ ਧੰਨਵਾਦ ਕਰਦਾ ਹੋਇਆ ਬਹੁਤਾ ਸਮਾਂ ਨਹੀਂ ਲੈਣਾ ਚਾਹੁੰਦਾ ਹਾਂ, ਜਾਣ-ਬੁੱਝ ਕੇ ਦਿੱਲੀ ਦੀ ਗੱਲ ਵੀ ਨਹੀਂ ਕੀਤੀ ਕਿਉਂਕਿ ਗੱਲ ਪ੍ਰਾਇਮਰੀ ਐਜੂਕੇਸ਼ਨ ਦੀ ਹੈ (ਥੰਪਿੰਗ) ਜਦੋਂ ਵੀ ਅਸੀਂ ਉਖੜਦੇ ਹਾਂ, ਉਦੋਂ ਹੀ ਰੌਲਾ ਪੈਂਦਾ ਹੈ।

**ਮਾਨਯੋਗ ਡਿਪਟੀ ਸਪੀਕਰ:** ਪਲੀਜ਼ ਅਜਨਾਲਾ ਜੀ, ਕਨਕਲੂਡ ਕਰੋ, ਟਾਈਮ ਸ਼ੌਰਟ ਹੈ।

**ਸਰਦਾਰ ਹਰਪ੍ਰਤਾਪ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਵਾਰ ਫਿਰ ਧੰਨਵਾਦ ਕਰਦਾ ਹੋਇਆ ਕਹਿੰਦਾ ਹਾਂ ਕਿ ਸਾਨੂੰ infrastructure ਦੀ ਲੋੜ ਹੈ, ਚੰਗੀਆਂ ਬਿਲਡਿੰਗਜ਼ ਦੀ ਲੋੜ ਹੈ, ਬੈਂਚਾਂ ਦੀ ਲੋੜ ਹੈ। ਸਾਰਿਆਂ ਨਾਲੋਂ ਵੱਧ ਲੋੜ ਟੀਚਰ ਸਾਹਿਬਾਨਾਂ ਦੀ ਹੈ, ਉਹ ਸਾਨੂੰ ਦੇ ਦਿਓ। ਬੱਚੇ ਸਾਡੇ ਪੜ੍ਹ ਜਾਣਗੇ। ਸਾਡੇ ਨੌਜਵਾਨ ਤਕੜੇ ਹਨ, physically ਬਹੁਤ strong ਹਨ। ਐਜੂਕੇਸ਼ਨ ਦੇ ਦਿਓ, ਕਿਤੇ ਨਾ ਕਿਤੇ ਉਹ ਨੌਕਰੀ ਲੈ ਲੈਣਗੇ। ਸਾਡੇ ਬਾਰਡਰ ਦਾ ਸਾਰਾ ਇਲਾਕਾ ਡਿਵੈਲਪ ਹੋ ਜਾਵੇਗਾ। ਇਨ੍ਹਾਂ ਸ਼ਬਦਾਂ ਦੇ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ):** ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਬਹੁਤ ਹੀ ਵਧੀਆ ਮਤਾ ਸਰਦਾਰ ਹਰਦਿਆਲ ਸਿੰਘ ਕੰਬੋਜ ਲੈ ਕੇ ਆਏ ਹਨ। ਇਸ ਮਤੇ ਤੇ ਵਿਚਾਰ ਚਰਚਾ ਹੋਈ ਤਾਂ ਕਿ ਸਰਕਾਰ ਨੂੰ ਕੋਈ ਦਿਸ਼ਾ ਮਿਲੇ। ਕੁਦਰਤੀ ਰੂਪ ਵਿੱਚ ਐਸੇ ਮਤੇ, ਐਸੀ ਚਰਚਾ ਦੇਣੀ ਸਹਾਇਕ ਸਿੱਧ ਹੁੰਦੀ ਹੈ। ਵੈਸੇ ਓਵਰਆਲ ਜਿਹੜੀ ਸਕੂਲ ਐਜੂਕੇਸ਼ਨ ਹੁੰਦੀ ਹੈ, ਕਿਸੇ ਮਨੁੱਖ ਦੀ ਸ਼ਖਸੀਅਤ ਘੜਣ ਦੇ ਵਿੱਚ ਅਹਿਮ ਹੁੰਦੀ ਹੈ ਪਰ ਜਿਹੜੀ ਪ੍ਰਾਇਮਰੀ ਤੇ ਸੈਕੰਡਰੀ ਐਜੂਕੇਸ਼ਨ ਹੁੰਦੀ ਹੈ, ਇਹ ਸਖਸ਼ੀਅਤ ਦੇ ਨਾਲ ਮਨੁੱਖ ਦੀ ਮਾਨਸਿਕਤਾ ਨੂੰ ਵੀ ਤਿਆਰ ਕਰਦੀ ਹੈ। ਸਭ ਤੋਂ important ਮੈਂ ਸਮਝਦਾ ਹਾਂ ਕਿ ਅੱਜ ਇਹ ਸਬਜੈਕਟ ਹੈ, ਜਿਸ ਤੇ ਆਪਾਂ ਚਰਚਾ ਕਰ ਰਹੇ ਹਾਂ। ਬਿਲਡਿੰਗਜ਼ ਦੀ ਗੱਲ ਕੀਤੀ ਜਾ ਰਹੀ ਹੈ ਕਿ ਉਸ ਦੇ ਲਈ ਮਾਸਟਰ ਪਲਾਨ ਤਿਆਰ ਕੀਤਾ ਜਾਵੇ। ਕੰਬੋਜ ਸਾਹਿਬ ਨੇ ਜੋ ਮਤਾ ਰੱਖਿਆ ਹੈ, ਇਸ ਦੇ

Under Print
Not for Legal/Official use

ਲਈ ਮੈਂ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ, ਧਿਆਨ ਨਾਲ ਗੌਰ ਫੁਰਮਾਣਾ, ਕਿ ਸਭ ਤੋਂ ਪਹਿਲਾਂ ਨਵੀਆਂ ਬਿਲਡਿੰਗਜ਼ ਤਿਆਰ ਕਰਨ ਦੇ ਲਈ ਪਹਿਲਾਂ ਜਿਹੜੀਆਂ ਪੁਰਾਣੀਆਂ ਬਿਲਡਿੰਗਜ਼ ਹਨ, ਉਨ੍ਹਾਂ ਨੂੰ ਅਨਸੇਫ ਡਿਕਲੇਅਰ ਕਰਨਾ ਪੈਂਦਾ ਹੈ। ਇਨ੍ਹਾਂ ਬਿਲਡਿੰਗਾਂ ਨੂੰ ਅਨਸੇਫ ਡਿਕਲੇਅਰ ਕਰਨ ਲਈ ਐਜੂਕੇਸ਼ਨ ਡਿਪਾਰਟਮੈਂਟ ਜਾਂਦਾ ਹੈ ਪਰ ਉਹ ਬਿਲਡਿੰਗਾਂ ਪੀ.ਡਬਲਿਊ ਡਿਪਾਰਟਮੈਂਟ ਦੇ ਕੋਲ ਹਨ, ਇਸ ਤਰ੍ਹਾਂ ਇਹ ਪ੍ਰੋਸੀਜਰ ਹੀ ਬਹੁਤ ਲੰਮਾ ਬਣ ਜਾਂਦਾ ਹੈ। ਮੇਰਾ ਇੱਕ ਸੁਝਾਅ ਹੈ ਕਿ ਸਿੱਖਿਆ ਵਿਭਾਗ ਦੇ ਵਿੱਚ ਹੀ ਇੱਕ ਅਜਿਹਾ ਸੈੱਟ-ਅਪ ਤਿਆਰ ਕੀਤਾ ਜਾਵੇ, ਉਸ ਕੋਲ ਹੀ ਇਹ ਰਾਈਟ ਹੋਣ ਕਿ ਉਹ ਆਪਣੀਆਂ ਬਿਲਡਿੰਗਜ਼ ਨੂੰ safe or unsafe ਜੱਜ ਕਰ ਸਕਣ, ਕਿਉਂਕਿ ਬੱਚਿਆਂ ਨੇ ਪੜ੍ਹਣਾ ਹੈ ਅਤੇ ਇੰਨਾ ਲੰਮਾ ਸਮਾਂ ਬੱਚੇ ਅਨਸੇਫ ਡਿਕਲੇਅਰ ਕਰਨ ਦੇ ਪ੍ਰੋਸੈਸ ਦੇ ਰਿਸਕ ਦੇ ਵਿੱਚੋਂ ਨਿਕਲਦੇ ਹਨ। ਇਹ ਮੇਰਾ ਸੁਝਾਅ ਹੈ। ਡਿਪਟੀ ਸਪੀਕਰ ਸਾਹਿਬ, ਦੂਜੀ ਗੱਲ, ਅੱਜ ਆਪਾਂ 40 ਸਟੂਡੈਂਟਸ ਦਾ ਸੈਕਸ਼ਨ ਰੱਖਦੇ ਹਾਂ। Primary or Elementary Education ਦੇ ਵਿੱਚ ਬੱਚੇ ਤੇ concentrate ਕਰਨ ਦੀ ਜ਼ਰੂਰਤ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਇੱਕ ਟੀਚਰ ਦੇ ਲਈ 40 ਬੱਚੇ ਜ਼ਿਆਦਾ ਹਨ, ਇਸ ਦੀ limitation 25 ਬੱਚਿਆਂ ਦੀ ਕਰ ਦੇਣੀ ਚਾਹੀਦੀ ਹੈ। Concentration 25 ਤੋਂ 30 ਬੱਚਿਆਂ ਦੇ ਵਿੱਚ ਹੋ ਸਕਦੀ ਹੈ। ਤੀਜੀ ਗੱਲ ਇਹ ਹੈ ਕਿ recruitment ਕੀਤੀ ਜਾਵੇ। ਟੀਚਰ ਬੇਰੁਜ਼ਗਾਰ ਹਨ ਅਤੇ ਸਕੂਲਾਂ ਵਿੱਚ ਪੜ੍ਹਾਉਣ ਲਈ ਟੀਚਰ ਨਹੀਂ ਹਨ। ਇਹ ਇੱਕ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਵੀ ਹੈ ਅਤੇ ਇਸ ਗੱਲ ਦੀ ਲੋੜ ਵੀ ਹੈ। ਵੈਸੇ ਤਾਂ ਨਾਗਰਾ ਸਾਹਿਬ ਨੇ ਇੱਕ ਪ੍ਰਾਪਤੀ ਦੇ ਰੂਪ ਵਿੱਚ ਦੱਸ ਕੇ ਸਾਰੀ ਗੱਲ ਹੀ ਮੁਕਾ ਦਿੱਤੀ।

**ਮਾਨਯੋਗ ਡਿਪਟੀ ਸਪੀਕਰ :** ਹੁਣ ਸਦਨ ਸੋਮਵਾਰ, ਮਿਤੀ 24 ਫਰਵਰੀ, 2020 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ ।

*4.25 ਵਜੇ ਬਾਅਦ ਦੁਪਹਿਰ) (ਇਸ *ਉਪਰੰਤ ਸਦਨ ਸੋਮਵਾਰ, ਮਿਤੀ 24 ਫਰਵਰੀ, 2020 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ ।

Under Print
Not for Legal/Official use

© 2020

Published under the authority of the Punjab Vidhan Sabha and printed by the……….